ਮੌਤ ਦੀ ਕਲਾ

ਲੇਖਕ-

ਸੰਤਰੇਨ ਗਿਆਨੀ ਸੁਖਬੀਰ ਸਿੰਘ

ਪ੍ਰਕਾਸ਼ਕ:

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

MAUT DI KALA

By Santren Gyani Sukhbir Singh Ji

ISBN : 81-7601-274-2

ਦੂਜੀ ਵਾਰ 2002
ਤੀਜੀ ਵਾਰ ਫਰਵਰੀ 2004

ਮੁੱਲ : 150-00

ਪ੍ਰਕਾਸ਼ਕ:
ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974, 2557973
ਫੈਕਸ : (0183) 2557973
E-mail : csjs@jla.vsnl.net.in
Visit our Website : www.csjs.com

Printed in India 1000

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ਸਮਰਪਣ

ਇਹ ਪਵਿੱਤਰ ਪੁਸਤਕ ਉਸ ਪਿਆਰੀ ਗੁਰਬਖਸ਼ੀ ਰੂਹ,
ਸਰਦਾਰਨੀ– ਕਮਲੇਸ਼ ਕੌਰ
ਦੀ ਪਵਿੱਤਰ ਸੇਵਾ ਨੂੰ ਸਮਰਪਤ ਹੈ, ਜਿਨ੍ਹਾਂ ਨੇ **U.K.** ਵਿਚ ਰਹਿੰਦਿਆਂ
ਇਸ ਪੁਸਤਕ ਨੂੰ ਪੰਜਾਬੀ ਤੋਂ ਇੰਗਲਿਸ਼ ਕਰਕੇ ਉਨ੍ਹਾਂ ਅਧਿਆਤਮਕ
ਪਾਂਧੀਆਂ ਦੀ ਸੇਵਾ ਕੀਤੀ ਹੈ, ਜਿਹੜੇ ਬਾਹਰਲੇ ਦੇਸ਼ਾਂ ਦੇ
ਜੰਮ ਪਲ ਹਨ ਤੇ ਪੰਜਾਬੀ ਪੜ੍ਹ ਨਹੀਂ ਸਕਦੇ।

ਸੰਤਰੇਨ

Dedication

This book is dedicated to immaculate services of a noble soul, ***Respected Sardarni Kamlesh Kaur Sukh,*** who was so influenced and impressed while studying this book that she for the sake of non-punjabi's, rendered it into English herself and also helped in recovering it in C.D Cassettes. So that English world could also perceive the pioris and holy thoughts of this book.

Santren

ਮੁੱਖ ਬੰਦ

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਪਰਮ ਪਵਿਤਰ ਸਾਧ ਸੰਗਤ ਜੀਓ! ਆਪ ਜੀ ਦੀ ਸੇਵਾ ਵਿਚ ਗਿ: ਸੁਖਬੀਰ ਸਿੰਘ ਜੀ ਸੰਤਰੇਨ ਨੇ ਬਹੁਤ ਸਾਰੀਆਂ ਪੁਸਤਕਾਂ ਭੇਟ ਕੀਤੀਆਂ ਹਨ ਜਿਨ੍ਹਾਂ ਵਿਚ ਕਾਲ ਦੀ ਕਲਾ ਨਾਮੀ ਪੁਸਤਕ ਵੀ ਆਪ ਦੇ ਸਨਮੁਖ ਹੈ ਕਾਲ ਵੀ ਅਕਾਲ ਦੀ ਮਹਾਨ ਸ਼ਕਤੀ ਹੈ ਜਿਸ ਤੋਂ ਸਾਰੇ ਲੋਕ ਥਰ ਥਰ ਕੰਬਦੇ ਹਨ। ਕਾਲ ਦੇ ਬਹੁਤ ਸਾਰੇ ਅਰਥ ਹਨ ਕਾਲ ਪ੍ਰਮਾਣ, ਸਮਾਂ, ਯਮਰਾਜ, ਦੁਰਭਿਖ, ਕਾਲਖ, ਜਨਮ, ਆਉਣ ਵਾਲਾ ਦਿਨ, ਭੂਤ, ਭਵਿਖਤ, ਵਰਤਮਾਨ, ਮਉਤ=ਮ+ਉਤ=ਮਾ=ਮਾਇਨੇ ਮਰਨਾ, ਉਤ=ਜਨਮਣਾ=ਦੋ ਸ਼ਬਦਾਂ ਦੇ ਸੁਮੇਲ ਤੋਂ ਮਉਤ ਅੱਖਰ ਬਣਿਆ ਹੈ, ਹਰ ਸਿਮਰਤ ਕਾਂਟ ਸੈ ਕਾਲ ਕਾਲ ਕੈ ਫਾਸਿ ਸਕਤਿ ਸਰੁ ਸਾਂਧਿਆ, ਕਾਲ ਗਵਾਇਆ ਕਰਤੈ ਆਪਿ, ਕਾਲ ਕ੍ਰਿਪਾਲੁ ਹਿਯੈ ਨ ਚਿਤਾਰਯੋ, ਕਾਲ ਮਤਿ ਲਾਗੀ, ਨਿੰਦਕ ਕੈ ਮੁਖ ਹੋਇ ਕਾਲ, ਕਾਲ ਬਿਕਾਲ ਸਬਦਿ ਭਏ ਨਾਸ, ਜੋ ਉਪਜਿਓ ਸੋ ਬਿਨਸ ਹੈ ਪਰੋ ਆਜ ਕੈ ਕਾਲ ਵਿਆਕਰਣ ਅਨੁਸਾਰ ਕਿਰਿਆ ਦੇ ਵਾਪਰਨ ਦਾ ਸਮਾਂ ਜੋ ਅਕਾਲ ਦੀ ਸ਼ਰਨ ਵਿਚ ਆਏ ਹਨ ਉਨ੍ਹਾਂ ਨੇ ਜਨਮ ਮਰਨ ਤੇ ਬਿਜੈ ਪ੍ਰਾਪਤ ਕੀਤੀ ਹੈ ਇਸ ਮੌਤ ਦੀ ਕਲਾ (ਸ਼ਕਤੀ) ਦੇ ਡਰ ਤੋਂ ਬਚਣ ਲਈ ਕਿਤਨੇ ਰਾਵਣ, ਹਰਣਾਕਸ਼, ਸਿਕੰਦਰ, ਅਫਲਾਤੂਨ ਆਦਿਕਾਂ ਨੇ ਯਤਨ ਕੀਤੇ ਲੇਕਿਨ ਨਿਸਫਲ ਗਏ ਬਲਕਿ ਤਿੰਨੇ ਮੁਖੀ ਦੇਵਤੇ ਵੀ ਸਮੇਂ ਨਾਲ ਇਸ ਫਾਨੀ ਸੰਸਾਰ ਤੋਂ ਬਾਕੀ ਲੋਕਾਂ ਵਾਂਗ ਕੂਚ ਕਰ ਗਏ ਹਨ ਜਿਸ ਵਿਅਕਤੀ ਨੂੰ ਪਰਮਾਤਮਾ ਔਰ ਮੌਤ ਦਾ ਡਰ ਹੈ ਔਰ ਪ੍ਰਮੇਸ਼ਵਰ ਦੀ ਬੰਦਗੀ ਕਰਦਾ ਹੈ ਉਹ ਬੁਰਾਈ ਤੋਂ ਰਹਿਤ ਹੋ ਕੇ ਆਤਮ ਗਿਆਨ ਦੀ ਪ੍ਰਾਪਤੀ ਕਰਕੇ ਲੋਕ ਪ੍ਰਲੋਕ ਦੀ ਯਾਤਰਾ ਸਫਲ ਕਰ ਲੈਂਦਾ ਹੈ ਗਿਆਨੀ ਜੀ ਨੇ ਬੇਅੰਤ ਦ੍ਰਿਸ਼ਟਾਂਤਾਂ ਪ੍ਰਮਾਣਾਂ ਨਾਲ ਕਾਲ (ਮੌਤ) ਦੀ ਕਲਾ ਦਾ ਵਰਨਣ ਕੀਤਾ ਹੈ ਕਿ ਐ ਮਨੁੱਖ! ਇਸ ਸ਼ਕਤੀ ਨੂੰ ਸਦਾ ਯਾਦ ਰਖ ਜਿਸ ਨੇ ਵਡਿਆਂ ਵਡਿਆਂ ਦਾ ਹੰਕਾਰ ਚਕਨਾ ਚੂਰ ਕਰ ਦਿੱਤਾ। ਦੁਨੀਆਂ ਵਿਚ ਹਰਿ ਕੇ ਗੁਰਮੁਖਾਂ ਵਾਲਾ ਜੀਵਨ ਬਤੀਤ ਕਰ ਅਤੇ ਜਿਸ ਕਾਰਜ ਲਈ ਮਨੁੱਖਾ ਜਨਮ ਮਿਲਿਆ ਹੈ ਨਾਮ ਜਪ ਕੇ ਸੇਵਾ ਸਤਸੰਗ ਕਰਕੇ ਸਫਲ ਕਰ ਲੈ ਇਸ ਪੁਸਤਕ ਨੂੰ ਪੜ੍ਹ ਕੇ ਜੋ ਮੌਤ ਦੇ ਬਾਰ-ਬਾਰ ਦੇ ਭੈ ਤੋਂ ਬਚਣਾ ਚਾਹੁੰਦੇ ਹਨ ਉਹ ਅਕਾਲ ਦੀ ਸ਼ਰਨ ਗ੍ਰਹਣ ਕਰਨ ਜਿਨ੍ਹਾਂ ਨੇ ਅਕਾਲ ਦੀ ਸ਼ਰਨ ਗ੍ਰਹਣ ਕਰਕੇ ਨਾਮ ਦੀ ਕਮਾਈ ਕੀਤੀ ਉਹ ਜਨਮ ਮਰਨ ਤੋਂ ਰਹਿਤ ਹੋ ਗਏ ਹਨ ਉਨ੍ਹਾਂ ਵਾਸਤੇ ਬਾਣੀ ਕਹਿੰਦੀ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

(ਪੰਨਾ ੭੪੯)

ਅਗਰ ਇਸ ਪੁਸਤਕ ਦੀ ਵੀਚਾਰ ਤੋਂ ਜਿਨ੍ਹਾਂ ਨੇ ਐਸੀ ਅਵਸਥਾ ਪ੍ਰਾਪਤ ਦਾ ਯਤਨ ਕੀਤਾ ਹੈ ਜਾਂ ਜੀਵਨ ਸਫਲ ਕਰ ਲਿਆ ਹੈ ਮੈਂ ਸਮਝਾਂਗਾ ਕਿ ਗਿਆਨੀ ਜੀ ਦਾ ਕੀਤਾ ਉਦਮ ਸਫਲ ਹੋ ਗਿਆ ਹੈ। ਆਸ ਹੈ ਆਪ ਜੀ ਇਸ ਪੁਸਤਕ ਤੋਂ ਲਾਭ ਲੈਣ ਦੀ ਕੋਸ਼ਿਸ਼ ਕਰੋਗੇ।

ਆਪ ਜੀ ਦਾ ਹਿਤੂ

ਸੰਤ ਜਗਜੀਤ ਸਿੰਘ ਹਰਖੋਵਾਲ

ਦੋ ਸ਼ਬਦ

ਜਿਸ ਕਲਾ ਦੁਆਰਾ ਪ੍ਰਭੂ ਇਸ ਸ੍ਰਿਸ਼ਟੀ ਨੂੰ ਸਦਾ ਨਵਾਂ ਰਖਦਾ ਹੈ, ਉਸ ਕਲਾ ਦਾ ਨਾਮ, "ਮੌਤ " ਹੈ। ਮੌਤ ਦੁਆਰਾ ਪੁਰਾਣੇ ਜੀਅ ਜੰਤੂ, ਬ੍ਰਿੱਛ, ਪੱਥਰ ਅਤੇ ਮਨੁੱਖ ਵੀ ਚਲੇ ਜਾਂਦੇ ਹਨ ਅਤੇ ਉਹਨਾਂ ਦੀ ਥਾਂ ਨਵੇਂ ਆ ਜਾਂਦੇ ਹਨ। ਪਰ ਨਵੇਂ ਆਉਣ ਨਾਲ ਖੁਸ਼ੀ ਹੁੰਦੀ ਹੈ ਪੁਰਾਣੇ ਜਾਣ ਨਾਲ ਗ਼ਮੀ ਉਤਪੰਨ ਹੁੰਦੀ ਹੈ। ਇਸ ਸੰਸਾਰ ਵਿਚ ਇਸ ਖੁਸ਼ੀ ਗ਼ਮੀ ਦੇ ਆਉਣ ਜਾਣ ਵਿਚ "ਮੌਤ" ਦਾ ਬਹੁਤ ਵੱਡਾ ਕਾਰਜ ਹੈ। ਮੌਤ ਕੋਈ ਅਨਹੋਣੀ ਘਟਨਾ ਨਹੀਂ ਹੈ, ਮੌਤ ਕਰਤਾ ਪੁਰਖ ਦਾ ਉਹ ਨਿਯਮ ਹੈ, ਜਿਸ ਦੁਆਰਾ ਉਹ ਸੰਸਾਰ ਦੇ ਵਹਿਣ ਨੂੰ ਸਦਾ ਸਾਫ਼ ਰਖਦਾ ਹੈ। ਇਸ ਸੰਸਾਰ ਰੂਪੀ ਵਹਿਣ ਦੇ ਦੋ ਕਿਨਾਰੇ ਉਸ ਪ੍ਰਭੂ ਨੇ ਬਣਾਏ ਹਨ, ਜਿਨ੍ਹਾਂ ਦਾ ਨਾਮ ਹੈ "ਸੰਜੋਗ ਤੇ ਵਿਯੋਗ"। ਸੰਜੋਗ ਖੁਸ਼ੀਆਂ ਪ੍ਰਦਾਨ ਕਰਦਾ ਹੈ ਅਤੇ ਵਿਯੋਗ ਗ਼ਮੀਆਂ। "ਮੌਤ" ਉਹ ਨਿਯਮ ਹੈ, ਜਿਹੜਾ ਇਸ ਸੰਜੋਗ ਵਿਯੋਗ ਦੇ ਕਿਨਾਰਿਆਂ ਵਿਚਕਾਰ ਵਹਿ ਰਿਹਾ ਪਾਣੀ ਹੈ। ਅਗਰ ਉਹ ਪਾਣੀ ਰੁੱਕ ਜਾਏ ਤਾਂ ਨਦੀ ਖਤਮ ਹੋ ਜਾਂਦੀ ਹੈ। ਇਸ ਸੰਸਾਰ ਵਿਚ ਮੌਤ ਤੋਂ ਹਰ ਜੀਵ ਡਰਦਾ ਹੈ। ਇਸ ਸ੍ਰਿਸ਼ਟੀ ਦੇ ਹਰ ਜੀਵ ਦੀ ਅੰਦਰਲੀ ਮੰਗ ਜੀਵਨ ਹੈ, ਮੌਤ ਨਹੀਂ।

ਮੈਂ ਕਈ ਵਾਰ ਮਨ ਹੀ ਮਨ ਵਿਚ ਅਨੁਭਵ ਕੀਤਾ ਹੈ ਕਿ ਕਾਸ਼! ਪ੍ਰਭੂ "ਮੌਤ" ਨਾਮ ਦਾ ਕੋਈ ਨਿਯਮ ਨਾ ਬਣਾਉਂਦਾ। ਕੇਵਲ ਜੀਵਨ ਬਣਾਉਂਦਾ। ਮੌਤ ਕੋਲੋਂ ਹਰ ਕੋਈ ਡਰਦਾ ਹੈ। ਜੇ ਮੌਤ ਦਾ ਨਿਯਮ ਇਸ ਸੰਸਾਰ ਵਿਚ ਨਾ ਹੁੰਦਾ ਤਾਂ ਪਤਾ ਹੈ, ਫਿਰ ਕੀ ਹੋਣਾ ਸੀ? ਫਿਰ ਉਹੋ ਹੀ ਹੋਣਾ ਸੀ, ਜਿਵੇਂ ਅਸੀਂ ਕਿਸੇ ਚਲਦੀ ਹੋਈ ਨਦੀ ਨੂੰ ਰੋਕ ਲਈਏ, ਹਰ ਨਦੀ ਨੇ ਸਮੁੰਦਰ ਵਲ ਸੈਭੰ ਹੀ ਜਾਣਾ ਹੈ। ਨਦੀ ਦੇ ਪਾਣੀ ਨੂੰ ਰੋਕ ਲਿਆ ਜਾਵੇ। ਪਿਛੋਂ ਪਾਣੀ ਹੜ੍ਹ ਬਣ ਕੇ ਆਉਂਦਾ ਜਾਵੇ। ਫਿਰ ਉਹੀ ਪਾਣੀ ਜਿਹੜਾ ਜੀਵਨ ਪ੍ਰਦਾਨ ਕਰਦਾ ਹੈ, ਉਹ ਇਸ ਸੰਸਾਰ ਨੂੰ ਨਰਕ ਬਣਾ ਕੇ ਰੱਖ ਦੇਵੇਗਾ।

ਸੰਜੋਗ ਵਿਯੋਗ ਦੇ ਕਿਨਾਰਿਆਂ ਵਿਚ ਜਿਹੜੀ ਜੀਵਨ ਦੀ ਨਦੀ ਵਹਿੰਦੀ ਹੈ, ਉਸ ਨੂੰ ਮੌਤ ਦੀ ਕਲਾ ਹੀ ਸਾਫ਼ ਰਖਦੀ ਹੈ। ਇਸ ਸੰਸਾਰ ਵਿਚ ਸੰਜੋਗ ਦੁਆਰਾ ਸਾਡਾ ਮੇਲ ਹੋਇਆ ਹੈ ਅਤੇ ਨਦੀਆਂ ਦੇ ਵਹਿਣ ਵਾਂਗ ਸਾਡਾ ਜੀਵਨ ਬਤੀਤ ਹੋ ਰਿਹਾ ਹੈ। ਜਿਹੜਾ ਪਾਣੀ ਨਦੀ ਵਿਚੋਂ ਅੱਜ ਵਹਿ ਰਿਹਾ ਹੈ, ਇਸ ਨੇ ਦੁਬਾਰਾ ਨਹੀਂ ਆਉਣਾ। ਜਿਹੜਾ ਜੀਵਨ ਅੱਜ ਗੁਜਰ ਰਿਹਾ ਹੈ, ਉਹ ਦੁਬਾਰਾ ਨਹੀਂ ਆਉਣਾ।

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥
ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ॥ *(ਭਗਤ ਕਬੀਰ, ਪੰਨਾ ੪੩੯)*

ਇਸ ਹੱਥਲੀ ਪੁਸਤਕ ਦਾ ਨਾਮ ਮੈਂ "ਮੌਤ ਦੀ ਕਲਾ" ਰਖਿਆ ਹੈ। ਮੌਤ ਕੀ ਹੈ ? ਇਸ ਦਾ ਜੀਵਨ ਨਾਲ ਕੀ ਸਬੰਧ ਹੈ? ਇਹ ਕਿੰਨੀ ਮਹੱਤਵ ਪੂਰਨ ਹੈ? ਮੌਤ ਦੁਆਰਾ ਅੰਮ੍ਰਿਤ

ਤਕ ਕਿਵੇਂ ਪਹੁੰਚਿਆ ਜਾ ਸਕਦਾ ਹੈ? ਇਹ ਸਾਰੇ ਸੁਆਲਾਂ ਦਾ ਜੁਆਬ ਮੈਂ, ਗੁਰਮਤਿ ਦੀ ਰੌਸ਼ਨੀ ਵਿਚ ਰਹਿ ਕੇ ਇਸ ਪੁਸਤਕ ਦੁਆਰਾ ਦੇਣ ਦਾ ਯਤਨ ਕੀਤਾ ਹੈ।

ਵੈਸੇ ਮੈਂ ਲਿਖਾਰੀ ਨਹੀਂ ਸਾਂ। ਪਰ ਸ਼ਹਿਰ ਦੇ ਪਾਠਕਾਂ ਦੇ ਪਿਆਰ ਅਤੇ ਸਹਿਯੋਗੀ ਸਜਣਾਂ ਦੇ ਸਹਿਯੋਗ ਨੇ ਮੈਨੂੰ ਅਧਿਆਤਮਕ ਲਿਖਾਰੀ ਬਣਾ ਦਿੱਤਾ ਹੈ। ਗੁਰਬਾਣੀ ਵਿਆਖਿਆ ਕਰਨ ਦੇ ਸਬੰਧ ਵਿਚ ਦੇਸ਼ਾਂ ਵਿਦੇਸ਼ਾਂ ਦੇ ਸਰੋਤੇ ਸਜਣਾਂ ਨੇ ਪਹਿਲਾਂ ਪਹਿਲਾਂ ਪ੍ਰੇਰਣਾ ਦਿੱਤੀ ਸੀ ਕਿ, ਜੋ ਵਿਚਾਰ ਸਟੇਜ ਤੋਂ ਦਰਸਾਉਂਦੇ ਹੋ, ਉਹਨਾਂ ਵਿਚਾਰਾਂ ਨੂੰ ਲਿਖਤੀ ਰੂਪ ਵੀ ਦਿਉ। ਤਾਂ ਆਪਣੇ ਪ੍ਰੇਮ ਕਰਨ ਵਾਲਿਆਂ ਦੀ ਚਾਹਤ ਪੂਰੀ ਕਰਨ ਵਾਸਤੇ, ਇੰਗਲੈਂਡ ਵਿਚ ਪ੍ਰਚਾਰਕ ਫੇਰੀ ਦੇ ਦੌਰਾਨ ਹੀ, ੧੯੯੪ ਵਿਚ, "ਇਕ ਸੌ ਅੱਠ ਮਣਕੇ" ਨਾਮੀ ਪੁਸਤਕ ਲਿਖ ਕੇ ਸਰੋਤਿਆਂ ਦੀ ਭੇਟ ਕੀਤੀ। ਉਸ ਪੁਸਤਕ ਨੂੰ ਸੰਗਤਾਂ ਨੇ ਬੜਾ ਸਲਾਹਿਆ ਅਤੇ ਮਾਣ ਦਿੱਤਾ। ਹਾਲਾਂਕਿ ਉਹ ਪਹਿਲੀ ਪੁਸਤਕ ਮੈਂ ਸਰੋਤਿਆਂ ਦੀ ਤਸੱਲੀ ਮੁਤਾਬਕ ਨਹੀ ਸਾਂ ਲਿਖ ਸਕਿਆ, ਪਰ ਫਿਰ ਸਮੇਂ ਨਾਲ ਦਾਸ ਦੀ ਲੇਖਣੀ ਨੂੰ ਵੀ ਗੁਰੂ ਕ੍ਰਿਪਾ ਦੁਆਰਾ ਪਾਠਕਾਂ ਨੇ ਪ੍ਰਵਾਨ ਕਰ ਲਿਆ ਹੈ। ਫਿਰ ਹਰ ਸਾਲ ਲੜੀ ਵਾਰ ਅਧਿਆਤਮਕ ਪੁਸਤਕਾਂ ਆਪ ਦੀ ਭੇਟ ਕਰਨ ਦਾ ਨਿਮਾਣਾ ਯਤਨ ਕਰ ਰਿਹਾ ਹੈ। "ਕੁਦਰਤ ਦੀ ਕਲਾ" ਮੇਰੀ ਦੂਜੀ ਪੁਸਤਕ ਦੋ ਭਾਗਾਂ ਵਿਚ ਸੀ ਜਿਸ ਨੂੰ ਚੰਗਾ ਮਾਣ ਮਿਲ ਗਿਆ ਸੀ। "ਗੁਰੂ ਦੀ ਕਲਾ" ਤੀਜੀ ਪੁਸਤਕ ਸੀ। "ਗੁਰਮਤਿ ਦੀ ਕਲਾ" (ਗੁਰ ਸਿੱਖ ਸੰਵਾਦ) ਚੌਥੀ ਪੁਸਤਕ ਸੀ। "ਮਾਇਆ ਦੀ ਕਲਾ" ਪੰਜਵੀਂ ਪੁਸਤਕ ਸੀ।

ਹੁਣ ਆਪ ਦੇ ਹੱਥਾਂ ਵਿਚ ਇਹ ਛੇਵੀਂ ਪੁਸਤਕ "ਮੌਤ ਦੀ ਕਲਾ" ਭੇਟ ਕਰ ਰਿਹਾ ਹਾਂ। ਵਿਦੇਸ਼ੀ ਦੌਰਿਆਂ ਦੌਰਾਨ ਮੇਰੇ ਕੋਲੋਂ ਜ਼ਿਆਦਾ ਸਮਾਂ ਇਸ ਪੁਸਤਕ ਵਲ ਨਹੀਂ ਦਿੱਤਾ ਗਿਆ। ਹੋ ਸਕਦਾ ਹੈ ਕਿ ਅਨੇਕਾਂ ਪ੍ਰਕਾਰ ਦੀਆਂ ਤਰੁਟੀਆਂ ਰਹਿ ਗਈਆਂ ਹੋਣ। ਆਪ ਸਭ ਤੋਂ ਮੁਆਫੀ ਦਾ ਹੱਕਦਾਰ ਹਾਂ।

ਮੇਰੀ ਦਿਲੀ ਅਰਦਾਸ ਹੈ ਕਿ ਇਹ ਪੁਸਤਕ, "ਮੌਤ ਦੀ ਕਲਾ" ਪਾਠਕਾਂ ਨੂੰ ਮੌਤ ਬਾਰੇ ਪੂਰਨ ਗਿਆਨ ਪ੍ਰਦਾਨ ਕਰਨ ਵਿਚ ਸਹਾਈ ਹੋਵੇ, ਤਾਂ ਕਿ ਹਰ ਮਨੁੱਖ ਉਹ ਅੰਤਮ ਦਿਨ ਆਉਣ ਤੋਂ ਪਹਿਲਾਂ ਹੀ ਆਪਣੀ ਤਿਆਰੀ ਕਰ ਸਕੇ।

ਆਪ ਸਭ ਦਾ-

ਸੰਤਰੇਨ ਗਿਆਨੀ ਸੁਖਬੀਰ ਸਿੰਘ
ਲਿੰਕ ਰੋਡ, ਮਿੱਠਾਪੁਰ ਤੋਂ ਖੁਰਲਾ ਕਿੰਗਰਾ,
ਡਾਕਖਾਨਾ ਖੁਰਲਾ ਕਿੰਗਰਾ,
ਜਲੰਧਰ (ਪੰਜਾਬ) ਇੰਡੀਆ।
ਟੈਲੀਫੋਨ-0181- 273174

ਤਤਕਰਾ

ਮੌਤ ਅਤੇ ਮੌਤ ਦੀ ਕਲਾ	9
ਜੀਵਨ ਅਰੰਭ ਤੇ ਮੌਤ ਦੀ ਕਲਾ	24
ਹਉਮੈ ਦਾ ਜਨਮ ਅਤੇ ਮੌਤ ਦੀ ਕਲਾ	31
ਮਨ ਦਾ ਜਨਮ ਤੇ ਮੌਤ ਦੀ ਕਲਾ	36
ਕਰਮ ਅਤੇ ਮੌਤ ਦੀ ਕਲਾ	43
ਪੁੰਨ ਪਾਪ ਅਤੇ ਮੌਤ ਦੀ ਕਲਾ	51
ਫਰਿਸ਼ਤੇ ਅਤੇ ਮੌਤ ਦੀ ਕਲਾ	58
ਮਨੁੱਖ ਤੇ ਮੌਤ ਦੀ ਕਲਾ	64
ਯਮਰਾਜ ਅਤੇ ਮੌਤ ਦੀ ਕਲਾ	66
ਜਨਮ ਚੱਕਰ ਅਤੇ ਮੌਤ ਦੀ ਕਲਾ	71
ਨਰਕ ਸੁਰਗ ਤੇ ਮੌਤ ਦੀ ਕਲਾ	76
ਜੀਵਨ ਸਫਰ ਤੇ ਮੌਤ ਦੀ ਕਲਾ	98
ਮਾਨਸ ਜਨਮ ਅਤੇ ਮੌਤ ਦੀ ਕਲਾ	102
ਧਾਰਮਿਕ ਲੋਕ ਤੇ ਮੌਤ ਦੀ ਕਲਾ	109
ਸੁਰਤ ਅਤੇ ਮੌਤ ਦੀ ਕਲਾ	136
ਜਵਾਨੀ ਤੇ ਮੌਤ ਦੀ ਕਲਾ	142
ਬੁਢੇਪਾ ਅਤੇ ਮੌਤ ਦੀ ਕਲਾ	161
ਜੀਵਨ ਸੀਮਾ ਅਤੇ ਮੌਤ ਦੀ ਕਲਾ	174
ਹਉਮੈ ਦੀ ਹੱਦ ਅਤੇ ਮੌਤ ਦੀ ਕਲਾ	181
ਸ਼ੈਤਾਨ ਤੇ ਮੌਤ ਦੀ ਕਲਾ	194

ਮੌਤ ਅਤੇ ਮੌਤ ਦੀ ਕਲਾ

ਬਾਬਾ ਫਰੀਦ ਸਾਹਿਬ ਜੀ ਨੇ ਆਪਣੀ ਬਾਣੀ ਦੁਆਰਾ ਇਕ ਬੜੀ ਅਟੱਲ ਸਚਾਈ ਵਰਨਣ ਕੀਤੀ ਹੈ। ਮਨੁੱਖ ਦੀ ਬੁਨਿਆਦ ਮਨੁੱਖ ਦੀ ਜ਼ਿੰਦਗੀ ਹੈ। ਪਰ ਮਨੁੱਖ ਬੜੇ ਭਰਮ ਭੁਲੇਖੇ ਵਿੱਚ ਹੈ, ਜਿਵੇਂ ਕਿ ਮਨੁੱਖ ਨੇ ਸਦਾ ਸੰਸਾਰ ਵਿਚ ਬੈਠੇ ਰਹਿਣਾ ਹੋਵੇ। ਏਸੇ ਭਰਮ ਕਰਕੇ ਮਨੁੱਖ ਨੂੰ ਇਹ ਛਿਨ-ਭੰਗਰ ਸੰਸਾਰ ਵੀ ਸਦੀਵੀ ਕਾਲ ਸਥਿਰ ਜਾਪਦਾ ਹੈ। ਪਰ ਜੀਵ ਦੇ ਜਾਣ ਦਾ ਸਮਾਂ ਨਿਰੰਕਾਰ ਨੇ, ਜੀਵ ਨੂੰ ਸੰਸਾਰ ਵਿਚ ਭੇਜਣ ਤੋਂ ਪਹਿਲਾਂ ਹੀ ਮੁਕੱਰਰ ਕੀਤਾ ਹੋਇਆ ਹੈ। ਮੌਤ ਦੀ ਤਾਰੀਖ ਲਿਖਵਾ ਕੇ ਹੀ ਇਹ ਜੀਵ ਇਸ ਸੰਸਾਰ ਵਿਚ ਆਇਆ ਹੈ। ਗੁਰਦੇਵ ਦਾ ਕਥਨ ਹੈ ਕਿ:

ਮਰਣ ਲਿਖਾਇ ਮੰਡਲ ਮਹਿ ਆਏ॥ (ਪੰਨਾ ੬੮੫)

ਮੌਤ ਦਾ ਪੱਕਾ ਲੇਖ ਲਿਖਵਾ ਕੇ, ਇਹ ਜੀਵ ਜਹਾਨ ਵਿਚ ਆਇਆ ਹੈ। ਇਹ ਕਿਸੇ ਇਕ ਦੀ ਗੱਲ ਨਹੀਂ, ਇਹ ਸਾਰਿਆਂ ਉੱਪਰ ਲਾਗੂ ਹੋਣ ਵਾਲਾ ਸਿਧਾਂਤ ਹੈ। ਪਰਮਾਤਮਾ ਨੇ ਇਸ ਜੀਵ ਦਾ ਜਿਥੇ ਸਮਾਂ ਨਿਯਤ ਕੀਤਾ ਹੈ, ਓਥੇ ਸਥਾਨ ਵੀ ਮੁਕੱਰਰ ਕਰ ਦਿੱਤਾ ਹੈ। ਕਿਸ ਪ੍ਰਾਣੀ ਨੇ, ਕਿਸ ਵੇਲੇ, ਕਿਸ ਦਿਨ, ਕਿਸ ਅਸਥਾਨ ਤੇ ਇਸ ਸਰੀਰ ਨੂੰ ਛੱਡ ਦੇਣਾ ਹੈ, ਇਹ ਸਾਰਾ ਟਾਈਮ ਟੇਬਲ ਪ੍ਰਭੂ ਨੇ ਪਹਿਲਾਂ ਹੀ ਬਣਾ ਰਖਿਆ ਹੈ। ਇਸ ਸਾਰੀ ਜੁਗਤ ਦਾ ਨਾਮ ਹੀ *"ਮੌਤ ਦੀ ਕਲਾ"* ਹੈ। ਮੌਤ ਦੀ ਕਲਾ ਜਿਸ ਢੰਗ ਨਾਲ ਜੀਵ ਉਪਰ ਵਾਪਰਦੀ ਹੈ, ਮਨੁੱਖ ਨੂੰ ਸਭ ਪਤਾ ਹੁੰਦਿਆਂ ਹੋਇਆਂ ਵੀ ਇਸ ਕਲਾ ਦਾ ਪਤਾ ਨਹੀਂ ਲਗਦਾ। ਮੌਤ ਹਰ ਰੋਜ਼ ਜੀਵ ਉੱਪਰ ਵਾਪਰ ਰਹੀ ਹੈ। ਮਨੁੱਖ ਨੂੰ ਭਾਵੇਂ ਇਹ ਭਰਮ ਬਣਿਆ ਰਹੇ ਕਿ ਉਹ ਜੀਵਨ ਜਿਊ ਰਿਹਾ ਹੈ, ਪਰ ਹਕੀਕਤ ਇਹ ਹੈ ਕਿ ਹਰ ਰੋਜ਼ ਹਰ ਜੀਵ ਦੀ ਥੋੜੀ-ਥੋੜੀ ਮੌਤ ਹੋ ਜਾਂਦੀ ਹੈ। ਹਰੇਕ ਦਿਨ ਜੋ ਬੀਤ ਰਿਹਾ ਹੈ, ਉਹ ਦਿਨ ਜ਼ਿੰਦਗੀ ਵਿਚੋਂ ਮਰ ਰਿਹਾ ਹੈ। ਅਸੀਂ ਹਰ ਰੋਜ਼ ਥੋੜਾ-ਥੋੜਾ ਮਰ ਜਾਂਦੇ ਹਾਂ। ਮੌਤ ਸ਼ਬਦ ਤਾਂ ਬੋਲਣ ਲਗਿਆਂ ਵੀ ਡਰ ਲੱਗਦਾ ਹੈ। ਦਰਅਸਲ ਜ਼ਿੰਦਗੀ ਵਿਚ ਜਿੰਨਾ ਵੀ ਭੈ (ਡਰ) ਹੈ, ਉਹ ਮੌਤ ਕਰਕੇ ਹੈ। ਡਰ ਭਾਵੇਂ ਕਿਸੇ ਵੀ ਕਿਸਮ ਦਾ ਹੋਵੇ, ਉਹ ਡਰ ਮੌਤ ਦਾ ਹੀ ਹੁੰਦਾ ਹੈ। ਕਿਉਂਕਿ ਮੌਤ ਅਨੇਕਾਂ ਤਰ੍ਹਾਂ ਨਾਲ ਜ਼ਿੰਦਗੀ ਵਿਚ ਵਾਪਰਦੀ ਹੈ। ਇਸ ਕਰਕੇ ਅਨੇਕਾਂ ਤਰ੍ਹਾਂ ਦੇ ਡਰ ਤੇ ਸਹਿਮ ਸਾਡੀ ਜ਼ਿੰਦਗੀ ਵਿਚ ਨਿਰੰਤਰ ਸਮਾਏ ਰਹਿੰਦੇ ਹਨ। ਏਹੀ ਕਾਰਨ ਹੈ ਕਿ ਹਰ ਰੋਜ਼ ਮਨੁੱਖ ਚਿੰਤਾ, ਫਿਕਰ, ਡਰ ਅਤੇ ਸਹਿਮ ਵਿਚ ਜੀਵਨ ਜਿਉਂਦਾ ਹੈ।

ਮੌਤ ਅਨੇਕਾਂ ਕਿਸਮਾਂ ਨਾਲ ਹਰ ਰੋਜ਼ ਵਾਪਰਦੀ ਹੈ। ਆਰਥਿਕ ਮੌਤ ਹੈ, ਸਮਾਜਿਕ ਮੌਤ ਹੈ। ਮਾਨਸਿਕ ਮੌਤ ਹੈ। ਬੌਧਿਕ ਮੌਤ ਹੈ। ਰੂਹਾਨੀ ਮੌਤ ਹੈ।

ਆਰਥਿਕ ਮੌਤ: ਮਨੁੱਖ ਕੋਲੋਂ ਸਾਰਾ ਧਨ ਖਤਮ ਹੋ ਜਾਵੇ। ਧਨ ਪ੍ਰਾਪਤ ਹੋਣ ਦੇ ਸਾਰੇ ਵਸੀਲੇ ਵੀ ਖਤਮ ਹੋ ਜਾਣ। ਲੋਕਾਂ ਦਾ ਕਰਜ਼ਾ ਸਿਰ ਚੜ੍ਹ ਜਾਵੇ। ਦੇਣਾ ਸਾਰਿਆਂ ਦਾ ਹੋਵੇ, ਪਰ ਲੈਣਾ ਕਿਤੋਂ ਵੀ ਨਾ ਹੋਵੇ, ਤਾਂ ਸਮਝੋ ਕਿ ਆਦਮੀ ਦੀਵਾਲੀਆ ਹੋ ਗਿਆ ਹੈ। ਦੀਵਾਲੀਆ ਬੰਦਾ ਆਰਥਿਕ ਤੌਰ ਤੇ ਮਰ ਜਾਂਦਾ ਹੈ। ਉਸ ਦੀ ਆਰਥਿਕ ਮੌਤ ਹੋ ਜਾਂਦੀ ਹੈ। ਬਹੁਤਾ ਧਨ ਏਸੇ ਵਾਸਤੇ ਹੀ ਲੋਕ ਇਕੱਠਾ ਕਰਦੇ ਹਨ, ਕਿ ਕਿਤੇ ਆਰਥਿਕ ਮੌਤ ਨਾ ਹੋ ਜਾਵੇ।

ਸਮਾਜਿਕ ਮੌਤ: ਹਰ ਆਦਮੀ ਸਮਾਜ ਵਿਚ ਵੱਧ ਤੋ ਵੱਧ ਇਜ਼ਤ ਬਣਾ ਕੇ ਰਹਿਣਾ ਚਾਹੁੰਦਾ ਹੈ। ਇਸ ਵਾਸਤੇ ਸਮਾਜ ਵਿਚ ਬੜਾ ਸੰਭਲ ਕੇ ਰਹਿੰਦਾ ਹੈ, ਕਿ ਕਿਧਰੇ ਕੋਈ ਕਲੰਕ ਨਾ ਲਗ ਜਾਵੇ। ਸਮਾਜ ਵਿਚ ਰਹਿੰਦਿਆਂ ਕੋਈ ਕਲੰਕ ਲਗ ਜਾਵੇ ਤਾਂ ਆਦਮੀ ਦੀ ਸਮਾਜਿਕ ਮੌਤ ਹੋ ਜਾਂਦੀ ਹੈ। ਸਮਾਜ ਵਿਚ ਰਹਿੰਦਿਆਂ ਏਸੇ ਵਾਸਤੇ ਆਦਮੀ ਡਰਦਾ ਹੈ ਕਿ ਕਿਤੇ ਸਮਾਜਿਕ ਮੌਤ ਨਾ ਹੋ ਜਾਵੇ।

ਮਾਨਸਿਕ ਮੌਤ: ਮਨ ਵਿਚ ਚਲਦੇ ਹੋਏ ਫੁਰਨੇ ਰੁੱਕ ਜਾਣ ਤਾਂ ਮਾਨਸਿਕ ਮੌਤ ਹੋ ਜਾਂਦੀ ਹੈ। ਸਾਡੇ ਮਨ ਵਿਚ ਸਦਾ ਫੁਰਨੇ ਜਨਮ ਲੈਂਦੇ ਹਨ, ਜੋ ਮਨ ਨੂੰ ਸਦਾ ਖਿੜਕਾਉਂਦੇ ਰਹਿੰਦੇ ਹਨ। ਮਨ ਵਿਚ ਨਿਰੰਤਰ ਵਿਚਾਰਾਂ ਦੀਆਂ ਲਹਿਰਾਂ ਦੌੜਦੀਆਂ ਰਹਿੰਦੀਆਂ ਹਨ। ਜੇ ਮਨ ਵਿਚੋਂ ਵਿਚਾਰ ਰੁੱਕ ਜਾਣ ਤਾਂ ਨਿਰਵਿਚਾਰ ਮਨ ਨੂੰ ਅਨਹਦ ਨਾਦ ਸੁਣ ਪੈਂਦਾ ਹੈ। ਜਿਸ ਦਿਨ ਅਨਹਦ ਨਾਦ ਦਾ ਅਨੁਭਵ ਹੁੰਦਾ ਹੈ, ਉਸ ਦਿਨ ਹੀ ਮਨ ਦੀ ਮੌਤ ਹੋ ਜਾਂਦੀ ਹੈ।

ਬੌਧਿਕ ਮੌਤ: ਦਿਮਾਗ ਵਿਚ ਅਕਲ ਹੈ। ਅਕਲ ਕੰਮ ਕਰਨਾ ਛੱਡ ਦੇਵੇ ਤਾਂ ਆਦਮੀ ਪਾਗਲ ਹੋ ਜਾਂਦਾ ਹੈ। ਪਾਗਲ ਆਦਮੀ ਦੀ ਬੁੱਧੀ ਕੰਮ ਨਹੀਂ ਕਰਦੀ। ਜਿਸ ਦੀ ਬੁੱਧੀ ਕੰਮ ਨਾ ਕਰੇ ਉਸ ਦੀ ਬੌਧਿਕ ਮੌਤ ਹੋ ਚੁੱਕੀ ਹੁੰਦੀ ਹੈ। ਪਾਗਲ ਦੀ ਦਿਮਾਗੀ ਮੌਤ ਹੋ ਚੁੱਕੀ ਹੁੰਦੀ ਹੈ। ਪਾਗਲ ਦਾ ਦਿਮਾਗ ਮਰ ਚੁੱਕਾ ਹੁੰਦਾ ਹੈ। ਪਾਗਲ ਦਾ ਸਰੀਰ ਜਿਉਂਦਾ ਹੈ, ਪਰ ਦਿਮਾਗ ਮਰ ਚੁੱਕਾ ਹੁੰਦਾ ਹੈ। ਪਾਗਲ ਹਮੇਸ਼ਾ ਕਿਸੇ ਇਕ ਵਿਚਾਰ ਤੇ ਕੇਂਦਰਤ ਹੋ ਜਾਂਦਾ ਹੈ। ਰੋਂਦਾ ਹੈ, ਤਾਂ ਰੋਂਦਾ ਹੀ ਜਾਵੇਗਾ, ਪਰ ਰੋਣ ਦਾ ਕੋਈ ਕਾਰਨ ਨਹੀਂ ਹੋਵੇਗਾ। ਹੱਸਣ ਲਗੇ ਤਾਂ ਹੱਸਦਾ ਹੀ ਰਹੇਗਾ। ਨਾ ਕੋਈ ਮਤਲਬ ਤੇ ਨਾ ਕੋਈ ਕਾਰਨ। ਦੌੜਨ ਲਗੇ ਤਾਂ ਦੌੜਦਾ ਹੀ ਜਾਵੇਗਾ। ਪਰ ਉਸ ਦੀ ਕੋਈ ਮੰਜ਼ਿਲ ਨਹੀਂ ਹੁੰਦੀ। ਦਰਅਸਲ ਪਾਗਲ ਦਾ ਕੋਈ ਸੈਂਟਰਲ ਆਈਡਿਆ ਨਹੀਂ ਹੁੰਦਾ, ਕਿਉਂਕਿ ਉਸ ਅੰਦਰ ਸੋਚਣੀ ਨਹੀਂ ਹੁੰਦੀ। ਦਿਮਾਗ ਮਰ ਗਿਆ ਹੈ। ਇਸ ਨੂੰ ਕਿਹਾ ਜਾਂਦਾ ਹੈ ਬੌਧਿਕ ਮੌਤ।

ਰਾਜਨੀਤਿਕ ਮੌਤ: ਰਾਜਨੀਤਿਕ ਲੋਕਾਂ ਦਾ ਜੀਵਨ ਰਾਜ ਸਤਾ ਵਿਚ ਹੁੰਦਾ

ਹੈ। ਇਸ ਵਾਸਤੇ ਹਰ ਰਾਜਨੀਤਿਕ ਆਦਮੀ ਹਰ ਹੱਥ ਕੰਡਾ ਵਰਤ ਕੇ ਰਾਜ ਸਤਾ ਵਿਚ ਬਣੇ ਰਹਿਣਾ ਚਾਹੁੰਦਾ ਹੈ। ਜੇ ਰਾਜ ਸਤਾ ਹੱਥੋਂ ਨਿਕਲ ਜਾਵੇ ਤਾਂ ਸਮਝੋ ਰਾਜਨੀਤਿਕ ਦੀ ਮੌਤ ਹੋ ਗਈ। ਜਿਨ੍ਹਾਂ ਲੋਕਾਂ ਦੇ ਪ੍ਰਛਾਵੇਂ ਰੋਜ਼ ਟੀ.ਵੀ. ਰੇਡੀਓ, ਅਖ਼ਬਾਰਾਂ ਵਿਚ ਦੇਖਣ ਨੂੰ ਮਿਲਦੇ ਹਨ, ਉਹਨਾਂ ਕੋਲ ਸਤਾ ਨਾ ਰਹੇ ਤਾਂ ਸਮਝੋ ਮੌਤ ਹੋ ਗਈ। ਫਿਰ ਭਾਵੇਂ ਉਹ ਆਪ ਜਾ ਕੇ ਕਹਿਣ ਕੇ ਸਾਡੇ ਫੋਟੋ ਟੀ.ਵੀ. ਤੇ ਦਿਖਾਉ। ਹੁਣ ਉਹਨਾਂ ਦੀ ਕੋਈ ਗੱਲ ਨਹੀਂ ਮੰਨੀ ਜਾ ਸਕਦੀ। ਕਿਉਂਕਿ ਹੁਣ ਉਹਨਾਂ ਦੀ ਰਾਜਨੀਤਿਕ ਮੌਤ ਹੋ ਚੁੱਕੀ ਹੈ।

ਰੂਹਾਨੀ ਮੌਤ: ਪ੍ਰਭੂ ਦਾ ਸਿਮਰਨ ਨਾ ਚਲੇ ਤਾਂ ਰੂਹ ਮਰ ਜਾਂਦੀ ਹੈ। ਇਸ ਨੂੰ ਕਹਿੰਦੇ ਹਨ ਰੂਹਾਨੀ ਮੌਤ। ਰੂਹਾਨੀ ਤੌਰ ਤੇ ਕਰੀਬਨ ਸਾਰਾ ਸੰਸਾਰ ਬੀਮਾਰ ਹੈ। ਹਰ ਬੀਮਾਰੀ ਦੁੱਖ ਨੂੰ ਜਨਮ ਦੇਂਦੀ ਹੈ। ਰੂਹਾਨੀ ਤੌਰ ਤੇ ਸਾਰਾ ਸੰਸਾਰ ਦੁਖੀ ਨਜ਼ਰ ਆਉਂਦਾ ਹੈ। ਘਰ ਵਿਚ ਸਾਰੇ ਸੁੱਖਾਂ ਦੇ ਸਾਧਨ ਹੋਣ ਦੇ ਬਾਵਜੂਦ ਵੀ ਆਦਮੀ ਰੂਹ ਕਰਕੇ ਬੜਾ ਦੁਖੀ ਹੈ। ਏਸੇ ਕਰਕੇ ਹੀ ਸ਼ਾਇਦ ਗੁਰੂ ਨਾਨਕ ਸਾਹਿਬ ਜੀ ਨੇ ਇਹ ਕਿਹਾ ਹੈ ਕਿ:

ਨਾਨਕ ਦੁਖੀਆ ਸਭੁ ਸੰਸਾਰੁ ॥ *(ਪੰਨਾ ੯੫੪)*

ਕਿਸੇ ਨਾ ਕਿਸੇ ਤਰ੍ਹਾਂ ਮੌਤ ਹਰ ਰੋਜ਼ ਅਤੇ ਹਰ ਪਲ ਜੀਵਨ ਤੇ ਵਾਪਰਦੀ ਹੈ, ਪਰ ***"ਮੌਤ ਦੀ ਕਲਾ"*** ਜਿਸ ਕਲਾ ਨਾਲ ਵਾਪਰਦੀ ਹੈ ਉਸ ਦਾ ਪਤਾ ਨਹੀਂ ਲੱਗਦਾ। ਜੀਵ ਅਚੇਤ ਹੈ। ਜੀਵ ਦਾ ਧਿਆਨ ਜੀਵਨ ਵੱਲ ਹੈ, ਪਰ ਮੌਤ ਹਰ ਰੋਜ਼ ਆਪਣੇ ਢੰਗ ਨਾਲ ਵਾਪਰਦੀ ਹੀ ਜਾਂਦੀ ਹੈ। ਜੀਵਨ ਗੁਜ਼ਰ ਰਿਹਾ ਹੈ। ਮੌਤ ਦਾ ਡਰ ਜੀਵਨ ਵਿਚ ਏਨਾ ਸਮਾਇਆ ਹੋਇਆ ਹੈ ਕਿ ਜਦੋਂ ਕਦੇ ਕਿਸੇ ਪ੍ਰਾਣੀ ਦੀ ਮੌਤ ਹੋ ਜਾਏ ਤਾਂ ਇਹ ਮਨੁੱਖ ਉਸ ਨੂੰ ਵੀ ਮਰ ਗਿਆ ਨਹੀਂ ਕਹਿੰਦਾ। ਬਲਕਿ ਸਾਫ ਸੁਥਰੇ ਲਫ਼ਜ਼ ਚੁਣ ਕੇ ਕਹੇਗਾ ਕਿ ਕੋਈ ਗੁਜ਼ਰ ਗਿਆ ਹੈ। ਹਾਲਾਂ ਕਿ ਗੁਜ਼ਰ ਗਏ ਅਤੇ ਮਰ ਗਏ ਦੇ ਅਰਥ ਇਕ ਹੀ ਹਨ। ਪਰ ਮਰਨ ਲਫ਼ਜ਼ ਡਰਾਉਣਾ ਲਗਦਾ ਹੈ ਅਤੇ ਗੁਜ਼ਰਨਾ ਲਫ਼ਜ਼ ਏਨਾ ਭਿਆਨਕ ਨਹੀਂ ਪ੍ਰਤੀਤ ਹੁੰਦਾ। ਪਰ ਜੇ ਇਸ ਲਫ਼ਜ਼ ਦੀ ਹਕੀਕਤ ਨੂੰ ਦੇਖਿਆ ਜਾਏ ਤਾਂ ਇਹ ਵੀ ਇੱਕ ਸਚਾਈ ਹੈ ਕਿ ਹਰ ਜੀਵ ਥੋੜਾ-ਥੋੜਾ ਗੁਜ਼ਰ ਰਿਹਾ ਹੈ।

ਸਿਆਣਿਆਂ ਨੇ ਇਸ ਸੰਸਾਰ ਨੂੰ ਮੁਸਾਫ਼ਰ ਖਾਨਾ ਕਿਹਾ ਹੈ। ਮੁਸਾਫ਼ਰ ਖਾਨੇ ਦੀ ਹਕੀਕਤ ਇਹ ਹੁੰਦੀ ਹੈ ਕਿ ਤਰ੍ਹਾਂ ਤਰ੍ਹਾਂ ਦੇ ਮੁਸਾਫ਼ਰ ਅਨੇਕਾਂ ਥਾਵਾਂ ਤੋਂ ਆ ਕੇ ਮੁਸਾਫ਼ਰ ਖਾਨੇ ਵਿਚ ਰਾਤ ਕਟਦੇ ਹਨ। ਉਹਨਾਂ ਮੁਸਾਫ਼ਰਾਂ ਦਾ ਆਪਸੀ ਰਿਸ਼ਤਾ ਕੋਈ ਨਹੀਂ ਹੁੰਦਾ। ਕੇਵਲ ਸਫ਼ਰ ਵਿਚ ਹੋਈ ਮੁਲਾਕਾਤ ਹੁੰਦੀ ਹੈ, ਇਸ ਕਰਕੇ ਵਿਛੜਨ ਲਗਿਆਂ ਉਹ ਮੁਸਾਫ਼ਰ ਕੋਈ ਦਰਦ ਅਨੁਭਵ ਨਹੀਂ ਕਰਦੇ। ਮੁਸਾਫ਼ਰ ਕੇਵਲ ਅਜਨਬੀ ਹੁੰਦੇ ਹਨ। ਜੇ ਤਾਂ ਮੁਸਾਫ਼ਰ ਮੁਸਾਫ਼ਰ ਨੂੰ ਏਨਾ ਆਪਣਾ ਸਮਝੇ,

ਜਿਵੇਂ ਆਪਣੇ ਪ੍ਰਵਾਰ ਦੇ ਕਿਸੇ ਮੈਂਬਰ ਨੂੰ ਆਪਣਾ ਸਮਝੀ ਦਾ ਹੈ, ਫਿਰ ਤਾਂ ਮੁਸਾਫ਼ਰ ਤੋਂ ਅਗੇ ਸਫ਼ਰ ਨਹੀਂ ਕੀਤਾ ਜਾਵੇਗਾ। ਕਿਉਂਕਿ ਉਹ ਮੁਸਾਫ਼ਰ ਖਾਨੇ ਨੂੰ ਆਪਣਾ ਘਰ ਅਤੇ ਮੁਸਾਫ਼ਰਾਂ ਨੂੰ ਆਪਣਾ ਪ੍ਰਵਾਰ ਸਮਝ ਬੈਠਾ ਹੈ।

ਗੁਰੂ ਸਾਹਿਬ ਜੀ ਮਹਾਰਾਜ ਦਾ ਫੁਰਮਾਨ ਹੈ ਕਿ ਦੁਨੀਆਂ ਇਕ ਮੁਸਾਫ਼ਰ ਖਾਨਾ ਹੈ। ਇਸ ਮੁਸਾਫ਼ਰ ਖਾਨੇ ਦਾ ਹਰ ਜੀਵ ਅਨੇਕਾਂ ਥਾਵਾਂ ਤੋਂ ਅਤੇ ਅਨੇਕਾਂ ਜਨਮਾਂ ਤੋਂ ਯਾਤਰਾ ਕਰਦਾ ਹੋਇਆ ਇਸ ਮਨੁੱਖਾ ਜਨਮ ਵਿਚ ਆਇਆ ਹੈ।

ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥

(ਪੰਨਾ ੧੭੬)

ਜਨਮ ਦੇ ਨਾਲ ਹੀ ਇਕ ਤਨ ਮਿਲ ਜਾਂਦਾ ਹੈ। ਫਿਰ ਇਹ ਜੀਵ ਪਹਿਲਾਂ ਤਨ ਛੱਡ ਕੇ ਦੂਜੇ ਜਨਮ ਯਾਨੀ ਕਿ ਸਰੀਰ ਰਾਹੀਂ ਸਫ਼ਰ ਕਰਨ ਲਗ ਜਾਂਦਾ ਹੈ। ਇਸ ਤਰ੍ਹਾਂ ਇਹ ਜੀਵ ਅਨੰਤ ਕਾਲ ਤੋਂ ਸਫ਼ਰ ਵਿਚ ਹੈ। ਸਫ਼ਰ ਕਦੋਂ ਮੁਕੇਗਾ? ਇਸ ਬਾਰੇ ਇਸ ਜੀਵ ਨੂੰ ਕੋਈ ਗਿਆਨ ਨਹੀਂ। ਪਰ ਜੀਵਨ ਯਾਤਰਾ ਵਿਚ ਜੀਵ ਨੂੰ ਅਸੀਂ ਜਨਮ ਮਰਨ ਦੀ ਸਜ਼ਾ ਕਟਦੇ ਹੋਏ ਦੇਖ ਸਕਦੇ ਹਾਂ। ਯਾਨੀ ਕਿ ਦੁੱਖ ਸੁੱਖ ਭੋਗਦੇ ਹੋਏ ਦੇਖ ਸਕਦੇ ਹਾਂ।

ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥

(ਪੰਨਾ ੧੦੨੦)

ਅਨੇਕਾਂ ਜਨਮਾਂ ਤੋਂ ਜੀਵ ਯਾਤਰਾ ਵਿਚ ਹੈ ਤੇ ਸੰਸਾਰ ਮੁਸਾਫ਼ਰ ਖਾਨਾ ਹੈ। ਜੀਵ ਨੂੰ ਕਦੇ ਪਸ਼ੂ ਜੋਨੀ ਮਿਲਦੀ ਹੈ, ਕਦੇ ਪੰਛੀ ਅਤੇ ਕਦੇ ਮਨੁੱਖ ਜਨਮ ਵਿਚ ਜੀਵਨ ਯਾਤਰਾ ਕਰਦਾ ਹੈ। ਪਰ ਹਮੇਸ਼ਾਂ ਯਾਤਰਾ ਵਿਚ ਹੀ ਰਹਿੰਦਾ ਹੈ। ਯਾਤਰਾ ਇਸ ਦੀ ਕਦੇ ਪੂਰੀ ਨਹੀਂ ਹੋਈ।

ਹਰ ਗਮ ਪੇ ਦੂਰ ਹੁਈ ਜਾਤੀ ਹੈ ਮੇਰੀ ਮੰਜ਼ਿਲ॥
ਮੈਂ ਭੀ ਸਫ਼ਰ ਮੇਂ ਹੂੰ, ਮੇਰੀ ਮੰਜ਼ਿਲ ਭੀ ਸਫ਼ਰ ਮੇਂ ਹੈ॥

(ਇਕ ਸਿਆਣਾ)

ਹਰ ਵਕਤ ਇਹ ਜੀਵ ਗੁਜ਼ਰ ਰਿਹਾ ਹੈ, ਯਾਨੀ ਕਿ ਸਫਰ ਕਰ ਰਿਹਾ ਹੈ। ਗੁਰੂ ਅਰਜਨ ਸਾਹਿਬ ਜੀ ਨੇ ਬੜੇ ਪਿਆਰੇ ਅਰਥਾਂ ਵਿਚ ਮਨੁੱਖੀ ਦੇਹ ਦੀ ਵਿਆਖਿਆ ਕੀਤੀ ਹੈ। ਗੁਰਦੇਵ ਦਾ ਕਹਿਣਾ ਹੈ ਕਿ ਸਰੀਰ ਇਕ ਦੁਆਰ (ਦਰਵਾਜਾ) ਹੈ। ਦਰਵਾਜੇ ਦੁਆਰਾ ਮੰਦਰ ਦੇ ਅੰਦਰ ਪ੍ਰਵੇਸ਼ ਕੀਤਾ ਜਾ ਸਕਦਾ ਹੈ ਅਤੇ ਮੰਦਰ ਤੋਂ ਬਾਹਰ ਵੀ ਜਾਇਆ ਜਾ ਸਕਦਾ ਹੈ। ਸਰੀਰ ਦੇ ਅੰਦਰੋਂ ਪਰਮਾਤਮਾ ਦੇ ਮੰਦਰ ਵਿਚ ਪ੍ਰਵੇਸ਼ ਕੀਤਾ ਜਾ ਸਕਦਾ ਹੈ ਅਤੇ ਸਰੀਰ ਦੇ ਇੰਦਰਿਆਂ ਦੁਆਰਾ ਬਾਹਰਲੇ ਸੰਸਾਰ ਨੂੰ ਭੋਗਿਆ ਜਾ ਸਕਦਾ ਹੈ। ਪਰ ਜਿਸ ਨੇ ਸੰਸਾਰ ਨੂੰ ਭੋਗਣਾ ਹੈ ਜਾਂ ਅੰਤਰਮੁਖੀ ਹੋ

ਕੇ ਪਰਮਾਤਮਾ ਨੂੰ ਮਿਲਣਾ ਹੈ, ਉਹ ਤਨ ਨਹੀਂ ਹੈ। ਉਹ ਆਤਮ ਸਰੂਪ ਮਨ ਹੈ। ਇਸ ਕਰਕੇ ਗੁਰੂ ਅਰਜਨ ਸਾਹਿਬ ਜੀ ਨੇ ਇਹ ਕਿਹਾ ਹੈ ਕਿ:

ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

(ਪੰਨਾ ੧੨)

ਭਾਵ ਕਿ ਐ ਮਨੁੱਖ! ਤੈਨੂੰ ਕਈ ਜਨਮਾਂ ਦੇ ਸਫ਼ਰ ਤੋਂ ਬਾਅਦ ਮਨੁੱਖ ਦੇਹ (ਦਰਵਾਜਾ) ਮਿਲੀ ਹੈ। ਪੁਰਾਣੇ ਲੋਕ ਆਪਣੀ ਹਵੇਲੀ ਦੇ ਦਰ ਨੂੰ ਡਿਊੜੀ (ਦੇਹੁਰੀ) ਕਹਿੰਦੇ ਸਨ। ਡਿਊੜੀ ਦੁਆਰਾ ਹਵੇਲੀ ਦੇ ਅੰਦਰ ਵੀ ਤੇ ਅੰਦਰੋਂ ਬਾਹਰ ਵੀ ਆਇਆ-ਜਾਇਆ ਜਾ ਸਕਦਾ ਸੀ। ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦਾ ਫ਼ੁਰਮਾਣ ਹੈ ਕਿ ਇਹ ਜੋ ਮਨੁੱਖ ਦਾ ਸਰੀਰ ਹੈ, ਇਹ ਇਕ ਦੇਹੁਰੀ (ਡਿਊੜੀ) ਹੈ। ਜਿਵੇਂ ਹਵੇਲੀ ਦੀ ਡਿਊੜੀ ਉਪਰੋਂ ਛੱਤੀ ਹੋਈ ਹੁੰਦੀ ਹੈ, ਪਰ ਉਹ ਅੰਦਰੋਂ ਬਾਹਰ ਅਤੇ ਬਾਹਰੋਂ ਅੰਦਰ ਜਾਣ ਲਈ ਖੁੱਲ੍ਹੀ ਹੁੰਦੀ ਹੈ। ਠੀਕ ਇਸੇ ਢੰਗ ਨਾਲ ਮਨੁੱਖੀ ਸਰੀਰ ਇਕ ਡਿਊੜੀ ਦਾ ਕੰਮ ਕਰਦਾ ਹੈ। ਪਸ਼ੂ ਪੰਛੀਆਂ ਦੇ ਸਰੀਰ ਇਹ ਕੰਮ ਨਹੀਂ ਕਰ ਸਕਦੇ। ਪਸ਼ੂ ਪਛੜਿਆ ਹੋਇਆ ਹੈ, ਪਰ ਮਨੁੱਖਾ ਸਰੀਰ ਵਿਚ ਸੰਭਾਵਨਾ ਹੈ ਕਿ ਇਸ ਦੁਆਰਾ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ। ਬਲਕਿ ਮਨੁੱਖੀ ਤਨ ਦੁਆਰਾ ਅੱਗੇ ਵੀ ਜਾਇਆ ਜਾ ਸਕਦਾ ਹੈ ਅਤੇ ਪਿਛੇ ਵੀ ਜਾਇਆ ਜਾ ਸਕਦਾ ਹੈ। ਪਰਮਾਤਮਾ ਨਾਲ ਵੀ ਮਿਲਿਆ ਜਾ ਸਕਦਾ ਹੈ ਅਤੇ ਪਸ਼ੂਆਂ ਵਿਚ ਵੀ ਮਿਲਿਆ ਜਾ ਸਕਦਾ ਹੈ। ਮਨੁੱਖ ਆਪਣੇ ਕਰਮਾਂ ਦੁਆਰਾ ਕਰਤਾਰ ਦੇ ਨੇੜੇ ਵੀ ਜਾ ਸਕਦਾ ਹੈ ਅਤੇ ਕਰਤਾਰ ਤੋਂ ਦੂਰ ਵੀ ਜਾ ਸਕਦਾ ਹੈ। ਪ੍ਰਭੂ ਦੇ ਦਰਬਾਰ ਵਿਚ ਮਨੁੱਖ ਦੇ ਕਰਮਾਂ ਦੁਆਰਾ ਚੰਗਿਆਈਆਂ ਤੇ ਬੁਰਿਆਈਆਂ ਨੂੰ ਵਾਚਿਆ ਜਾਂਦਾ ਹੈ। ਫਿਰ ਕਰਮਾਂ ਦੀ ਚੰਗਿਆਈ ਬੁਰਿਆਈ ਨੂੰ ਦੇਖ ਕੇ ਹੀ ਉਸ ਦਾ ਫ਼ੈਸਲਾ ਕੀਤਾ ਜਾਂਦਾ ਹੈ। ਭਾਵ ਬੁਰਿਆਈ ਆਦਮੀ ਨੂੰ ਪਛਾੜ ਕੇ ਪਸ਼ੂ ਬਣਾ ਦੇਂਦੀ ਹੈ ਅਤੇ ਚੰਗਿਆਈ ਪ੍ਰਭੂ ਨਾਲ ਮਿਲਾ ਦੇਂਦੀ ਹੈ।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

(ਸਲੋਕ ਜਪੁਜੀ ਸਾਹਿਬ)

ਸੋ ਇਸ ਸਰੀਰ ਦੁਆਰਾ ਹਰ ਜੀਵ ਨਿਰੰਤਰ ਗੁਜ਼ਰ ਰਿਹਾ ਹੈ। ਜਿਵੇਂ ਕੋਈ ਮੁਸਾਫ਼ਰ ਰਸਤੇ ਦੁਆਰਾ ਗੁਜ਼ਰਦਾ ਹੈ। ਮੁਸਾਫ਼ਰ ਅਗੇ ਨਿਕਲ ਜਾਂਦਾ ਹੈ ਅਤੇ ਰਸਤਾ ਪਿੱਛੇ ਰਹਿ ਜਾਂਦਾ ਹੈ। ਠੀਕ ਜੀਵ ਆਤਮਾ ਇਕ ਮੁਸਾਫ਼ਰ ਹੈ ਅਤੇ ਇਹ ਤਨ (ਸਰੀਰ) ਇਕ ਰਸਤਾ ਹੈ। "***ਮੌਤ ਦੀ ਕਲਾ***" ਇਹ ਹੈ ਕਿ ਜੀਵਾਤਮਾ ਇਸ ਦੁਆਰਾ ਕਈ ਜਨਮਾਂ ਤੋਂ ਸਫ਼ਰ ਕਰਦੀ ਹੋਈ ਅਨੇਕਾਂ ਸਰੀਰਾਂ ਦੁਆਰਾ ਸਫ਼ਰ ਕਰ ਰਹੀ ਹੈ। ਪਰ ਕਦੇ ਕਦਾਈਂ ਹੀ ਕੋਈ ਮਹਾਂਪੁਰਖ ਇਸ ਸਰੀਰ ਦੁਆਰਾ ਜੋਤੀ ਜੋਤ

ਹੁੰਦਾ ਹੈ। ਯਾਨੀ ਕਿ ਮੰਜ਼ਿਲ ਤੇ ਪਹੁੰਚਦਾ ਹੈ, ਵਰਨਾ ਮੌਤ ਹਰ ਰੋਜ਼ ਵਾਪਰਦੀ ਹੈ। ਕਹਿਣ ਤੋਂ ਭਾਵ ਹੈ ਕਿ ਪ੍ਰਭੂ ਨਾਲ ਤਾਂ ਕਦੇ-ਕਦੇ ਕੋਈ ਕੋਈ ਸਦੀਆਂ ਬਾਅਦ ਮਿਲਦਾ ਹੈ, ਪਰ ਮਰ ਹਰੇਕ ਕੋਈ ਜਾਂਦਾ ਹੈ। ਮਰ ਜਾਣ ਦਾ ਮਤਲਬ ਹੈ ਕਿ ਮੰਜ਼ਿਲ ਅਜੇ ਵੀ ਨਹੀਂ ਮਿਲੀ। ਰਸਤੇ ਵਿਚ ਹੀ ਭਟਕ ਗਿਆ ਹੈ। ਮਨੁੱਖਾ ਜਨਮ ਧਾਰਨ ਕਰਕੇ ਵੀ ਅਜੇ ਮੰਜ਼ਿਲ ਨਹੀਂ ਮਿਲੀ। ਸਮਝੋ ਕਿ ਮਨੁੱਖ ਜੀਵਨ ਦੀ ਬਾਜੀ ਹਾਰ ਗਿਆ ਹੈ। ਮਨੁੱਖ ਜਨਮ ਤਾਂ ਇਕ ਅੰਮ੍ਰਿਤ ਵੇਲਾ ਹੈ। ਸਿਰਮੌਰ ਭਗਤ ਕਬੀਰ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਕਿ ਚੰਗੀ ਨੇਕ ਕਮਾਈ, ਸ਼ੁਭ ਕਰਮਾਂ ਅਤੇ ਗੁਰੂ ਭਗਤੀ ਦੀ ਬਰਕਤ ਸਦਕਾ ਇਹ ਮਨੁੱਖਾ ਤਨ ਮਿਲਦਾ ਹੈ। ਵਰਨਾ ਇਸ ਸੰਸਾਰ ਵਿਚ ਤਨ ਪਸ਼ੂਆਂ, ਕੀੜਿਆਂ, ਮਕੌੜਿਆਂ ਦੇ ਵੀ ਹਨ। ਮਨੁੱਖਾ ਤਨ ਵਿਚ ਹੀ ਇਹ ਬਰਕਤ ਹੈ ਕਿ ਮਨੁੱਖ, ਮੰਜ਼ਿਲ ਨੂੰ ਪ੍ਰਾਪਤ ਕਰ ਸਕਦਾ ਹੈ।

ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥

(ਪੰਨਾ ੧੧੫੯)

ਕਬੀਰ ਸਾਹਿਬ ਤਾਂ ਇਥੋਂ ਤਕ ਵਰਨਣ ਕਰਦੇ ਹਨ ਕਿ ਇਹ ਮਨੁੱਖਾ ਸਰੀਰ ਤਾਂ ਏਨੀ ਬਰਕਤ ਵਾਲਾ ਹੈ ਕਿ ਇਸ ਦੀ ਲੋਚਾ ਫਰਿਸ਼ਤੇ (ਦੇਵ) ਵੀ ਕਰਦੇ ਹਨ। ਕਹਿੰਦੇ ਹਨ ਕਿ ਪ੍ਰਭੂ ਨੇ ਜਦੋਂ ਪਹਿਲਾਂ ਪਹਿਲ ਸ੍ਰਿਸ਼ਟੀ ਦੀ ਸਾਜਨਾ ਕੀਤੀ ਤਾਂ ਸਭ ਜੀਅ ਜੰਤ ਬਨਾਉਣ ਤੋਂ ਬਾਅਦ ਮਨੁੱਖੀ ਸਰੀਰ ਨੂੰ ਬਣਾਇਆ। ਮਨੁੱਖੀ ਸਰੀਰ ਬਨਾਉਣ ਲਈ ਪ੍ਰਮਾਤਮਾ ਨੇ ਸਾਰੇ ਫਰਿਸ਼ਤਿਆਂ ਨੂੰ ਆਖਿਆ ਕਿ ਮਨੁੱਖ ਦਾ ਸਰੀਰ ਬਨਾਉਣ ਲਈ ਧਰਤੀ ਦੀ ਮਿੱਟੀ ਚਾਹੀਦੀ ਹੈ। ਕੌਣ ਫਰਿਸ਼ਤਾ ਧਰਤੀ ਤੇ ਜਾਕੇ ਮਿੱਟੀ ਲੈ ਕੇ ਆਵੇਗਾ। ਕਹਿੰਦੇ ਹਨ ਕਿ ਜਦੋਂ ਕੋਈ ਫਰਿਸ਼ਤਾ ਤਿਆਰ ਨਾ ਹੋਇਆ ਤਾਂ ਪ੍ਰਭੂ ਨੇ ਅਜ਼ਰਾਈਲ ਫਰਿਸ਼ਤੇ ਨੂੰ ਸਭ ਫਰਿਸ਼ਤਿਆਂ ਤੋਂ ਲੁਕਾ ਕੇ ਰਖਿਆ ਹੋਇਆ ਸੀ, ਉਸ ਨੂੰ ਬਾਹਰ ਕੱਢਿਆ ਤੇ ਆਖਿਆ ਮਨੁੱਖ ਦਾ ਸਰੀਰ ਬਨਾਉਣ ਲਈ ਧਰਤੀ ਦੀ ਮਿੱਟੀ ਲੈ ਕੇ ਆ? ਜਦੋਂ ਅਜ਼ਰਾਈਲ ਫਰਿਸ਼ਤਾ, ਬਾਕੀ ਫਰਿਸ਼ਤਿਆਂ ਦੇ ਰੂ-ਬ-ਰੂ ਹੋਇਆ ਤਾਂ ਸਾਰੇ ਫਰਿਸ਼ਤੇ ਅਜ਼ਰਾਈਲ ਨੂੰ ਦੇਖ ਕੇ ਮੂਰਛਤ ਹੋ ਗਏ। ਪ੍ਰਮਾਤਮਾ ਕਹਿਣ ਲੱਗੇ ਕਿ ਇਸੇ ਕਰਕੇ ਹੀ ਮੈਂ ਤੈਨੂੰ ਸਭ ਤੋਂ ਲੁਕਾ ਕੇ ਰਖਿਆ ਹੈ। ਤੈਨੂੰ ਦੇਖ ਕੇ ਮਰਨ ਤੋਂ ਪਹਿਲਾਂ ਹੀ ਜੀਵ ਮਰ ਜਾਂਦਾ ਹੈ।

ਫਿਰ ਕਹਿੰਦੇ ਹਨ ਕਿ ਅਜ਼ਰਾਈਲ ਫਰਿਸ਼ਤਾ ਧਰਤੀ ਉਪਰ ਮਿੱਟੀ ਲੈਣ ਲਈ ਆਇਆ ਤੇ ਸਾਰੀ ਧਰਤੀ ਬੜਾ ਰੋਈ, ਕੰਬੀ ਅਤੇ ਤਰਲੇ ਕੀਤੇ ਕਿ ਮੇਰੀ ਮਿੱਟੀ ਮਨੁੱਖ ਦਾ ਸਰੀਰ ਬਨਾਉਣ ਵਾਸਤੇ ਨਾ ਲੈ ਕੇ ਜਾ। ਪਰ ਕਹਿੰਦੇ ਹਨ ਕਿ ਸਾਰੀ ਧਰਤੀ ਦੇ ਜੀਵ ਜੰਤੂ ਡਰ ਦੇ ਨਾਲ ਮੂਰਛਤ ਹੋ ਗਏ ਅਤੇ ਇਹ ਮੂਰਛਤਾ ਕਈ ਯੁਗ ਬਣੀ ਰਹੀ। ਪਰ ਅਜ਼ਰਾਈਲ ਬੜਾ ਬੇ-ਦਰਦ ਨਿਕਲਿਆ। ਕੰਬਦੀ ਅਤੇ ਤਰਲੇ ਕਰਦੀ ਹੋਈ ਧਰਤੀ ਦੀ ਮਿੱਟੀ ਪੁੱਟ ਕੇ ਲੈ ਗਿਆ ਅਤੇ ਪ੍ਰਮਾਤਮਾ ਦੇ ਅੱਗੇ

ਆਪ ਦਾ ਦਿਲ ਦੇਣੀ ਮੰਗੀਏ, ਆਪ ਦੇਖਾਣੇ ਅਹਿ

ਜਾ ਨਮਸਕਾਰ ਕੀਤੀ। ਪ੍ਰਮਾਤਮਾ ਨੇ ਪੁੱਛਿਆ, "ਅਜ਼ਰਾਈਲ! ਸਾਰੇ ਜੀਅ ਜੰਤਾਂ ਦਾ ਇਹ ਹਾਲ ਦੇਖ ਕੇ, ਤੈਨੂੰ ਤਰਸ ਨਾ ਆਇਆ? ਅਜ਼ਰਾਈਲ ਕਹਿਣ ਲੱਗਾ, "ਹਜ਼ੂਰ! ਮੈਂ ਆਪ ਦੇ ਹੁਕਮ ਵਿਚ ਹਾਂ, ਜਦੋਂ ਤੇਰਾ ਹੁਕਮ ਸੀ ਕਿ ਮਿੱਟੀ ਲੈ ਕੇ ਆ! ਤਾਂ ਮੇਰੇ ਵਾਸਤੇ ਕੋਈ ਕਿੰਨਾ ਦੁਖੀ ਹੋਵੇ; ਮੈਂ ਤਾਂ ਮਿੱਟੀ ਲਿਆਉਣੀ ਹੈ। ਯਾਨੀ ਕਿ ਆਪ ਦੇ ਹੁਕਮ ਦੀ ਪਾਲਨਾ ਕਰਨੀ ਹੈ।" ਹਕਾਇਤ ਹੈ ਕਿ ਉਸ ਦਿਨ ਤੋਂ ਬਾਅਦ ਪ੍ਰਮਾਤਮਾ ਨੇ ਮੌਤ ਦੇ ਫਰਿਸ਼ਤੇ ਅਜ਼ਰਾਈਲ ਨੂੰ ਸਭ ਕਾਇਨਾਤ ਤੋਂ ਲੁਕਾ ਛਿਪਾ ਕੇ ਰਖਿਆ ਹੋਇਆ ਹੈ। ਬਸ ਉਸ ਦਿਨ ਹੀ ਇਹ ਮੌਤ ਦਾ ਫਰਿਸ਼ਤਾ ਪ੍ਰਗਟ ਹੁੰਦਾ ਹੈ ਜਿਸ ਦਿਨ ਉਸ ਨੇ ਜੀਵ ਨੂੰ ਲੈ ਹੀ ਜਾਣਾ ਹੁੰਦਾ ਹੈ।

ਜੀਵਨ ਵਿਚ ਜਿੰਨਾ ਡਰ ਬਣਿਆ ਹੋਇਆ ਹੈ ਉਹ ਸਾਰਾ ਮੌਤ ਦਾ ਹੀ ਡਰ ਹੈ। ਸ਼ਾਇਦ ਇਸੇ ਕਰਕੇ ਹੀ ਪ੍ਰਭੂ ਨੇ ਮੌਤ ਦੀ ਕਲਾ ਨੂੰ ਛਿਪਾ ਕੇ ਰਖਿਆ ਹੈ। ਜੇ ਕਿਧਰੇ ਇਹ ਪਤਾ ਹੋਵੇ ਕਿ ਪ੍ਰਭੂ ਨੇ ਮੌਤ ਦੀ ਕਿਹੜੀ ਮਿਤੀ ਮਿਥੀ ਹੈ, ਤਾਂ ਉਹ ਤਾਰੀਖ ਆਉਣ ਤੋਂ ਪਹਿਲਾਂ ਹੀ ਆਦਮੀ ਡਰ ਦੇ ਨਾਲ ਮਰ ਜਾਏ। ਇਸ ਧਰਤੀ ਉਪਰ ਜ਼ਿਆਦਾ ਪਾਪ ਇਸੇ ਕਰਕੇ ਹੁੰਦੇ ਹਨ। ਕਿਉਂਕਿ ਆਦਮੀ ਨੂੰ ਮੌਤ ਦਾ ਦਿਨ ਯਾਦ ਨਹੀਂ। ਮੌਤ ਸਾਹਮਣੇ ਹੋਵੇ ਤਾਂ ਆਦਮੀ ਦੁਸ਼ਮਣਾਂ ਨੂੰ ਵੀ ਉਸੇ ਵੇਲੇ ਮੁਆਫ ਕਰ ਦੇਂਦਾ ਹੈ। ਮੌਤ ਕਿਸੇ ਨੂੰ ਕੁਝ ਹੋਰ ਸੋਚਣ ਦਾ ਮੌਕਾ ਹੀ ਨਹੀਂ ਦੇਂਦੀ।

ਪੁਰਾਤਨ ਸਾਖੀਆਂ ਵਿਚ ਇਕ ਸਾਖੀ ਮੈਂ ਪੜ੍ਹੀ ਸੀ। ਇਕ ਮਹਾਤਮਾ ਦਾ ਜੀਵਨ ਏਨਾ ਸਹਿਜ ਸੀ ਕਿ ਯਕੀਨ ਨਹੀਂ ਕੀਤਾ ਜਾ ਸਕਦਾ ਸੀ। ਸੰਸਾਰ ਦੇ ਕੰਮਾਂ ਤੋਂ ਉਹ ਏਨਾ ਉੱਚਾ ਸੀ ਕਿ ਕਿਹਾ ਨਹੀਂ ਜਾ ਸਕਦਾ ਸੀ। ਉਸ ਨੇ ਸਾਰਾ ਦਿਨ ਕੰਮ ਇੰਨੇ ਫਿਕਰ ਨਾਲ ਕਰਨਾ ਮਾਨੋ ਕਿ ਸਾਰਾ ਸੰਸਾਰ ਉਸ ਦੇ ਕੰਮ ਕੀਤਿਆਂ ਹੀ ਚਲਦਾ ਹੈ। ਪਰ ਕਿਸੇ ਦੀ ਬੁਰਿਆਈ ਉਸ ਦੇ ਸੁਪਨੇ ਵਿਚ ਵੀ ਕਦੇ ਨਹੀਂ ਸੀ ਆਈ। ਇਕ ਨੌਜਵਾਨ ਉਸ ਨੂੰ ਰੋਜ਼ ਦੇਖਦਾ ਸੀ। ਉਹ ਸੋਚਦਾ ਸੀ ਕਿ ਇਸ ਮਹਾਤਮਾ ਨੂੰ ਪੁੱਛਾਂ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਇਕ ਆਦਮੀ ਨੇ ਕਦੇ ਕੋਈ ਬੁਰਿਆਈ ਸੋਚੀ ਵੀ ਨਾ ਹੋਵੇ। ਉਹ ਨੌਜਵਾਨ ਅਕਸਰ ਉਸ ਮਹਾਤਮਾ ਨੂੰ ਪੁੱਛਦਾ ਸੀ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਆਪ ਦਾ ਜੀਵਨ ਇਸ ਤਰ੍ਹਾਂ ਦਾ ਕਿਵੇਂ ਹੋ ਸਕਦਾ ਹੈ ਕਿ ਆਪ ਨੇ ਕੋਈ ਕਦੇ ਬੁਰਿਆਈ ਸੋਚੀ ਵੀ ਨਾ ਹੋਵੇ? ਉਹ ਨੌਜਵਾਨ ਅਕਸਰ ਇਹੀ ਸੁਆਲ ਰੋਜ਼ ਪੁੱਛਦਾ ਸੀ। ਇਕ ਦਿਨ ਉਸ ਮਹਾਤਮਾ ਨੇ ਸੋਚਿਆ ਕਿ ਅੱਜ ਇਸ ਦਾ ਭਰਮ ਕੱਢ ਹੀ ਦੇਣਾ ਹੈ। ਜਦੋਂ ਉਹ ਨੌਜਵਾਨ ਦੁਬਾਰਾ ਉਸ ਮਹਾਤਮਾ ਕੋਲ ਆਇਆ ਤਾਂ ਮਹਾਤਮਾ ਨੇ ਉਸ ਦਾ ਹੱਥ ਫੜ ਕੇ ਦੇਖਿਆ। ਹੱਥ ਦੇਖ ਕੇ ਕਹਿਣ ਲਗੇ, "ਕਿ ਮੈਂ ਬੜੀ ਦੇਰ ਤੋਂ ਇਹ ਜਾਣਦਾ ਸਾਂ ਕਿ ਤੇਰੀ ਉਮਰ ਥੋੜੀ ਹੈ। ਪਰ ਮੈਂ ਸੋਚਦਾ ਸਾਂ ਕਿ ਤੈਨੂੰ ਨਹੀਂ ਦਸਣਾ। ਦਸਣਾ ਤਾਂ ਹੈ ਹੀ ਸੀ, ਪਰ ਸੋਚਦਾ ਸਾਂ ਅਜੇ ਤਾਂ ਕਾਫੀ ਉਮਰ ਹੈ। ਇਕ ਦੋ ਦਿਨ ਪਹਿਲਾਂ ਤੈਨੂੰ ਦਸ ਦਿਆਂਗਾ।

ਪਰ ਅੱਜ ਤਾਂ ਕੇਵਲ ਤੇਰੀ ਇਕ ਦਿਨ ਦੀ ਜ਼ਿੰਦਗੀ ਰਹਿ ਗਈ ਹੈ। ਇਸ ਵਾਸਤੇ ਅੱਜ ਤਾਂ ਦੱਸਣਾ ਹੀ ਪਏਗਾ।" ਉਸ ਨੌਜਵਾਨ ਨੇ ਪੁਛਿਆ ਕਿ ਜੋ ਦਸਣਾ ਹੈ ਦਸ ਦਿਉ? ਉਸ ਮਹਾਤਮਾ ਨੇ ਕਿਹਾ, "ਕਿ ਤੇਰੀ ਜ਼ਿੰਦਗੀ ਕੇਵਲ ਕੱਲ੍ਹ ਦਾ ਦਿਨ ਹੈ। ਕਲ੍ਹ ਤੱਕ ਜੋ ਕੰਮ ਕਰਨੇ ਹਨ, ਕਰ ਲੈ। ਜੋ ਮੇਰੇ ਕੋਲੋਂ ਪੁੱਛਣਾ ਹੈ ਪੁੱਛ ਲੈ?" ਉਸ ਨੌਜਵਾਨ ਨੂੰ ਇਹ ਪੂਰਨ ਯਕੀਨ ਸੀ ਕਿ ਇਹ ਮਹਾਂਪੁਰਖ ਜੋ ਕਹਿਣ, ਉਹ ਸੱਚ ਹੀ ਹੁੰਦਾ ਹੈ। ਕਿਉਂਕਿ ਉਹ ਮਹਾਤਮਾ ਨੇ ਜ਼ਿੰਦਗੀ ਵਿਚ ਝੂਠੀ ਗੱਲ ਕਦੇ ਕਹੀ ਹੀ ਨਹੀਂ ਸੀ। ਇਸ ਵਾਸਤੇ ਉਸ ਨੌਜਵਾਨ ਨੂੰ ਇਹ ਯਕੀਨ ਸੀ ਕਿ ਇਸ ਮਹਾਤਮਾ ਨੇ ਕਹਿ ਦਿੱਤਾ ਹੈ ਕਿ ਮੇਰੀ ਕੱਲ੍ਹ ਨੂੰ ਮੌਤ ਹੋਵੇਗੀ ਤਾਂ ਯਕੀਨਨ ਹੀ ਮੈਂ ਕਲ੍ਹ ਨੂੰ ਮਰ ਜਾਣਾ ਹੈ। ਹੁਣ ਉਹ ਮਹਾਤਮਾ ਤਾਂ ਉਸ ਨੌਜਵਾਨ ਨੂੰ ਕਹੇ ਕਿ "ਤੂੰ ਕਈ ਦਿਨਾਂ ਦਾ ਮੇਰੇ ਕੋਲੋਂ ਕੋਈ ਸੁਆਲ ਪੁੱਛਣ ਲਈ ਕਹਿੰਦਾ ਸੀ। ਸੋ, ਜੋ ਕੁਝ ਪੁਛਣਾ ਹੈ, ਅੱਜ ਪੁੱਛ ਲੈ।" ਪਰ ਉਸ ਨੌਜਵਾਨ ਨੂੰ ਤਾਂ ਇਸ ਤਰ੍ਹਾਂ ਹੋ ਗਿਆ ਕਿ ਜਿਵੇਂ ਉਸ ਨੂੰ ਕੁਝ ਸੁਣਾਈ ਹੀ ਨਹੀਂ ਦੇਂਦਾ। ਉਸ ਨੂੰ ਤਾਂ ਕੇਵਲ ਇਕ ਹੀ ਘਬਰਾਹਟ ਸੀ ਕਿ ਮੈਂ ਕੱਲ੍ਹ ਨੂੰ ਮਰ ਜਾਵਾਂਗਾ? ਉਹ ਮਹਾਤਮਾ ਕਹਿਣ ਲੱਗਾ ਕਿ "ਤੂੰ ਕੁਝ ਪੁੱਛਣਾ ਸੀ।" ਉਹ ਨੌਜਵਾਨ ਕਹਿਣ ਲਗਾ ਕਿ "ਹੁਣ ਤੁਸੀਂ ਮੈਨੂੰ ਘਰ ਜਾਣ ਦਿਉ? ਮੈਂ ਕੁਝ ਨਹੀਂ ਪੁੱਛਣਾ।" ਪਰ ਉਹ ਮਹਾਤਮਾ ਕਹਿਣ ਲਗੇ ਕਿ "ਕੱਲ੍ਹ ਤਾਂ ਤੇਰੇ ਕੋਲ ਕੋਈ ਮੌਕਾ ਨਹੀਂ ਹੋਵੇਗਾ। ਇਸ ਵਾਸਤੇ ਜੋ ਕੁਝ ਪੁੱਛਣਾ ਹੈ ਅੱਜ ਹੀ ਪੁੱਛ ਲੈ?" ਉਹ ਨੌਜਵਾਨ ਖਿੱਝ ਕੇ ਕਹਿਣ ਲਗਾ ਕਿ "ਮੈਂ ਕੁਝ ਨਹੀਂ ਪੁੱਛਣਾ, ਤੁਸੀਂ ਮੈਨੂੰ ਕੇਵਲ ਘਰ ਤਕ ਜਾਣ ਦਿਉ?"

ਉਹ ਨੌਜਵਾਨ ਜੋ ਕਿ ਚੜ੍ਹਦੀ ਜਵਾਨੀ ਸੀ ਉਹ ਉਸ ਮਹਾਤਮਾ ਦੇ ਆਸ਼ਰਮ ਵਿਚੋਂ ਇਸ ਤਰ੍ਹਾਂ ਗੋਡਿਆਂ ਤੇ ਹੱਥ ਧਰ ਕੇ ਉਠਿਆ, ਜਿਵੇਂ ਕੋਈ ਅੱਸੀ ਸਾਲਾਂ ਦਾ ਬੁੱਢਾ ਹੁੰਦਾ ਹੈ। ਉਸ ਨੂੰ ਚੱਕਰ ਆ ਰਹੇ ਸਨ ਤੇ ਕੰਧਾਂ ਦਾ ਸਹਾਰਾ ਲੈ ਲੈ ਚਲ ਰਿਹਾ ਸੀ। ਬੜੀ ਮੁਸ਼ਕਲ ਨਾਲ ਉਹ ਆਪਣੇ ਘਰ ਤੱਕ ਪਹੁੰਚਿਆ। ਘਰ ਵਾਲੇ ਵੀ ਦੇਖ ਕੇ ਬੜੇ ਹੈਰਾਨ ਹੋਏ ਕਿ ਇਹ ਤਾਂ ਘਰੋਂ ਚੰਗਾ ਭਲਾ ਗਿਆ ਸੀ, ਇਸ ਨੂੰ ਹੋ ਕੀ ਗਿਆ ਹੈ? ਸਾਰੇ ਪੁੱਛਣ ਲਗੇ ਕਿ "ਤੈਨੂੰ ਕੀ ਹੋਇਆ ਹੈ?" ਉਹ ਕਹੇ ਕਿ "ਅਜੇ ਤਾਂ ਕੁਝ ਨਹੀਂ ਹੋਇਆ ਪਰ ਕੱਲ੍ਹ ਨੂੰ ਹੋਵੇਗਾ।" ਘਰ ਵਾਲੇ ਸਾਰੇ ਕਹਿਣ ਕਿ "ਤੂੰ ਤਾਂ ਸਾਨੂੰ ਬਿਮਾਰ ਲੱਗਦਾ ਹੈਂ, ਤੈਨੂੰ ਠੰਡੀਆਂ ਤਰੇਲੀਆਂ ਆ ਰਹੀਆਂ ਹਨ। ਕੋਈ ਗਰਮੀ ਦੇ ਦਿਨ ਵੀ ਨਹੀਂ ਹਨ, ਪਰ ਤੈਨੂੰ ਪਸੀਨਾ ਆ ਰਿਹਾ ਹੈ।" ਪਰ ਉਹ ਨੌਜਵਾਨ ਬਥੇਰਾ ਕਹੇ ਕਿ "ਤੁਸੀਂ ਕੋਈ ਫਿਕਰ ਨਾ ਕਰੋ।" ਪਰ ਉਸ ਦੀ ਹਾਲਤ ਦਸਦੀ ਸੀ ਕਿ ਇਹ ਠੀਕ ਨਹੀਂ ਹੈ। ਸਾਰਿਆਂ ਦੇ ਜੋਰ ਦੇ ਕੇ ਪੁੱਛਣ ਤੇ ਉਸ ਨੇ ਦਸਿਆ ਕਿ ਅੱਜ ਮਹਾਂਪੁਰਖਾਂ ਨੇ ਕਿਹਾ ਹੈ ਕਿ "ਮੈਂ ਕੱਲ੍ਹ ਨੂੰ ਮਰ ਜਾਣਾ ਹੈ।" ਇਹ ਸੁਣ ਕੇ ਤਾਂ ਸਾਰਿਆਂ ਨੂੰ ਘਬਰਾਹਟ ਹੋਣ ਲਗੀ। ਕਿਉਂਕਿ ਸਭ ਨੂੰ ਪਤਾ ਸੀ ਕਿ

ਮੌਤ ਦੀ ਕਲਾ' ਵੀ ਵਰਤ ਰਹੀ ਹੈ। ਨਾ ਹੀ ਜੀਵਨ ਖਤਮ ਹੁੰਦਾ ਹੈ ਅਤੇ ਨਾ ਹੀ ਮੌਤ ਆਪਣਾ ਕੰਮ ਬੰਦ ਕਰਦੀ ਹੈ। ਅਰਬਦ ਨਰਬਦ ਸਮੇਂ ਤੋਂ ਇਹ ਸਿਲਸਿਲਾ ਨਿਰੰਤਰ ਏਸੇ ਤਰ੍ਹਾਂ ਚਲਿਆ ਆ ਰਿਹਾ ਹੈ। ਇਸ ਯਾਤਰਾ ਵਿਚ ਨਿਰੰਤਰ ਜੀਵਨ ਦੇ ਰੂਪ ਬਦਲਦੇ ਰਹਿੰਦੇ ਹਨ ਅਤੇ ਮੌਤ ਹਮੇਸ਼ਾ ਜੀਵਨ ਦੇ ਹਰ ਰੂਪ ਵਿਚ ਛਿਪ ਕੇ ਆਪਣਾ ਕੰਮ ਕਰਦੀ ਰਹਿੰਦੀ ਹੈ।

ਮੈਂ ਕਈ ਦਫਾ ਇਕੱਲਿਆਂ ਬੈਠ ਕੇ ਮੌਤ ਬਾਰੇ ਵਿਚਾਰ ਕਰਦਾ ਹਾਂ। ਇਕ ਮੌਤ ਹੀ ਐਸੀ ਘਟਨਾ ਹੈ, ਜੋ ਜੀਵ ਦੇ ਸਬੰਧ ਇਸ ਸੰਸਾਰ ਨਾਲੋਂ ਸਦਾ ਲਈ ਤੋੜ ਦੇਂਦੀ ਹੈ। ਹਾਲਾਂ ਕਿ ਇਹ ਸਬੰਧ ਟੁਟਦੇ ਨਹੀਂ, ਕੇਵਲ ਸਰੀਰ ਸਾਥ ਛੱਡਦਾ ਹੈ। ਪਰ ਇਹ ਸਰੀਰਾਂ ਦਾ ਸਰੀਰਾਂ ਨਾਲੋਂ ਵਿਛੋੜਾ ਹੀ ਸਾਨੂੰ ਮੌਤ ਲਗਦਾ ਹੈ। ਇਸ ਵਾਸਤੇ ਹਰ ਜੀਵ ਨੂੰ ਜੋ ਮੌਤ ਦਾ ਭਿਆਨਕ ਰੂਪ ਦਿਸਦਾ ਹੈ, ਉਹ ਇਹ ਹੈ ਕਿ ਇਕ ਵਾਰੀ ਸਰੀਰ ਦਾ ਸੰਸਾਰ ਨਾਲੋਂ ਸਬੰਧ ਟੁੱਟ ਗਿਆ ਤਾਂ ਉਹ ਦੁਬਾਰਾ ਨਹੀਂ ਬਣਨਾ। ਇਸ ਵਾਸਤੇ ਮੌਤ ਹਰੇਕ ਵਾਸਤੇ ਬੜੀ ਡਰਾਉਣੀ ਹੈ।

ਮੈਂ ਸੋਚਦਾ ਹਾਂ, ਕਾਸ਼! ਪ੍ਰਭੂ ਨੇ ਇਕੱਲਾ ਜੀਵਨ ਹੀ ਬਣਾਇਆ ਹੁੰਦਾ। ਮੌਤ ਵਰਗੀ ਭਿਆਨਕ ਘਟਨਾ ਜੀਵ ਦੇ ਜੀਵਨ ਵਿਚ ਕਦੇ ਵੀ ਨਾ ਘਟਦੀ। ਹਰ ਇਕ ਜੀਵ ਦੀ ਏਹੀ ਮੰਗ ਹੈ, ਕਿ ਮੌਤ ਨਾਮ ਦੀ ਕੋਈ ਸ਼ਕਤੀ ਨਾ ਹੋਵੇ। ਕੇਵਲ ਜੀਵਨ ਹੀ ਜੀਵਨ ਹੋਵੇ। ਜੇ ਪ੍ਰਭੂ, ਜੀਵਾਂ ਦੀ ਇਹ ਮੰਗ ਪੂਰੀ ਕਰ ਦੇਵੇ ਅਤੇ ਸੰਸਾਰੀ ਜੀਵਨ ਵਿਚੋਂ ਮੌਤ ਨੂੰ ਮਿਟਾ ਦੇਵੇ, ਤਾਂ ਫਿਰ ਇਸ ਸੰਸਾਰ ਵਿਚ ਪਤਾ ਹੈ, ਕੀ ਹੋਵੇਗਾ? ਫਿਰ ਉਹ ਹੋਵੇਗਾ ਜੋ, ਇਕ ਚਲਦੀ ਹੋਈ ਨਦੀ ਨੂੰ ਰੋਕ ਦੇਈਏ ਤਾਂ ਹੁੰਦਾ ਹੈ। ਨਦੀ ਵਿਚ ਪਿਛੋਂ ਪਾਣੀ ਆਉਂਦਾ ਹੈ ਅਤੇ ਅਗੇ ਜਾਈ ਜਾਂਦਾ ਹੈ। ਪਰ ਨਦੀ ਵਿਚ ਪਿਛੋਂ ਪਾਣੀ ਆਉਂਦਾ ਹੀ ਜਾਵੇ, ਪਰ ਅਗੋਂ ਅਸੀਂ ਨਦੀ ਦੇ ਪਾਣੀ ਨੂੰ ਬੰਨ੍ਹ ਦੇਈਏ। ਫਿਰ ਓਹੀ ਨਦੀ ਕਿਨਾਰਿਆਂ ਤੋਂ ਉੱਛਲ-ਉੱਛਲ ਕੇ ਸਾਰੇ ਸੰਸਾਰ ਨੂੰ ਨਰਕ ਬਣਾ ਕੇ ਰੱਖ ਦੇਵੇਗੀ। ਫਿਰ ਜਿਹੜੇ ਜੀਵਨ ਨੂੰ ਅਸੀਂ ਸੁਖ ਸਮਝਦੇ ਹਾਂ, ਓਹੀ ਮੌਤ ਨਾਲੋਂ ਵੀ ਜ਼ਿਆਦਾ ਭਿਆਨਕ ਜਾਪੇਗਾ।

ਦਰਅਸਲ ਸੰਸਾਰ ਦਾ ਜੀਵਨ ਵਹਿੰਦੇ ਦਰਿਆ ਦੀ ਤਰ੍ਹਾਂ ਹੈ। ਹਰ ਜੀਵ ਦਾ ਜੀਵਨ ਪਾਣੀ ਵਾਂਗ ਵਹਿ ਰਿਹਾ ਹੈ। ਮੌਤ ਇਸ ਵਹਿਣ ਨੂੰ ਸਦਾ ਨਵਾਂ ਰੱਖਦੀ ਹੈ। ਜਿਨ੍ਹਾਂ ਜੀਵਾਂ ਦੇ ਸਰੀਰ ਪੁਰਾਣੇ ਤੇ ਬੁੱਢੇ ਹੋ ਜਾਂਦੇ ਹਨ, ਮੌਤ ਦੀ ਪ੍ਰਕਿਰਿਆ ਦੁਆਰਾ ਉਹ ਸੰਸਾਰ ਵਿਚੋਂ ਖਤਮ ਹੋ ਜਾਂਦੇ ਹਨ। ਉਹਨਾਂ ਜੀਵਾਂ ਨੂੰ ਨਵੇਂ ਸਰੀਰ ਮਿਲਦੇ ਹਨ ਅਤੇ ਉਹ ਫਿਰ ਇਸ ਸੰਸਾਰ ਦੇ ਦਰਿਆ ਵਿਚ ਜੀਵਨ ਬਣ ਕੇ ਵਹਿ ਤੁਰਦੇ ਹਨ। ਇਹ ਪਰਿਵਰਤਨ "ਮੌਤ ਦੀ ਕਲਾ" ਦੁਆਰਾ ਹਮੇਸ਼ਾ ਹੁੰਦਾ ਹੈ।

ਇਹ ਜੀਵਨ ਅੱਜ ਨਵਾਂ ਨਹੀਂ ਚਲਿਆ। ਅਰਬਾਂ ਖਰਬਾਂ ਯੁਗਾਂ ਯੁਗਾਂਤਰਾਂ ਤੋਂ ਇਹ ਚਲਿਆ ਹੋਇਆ ਹੈ। ਜਿਵੇਂ ਨਦੀ ਚਲਦੀ ਹੈ। ਉਸ ਨੂੰ ਕੋਈ ਨਹੀਂ ਪੁਛਦਾ ਕਿ

ਦਿਲੀ ਰਹਸ ਇਹ ਬੰਦਾ ਸਾਰੀ ਜ਼ਿੰਦਗੀ ਲੁਕਾ ਕੇ ਰੱਖਦਾ ਹੈ, ਉਹ ਮਰਦੇ ਵਕਤ ਸਾਰੇ ਖੋਲ੍ਹ ਦੇਂਦਾ ਹੈ। ਇਸੇ ਕਰਕੇ ਹੀ ਪੁਰਾਣੇ ਸਾਧੂ ਲੋਕ ਸ਼ਮਸ਼ਾਨ ਭੂਮੀਆਂ ਵਿਚ ਜਾ ਕੇ ਸਾਧਨਾ ਕਰਦੇ ਸਨ। ਉਹ ਸਮਝਦੇ ਸਨ ਕਿ ਸ਼ਮਸ਼ਾਨ ਘਾਟ ਵਿਚ ਮੌਤ ਸਦਾ ਯਾਦ ਰਹਿੰਦੀ ਹੈ।

ਸਿਆਣਿਆਂ ਦਾ ਕਹਿਣਾ ਹੈ ਕਿ ***"ਮੌਤ ਤੇ ਰੱਬ ਨੂੰ ਸਦਾ ਯਾਦ ਰੱਖੋ।"*** ਜਿਹੜਾ ਆਦਮੀ ਇਹਨਾਂ ਦੋਵਾਂ ਨੂੰ ਯਾਦ ਰੱਖਦਾ ਹੈ, ਉਸ ਦਾ ਜੀਵਨ ਕਦੇ ਗਲਤ ਨਹੀਂ ਹੁੰਦਾ।

ਫਰੀਦ ਜੀ ਕਹਿੰਦੇ ਹਨ ਕਿ ਮੌਤ ਬੜੀ ਸ਼ਕਤੀ ਸ਼ਾਲੀ ਹੈ। ਆਪਣੇ ਚਿਤ ਵਿਚ ਮਹਿਲ ਮਾੜੀਆਂ ਨੂੰ ਯਾਦ ਕਰਨ ਦੀ ਬਜਾਏ ਮੌਤ ਨੂੰ ਯਾਦ ਕਰ, ਕਿਉਂਕਿ ਅੰਤਿਮ ਅੰਜਾਮ ਮੌਤ ਹੈ।

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥
ਸਾਈ ਜਾਇ ਸਮੑਾਲਿ ਜਿਥੈ ਹੀ ਤਉ ਵੰਞਣਾ॥ ੫੮॥

(ਪੰਨਾ ੧੩੮੦)

ਇਕ ਪੁਰਾਣੀ ਪੋਥੀ ਵਿਚੋਂ ਮੈਂ ਇਕ ਕਥਾ ਪੜ੍ਹੀ ਸੀ ਕਿ ਇਕ ਮਹਾਤਮਾ ਇਕ ਰਾਜੇ ਕੋਲ ਅਕਸਰ ਜਾਂਦਾ ਸੀ। ਉਸ ਰਾਜੇ ਦਾ ਜੀਵਨ ਸਾਧਿਆ ਹੋਇਆ ਸੀ ਕਿ ਏਨਾ ਸ਼ਾਂਤ ਜੀਵਨ ਦੇਖ ਕੇ ਉਸ ਸਾਧੂ ਨੂੰ ਯਕੀਨ ਨਹੀਂ ਸੀ ਆਉਂਦਾ ਕਿ ਇਕ ਰਾਜੇ ਦਾ ਜੀਵਨ ਏਨਾ ਪਵਿੱਤਰ ਹੋ ਸਕਦਾ ਹੈ। ਉਸ ਰਾਜੇ ਦੇ ਰਾਜ ਵਿਚ ਅਕਸਰ ਜਨਤਾ ਬੜੀ ਖੁਸ਼ ਸੀ। ਉਸ ਰਾਜੇ ਦਾ ਜਿਉਣ ਦਾ ਢੰਗ ਬੜਾ ਨਿਰਾਲਾ ਸੀ। ਉਹ ਆਪਣੀ ਜਨਤਾ ਨੂੰ ਅਕਸਰ ਕਹਿੰਦਾ ਸੀ ਕਿ

ਜੀਉ ਇਸ ਤਰ੍ਹਾਂ ਵੀ ਕਿ ਜਿਵੇਂ ਇਸ ਦੁਨੀਆਂ ਵਿਚ ਸਦਾ ਰਹਿਣਾ ਹੈ॥
ਮਗਰ ਜੀਉ ਇਸ ਤਰ੍ਹਾਂ ਵੀ ਕਿ ਜਿਵੇਂ ਅੱਜ ਦਾ ਦਿਨ ਆਖਰੀ ਹੋਵੇ॥

ਵਾਕਿਆ ਹੀ ਉਹ ਰਾਜਾ ਇਸੇ ਤਰ੍ਹਾਂ ਹੀ ਜਿਉਂਦਾ ਸੀ। ਸਵੇਰ ਤੋਂ ਲੈ ਕੇ ਸ਼ਾਮ ਤਕ ਉਹ ਰਾਜਾ, ਇਸ ਤਰ੍ਹਾਂ ਕੰਮ ਕਰਦਾ ਸੀ, ਜਿਵੇਂ ਕਿ ਸਾਰੇ ਸੰਸਾਰ ਦੀ ਚਿੰਤਾ ਰਾਜੇ ਨੂੰ ਹੀ ਹੈ। ਮਗਰ ਸ਼ਾਮ ਪੈਂਦਿਆਂ ਸਾਰ ਹੀ ਉਹ ਸਾਰੇ ਕੰਮ ਇਸ ਤਰ੍ਹਾਂ ਛੱਡ ਦੇਂਦਾ ਸੀ ਜਿਵੇਂ ਇਹ ਉਸ ਦਾ ਅੰਤਿਮ ਦਿਨ ਹੋਵੇ। ਉਹ ਮਹਾਤਮਾ ਉਸ ਰਾਜੇ ਦੇ ਜੀਵਨ ਤੋਂ ਬੜਾ ਹੈਰਾਨ ਸੀ। ਉਸ ਨੂੰ ਸ਼ੱਕ ਸੀ ਕਿ ਰਾਜਿਆਂ ਦਾ ਜੀਵਨ ਇਸ ਤਰ੍ਹਾਂ ਦਾ ਨਹੀਂ ਹੋ ਸਕਦਾ। ਉਹ ਮਹਾਤਮਾ ਅਕਸਰ ਸੋਚਦਾ ਸੀ ਕਿ ਇਹ ਰਾਜਾ ਪਖੰਡੀ ਹੈ। ਇਕ ਦਿਨ ਉਸ ਮਹਾਤਮਾ ਨੇ ਉਸ ਰਾਜੇ ਨੂੰ ਕਹਿ ਹੀ ਦਿੱਤਾ ਕਿ "ਮੈਨੂੰ ਤੇਰੇ ਜੀਵਨ ਤੇ ਸ਼ੱਕ ਹੈ। ਇਕ ਰਾਜੇ ਦਾ ਜੀਵਨ ਇਸ ਤਰ੍ਹਾਂ ਦਾ ਨਹੀਂ ਹੋ ਸਕਦਾ। ਖਾਣ ਪੀਣ ਲਈ ਏਨੇ ਪਦਾਰਥ ਹੋਣ। ਸੇਵਾ ਕਰਨ ਲਈ ਏਨੀਆਂ ਸੋਹਣੀਆਂ ਇਸਤਰੀਆਂ ਹੋਣ ਤੇ ਫੌਜਾਂ ਵੀ ਹੋਣ। ਫਿਰ ਵੀ ਉਹ ਬੰਦਾ ਏਨਾ ਵੈਰਾਗੀ ਹੋਵੇ, ਮੇਰਾ ਮਨ ਨਹੀਂ

ਮੰਨਦਾ। ਉਹ ਸਾਧੂ ਉਸ ਰਾਜੇ ਨੂੰ ਕਹਿਣ ਲਗਾ ਕਿ ਤੂੰ ਮੈਨੂੰ ਕੋਈ ਐਸਾ ਕੰਮ ਕਰਕੇ ਦਿਖਾ ਕਿ ਮੈਨੂੰ ਯਕੀਨ ਆਵੇ ਕਿ ਤੂੰ ਪਖੰਡੀ ਨਹੀਂ।" ਉਹ ਰਾਜਾ ਕਹਿਣ ਲਗਾ ਕਿ "ਇਸ ਦੀ ਕੀ ਜਰੂਰਤ ਹੈ? ਤੁਸੀਂ ਅੱਜ ਰਾਤ ਮੇਰੇ ਕੋਲ ਰਹੋ ਤਾਂ ਕਿ ਮੈਨੂੰ ਆਪ ਦੀ ਸੇਵਾ ਕਰਨ ਦਾ ਸੁਭਾਗ ਮਿਲ ਸਕੇ।" ਉਹ ਮਹਾਤਮਾ ਕਹਿਣ ਲਗਾ ਕਿ "ਰਾਤ ਤਾਂ ਮੈਂ ਜਰੂਰ ਰਹਿ ਲੈਂਦਾ ਹਾਂ, ਪਰ ਮੇਰਾ ਸ਼ੱਕ ਨਵਿਰਤ ਕਰਨ ਦਾ ਜਰੂਰ ਯਤਨ ਕਰਨਾ।" ਉਹ ਰਾਜਾ ਕਹਿਣ ਲਗਾ ਕਿ "ਮੈਂ ਯਤਨ ਕਰਾਂਗਾ।" ਉਸ ਰਾਜੇ ਨੇ ਸਾਰਾ ਦਿਨ ਤਾਂ ਉਸ ਸਾਧੂ ਦੀ ਖੂਬ ਸੇਵਾ ਕੀਤੀ। ਪਰ ਜਦੋਂ ਰਾਤ ਨੂੰ ਸੌਣ ਦਾ ਸਮਾਂ ਹੋਇਆ ਤਾਂ ਰਾਜੇ ਨੇ ਉਸ ਸਾਧੂ ਦਾ ਬਿਸਤਰਾ ਇਕ ਐਸੀ ਕੋਠੜੀ ਵਿਚ ਲਗਵਾਇਆ, ਜਿਸ ਵਿਚ ਕੇਵਲ ਲੇਟਿਆ ਹੀ ਜਾ ਸਕਦਾ ਸੀ। ਆਸੇ ਪਾਸੇ ਵੀ ਨਹੀਂ ਸੀ ਹੋਕੇ ਪਾਸਾ ਲਿਆ ਜਾ ਸਕਦਾ। ਉਸ ਕੋਠੜੀ ਵਿਚ ਰਾਜੇ ਨੇ ਬਹੁਤ ਸਾਰੇ ਫਲ ਤੇ ਹੋਰ ਛੱਤੀ ਪ੍ਰਕਾਰ ਦੇ ਪਦਾਰਥ ਵੀ ਉਸ ਦੇ ਖਾਣ ਵਾਸਤੇ ਰਖਵਾ ਦਿੱਤੇ। ਉਸ ਰਾਜੇ ਨੇ ਉਸ ਸਾਧੂ ਨੂੰ ਕਿਹਾ ਕਿ, "ਇਸ ਕੋਠੜੀ ਵਿਚ ਐਸ਼ ਅਰਾਮ ਦਾ ਸਭ ਸਾਮਾਨ ਹੈ। ਖਾਉ ਪੀਉ ਤੇ ਬੇਫਿਕਰ ਹੋ ਕੇ ਸੌਂ ਜਾਣਾ।" ਰਾਜਾ ਉਸ ਮਹਾਤਮਾ ਨੂੰ ਕੋਠੜੀ ਦਾ ਦਰਵਾਜਾ ਲੰਘਾ ਕੇ ਚਲਾ ਗਿਆ। ਉਹ ਮਹਾਤਮਾ ਜਿਉਂ ਹੀ ਬਿਸਤਰੇ ਉਪਰ ਲੇਟਿਆ ਤਾਂ ਉਸ ਦਾ ਧਿਆਨ ਉਪਰ ਛੱਤ ਵਲ ਗਿਆ। ਛੱਤ ਨਾਲ ਦੋ ਮਣ ਭਾਰੀ ਇਕ ਦੋ ਧਾਰੀ ਤਲਵਾਰ ਲਟਕ ਰਹੀ ਸੀ। ਉਹ ਤਲਵਾਰ ਬੜੀਆਂ ਬਰੀਕ ਸੂਤ ਦੀਆਂ ਤੰਦਾਂ ਨਾਲ ਬੱਝੀ ਹੋਈ ਸੀ। ਜਾਂ ਉਸ ਸਾਧੂ ਨੇ ਬੜੀ ਬਰੀਕੀ ਨਾਲ ਦੇਖਿਆ ਤਾਂ ਉਹ ਤਲਵਾਰ ਬੜੀ ਸਹਿਜ ਨਾਲ ਥੱਲੇ ਵੱਲ ਸਰਕ ਰਹੀ ਸੀ। ਤਲਵਾਰ ਨੂੰ ਸਰਕਦੀ ਦੇਖ ਕੇ, ਉਸ ਸਾਧੂ ਦੇ ਹੋਸ਼ ਉਡ ਗਏ। ਉਸ ਨੂੰ ਹੁਣ ਨੀਂਦ ਕਿਥੇ ਆਉਣੀ ਸੀ। ਉਹ ਸੋਚਣ ਲਗਾ ਕਿ ਜੇ ਇਹ ਤਲਵਾਰ ਉਪਰੋਂ ਥੱਲੇ ਡਿੱਗੀ ਤਾਂ ਬਚਣ ਦਾ ਕੋਈ ਮੌਕਾ ਨਹੀਂ। ਉਸ ਮਹਾਤਮਾ ਨੇ ਸਾਰੀ ਰਾਤ ਉਸ ਕੋਠੜੀ ਦੇ ਇਕ ਕੋਨੇ ਵਿੱਚ ਬੈਠ ਕੇ ਬਿਤਾਈ। ਰੱਬ ਰੱਬ ਕਰਦਿਆਂ ਰਾਤ ਬੀਤੀ। ਸਵੇਰੇ ਰਾਜੇ ਨੇ ਪੁਛਿਆ, "ਸੰਤ ਜੀ! ਸੁਣਾਉ, ਰਾਤ ਕਿਵੇਂ ਬੀਤੀ?" ਉਹ ਮਹਾਤਮਾ ਕਹਿਣ ਲਗਾ ਕਿ "ਮੈਂ ਤਾਂ ਸਾਰੀ ਰਾਤ ਸੌਂ ਹੀ ਨਹੀਂ ਸਕਿਆ।" ਰਾਜਾ ਕਹਿਣ ਲਗਾ ਕਿ "ਤੁਸੀਂ ਸੌਂ ਕਿਉਂ ਨਹੀਂ ਸਕੇ? ਸਭ ਖਾਣ ਪੀਣ ਦਾ ਸਾਮਾਨ ਤਾਂ ਤੁਹਾਡੇ ਕੋਲ ਸੀ।" ਉਹ ਸਾਧੂ ਕਹਿਣ ਲਗਾ ਕਿ "ਸੌਣਾ ਮੈਂ ਕਿਵੇਂ ਸੀ? ਦੋ ਮਣ ਦੀ ਤਲਵਾਰ ਉਪਰੋਂ ਸਰਕ ਰਹੀ ਸੀ। ਫਿਰ ਉਹ ਸੂਤ ਦੀਆਂ ਕੱਚੀਆਂ ਤੰਦਾਂ ਨਾਲ ਬੱਝੀ ਹੋਈ ਸੀ। ਕੀ ਪਤਾ ਕਦੋਂ ਟੁੱਟ ਕੇ ਥੱਲੇ ਡਿਗਦੀ।" ਉਹ ਰਾਜਾ ਕਹਿਣ ਲਗਾ ਕਿ "ਤੁਸੀਂ ਮੈਨੂੰ ਕਹਿੰਦੇ ਸੀ ਕਿ ਮੇਰੀ ਸ਼ੰਕਾ ਨਵਿਰਤ ਕਰਨੀ।" ਮਹਾਤਮਾ ਕਹਿਣ ਲੱਗਾ ਕਿ, "ਮੈਨੂੰ ਸਮਝ ਨਹੀਂ ਲਗੀ।"

ਰਾਜਾ ਕਹਿਣ ਲਗਾ ਕਿ, "ਸਾਡਾ ਸਰੀਰ ਇਕ ਐਸੀ ਹੀ ਕੋਠੜੀ ਹੈ, ਜਿਸ

ਵਿਚ ਸਾਡਾ ਨਿਵਾਸ ਹੈ। ਅਸੀਂ ਸਰੀਰ ਨਹੀਂ ਬਲਕਿ ਸਰੀਰ ਵਿਚ ਰਹਿਣ ਵਾਲੇ ਨਿਵਾਸੀ ਹਾਂ। ਇੱਟਾਂ ਪੱਥਰਾਂ ਦੀ ਕੋਠੜੀ ਵਿਚ ਤਾਂ ਫਿਰ ਵੀ ਇਕ ਕੋਨੇ ਲਗ ਕੇ ਰਾਤ ਕੱਟੀ ਜਾ ਸਕਦੀ ਹੈ। ਪਰ ਇਸ ਸਰੀਰ ਦੀ ਕੋਠੜੀ ਵਿਚ ਕਿਸੇ ਕੋਨੇ ਲਗ ਕੇ ਜ਼ਿੰਦਗੀ ਦੀ ਰਾਤ ਨਹੀਂ ਕੱਟੀ ਜਾ ਸਕਦੀ। ਏਨੀ ਭਾਰੀ ਮੌਤ ਦੀ ਤਲਵਾਰ ਸੁਆਸਾਂ ਦੀਆਂ ਕੱਚੀਆਂ ਤੰਦਾਂ ਨਾਲ ਬੱਝੀ ਹੋਈ ਹੈ। ਇਹ ਤਲਵਾਰ ਰੋਜ਼ ਸਾਡੇ ਉਪਰ ਸਰਕ ਰਹੀ ਹੈ। ਜਿਹੜਾ ਦਿਨ ਬੀਤ ਜਾਂਦਾ ਹੈ, ਓਨੀ ਹੀ ਇਹ ਮੌਤ ਦੀ ਤਲਵਾਰ ਸਰਕ ਕੇ ਸਾਡੇ ਨੇੜੇ ਆ ਜਾਂਦੀ ਹੈ। ਉਹ ਰਾਜਾ ਕਹਿਣ ਲਗਾ ਮਹਾਤਮਾ ਜੀ! ਜਦੋਂ ਦਾ ਮੈਨੂੰ ਇਹ ਗਿਆਨ ਆਇਆ ਹੈ ਕਿ ਇਹ ਸੁਆਸਾਂ ਦੀ ਕੱਚੀ ਡੋਰ ਨਾਲ ਬੱਝੀ ਹੋਈ ਮੌਤ ਦੀ ਤਲਵਾਰ ਕਿਸੇ ਵੇਲੇ ਵੀ ਡਿੱਗ ਸਕਦੀ ਹੈ। ਓਦੋਂ ਤੋਂ ਹੀ, ਮੇਰਾ ਇਸ ਤਰ੍ਹਾਂ ਦਾ ਜੀਵਨ ਬਣ ਗਿਆ ਹੈ।" ਉਹ ਮਹਾਤਮਾ ਕਹਿਣ ਲਗਾ ਕਿ "ਤਸੱਲੀ ਹੋ ਗਈ ਹੈ।"

ਦਰਅਸਲ ਮੌਤ ਦਾ ਗਿਆਨ ਬੰਦੇ ਨੂੰ ਜੀਵਨ ਵਿਚ ਪੂਰਨ ਸਾਵਧਾਨ ਕਰਦਾ ਹੈ। ਜਦੋਂ ਇਹ ਪਤਾ ਲਗਦਾ ਹੈ ਕਿ ਜਿਸ ਸਰੀਰ ਦਾ ਮਨੁੱਖ ਨੂੰ ਬਹੁਤ ਅਹੰਕਾਰ ਹੈ ਉਸਦੀ ਬੁਨਿਆਦ ਰੇਤ ਦੀ ਕੰਧ ਨਾਲੋਂ ਵੀ ਕਮਜ਼ੋਰ ਹੈ। ਇਹ ਗਿਆਨ ਜਦੋਂ ਦਿਲੋਂ ਅਨੁਭਵ ਹੁੰਦਾ ਹੈ ਤਾਂ ਆਦਮੀ ਦੇ ਮੂੰਹੋਂ ਆਪ ਮੁਹਾਰੇ ਇਹ ਅਵਾਜ਼ ਨਿਕਲਦੀ ਹੈ ਕਿ:

ਰੇ ਨਰ ਇਹ ਸਾਚੀ ਜੀਅ ਧਾਰਿ॥
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥

(ਪੰਨਾ ੬੩੩)

ਗੰਭੀਰਤਾ ਨਾਲ ਸੋਚਿਆ ਜਾਵੇਗਾ ਤਾਂ ਮਨੁੱਖ ਨੂੰ ਹਕੀਕਤ ਵਿਚ ਇਹ ਸੰਸਾਰ ਖੁਲ੍ਹੀ ਅੱਖ ਦਾ ਸੁਪਨਾ ਪ੍ਰਤੀਤ ਹੋਵੇਗਾ। ਜਿਵੇਂ ਰਾਤ ਦਾ ਸੁਪਨਾ ਮਿਟਣ ਲਗਿਆਂ ਦੇਰ ਨਹੀਂ ਲਗਦੀ। ਇਵੇਂ ਹੀ ਸਰੀਰ ਦੇ ਨਾਸ਼ ਹੋਣ ਲਗਿਆਂ ਦੇਰ ਨਹੀਂ ਲਗਦੀ।

ਸੂਫੀ ਸੰਤਾਂ ਦੀ ਇਕ ਬੜੀ ਪ੍ਰਸਿੱਧ ਪੁਰਾਣੀ ਕਥਾ ਹੈ।

ਇਕ ਮਹਾਨ ਦਰਵੇਸ਼ ਦਾ ਮੁਰੀਦ, ਸੁਬਹ ਸੁਬਹ ਖੇਤਾਂ ਵਲ ਟਹਿਲਣ ਵਾਸਤੇ ਨਿਕਲਿਆ। ਅਚਾਨਕ ਕਿਸੇ ਨੇ ਉਸ ਦੇ ਮੋਢੇ ਤੇ ਹੱਥ ਰਖ ਕੇ ਰੋਕ ਲਿਆ। ਮੁਰੀਦ ਇਕ ਦਮ ਘਬਰਾ ਉਠਿਆ। ਰੁੱਕ ਕੇ ਉਸ ਨੇ ਪਿੱਛੇ ਦੇਖਿਆ ਤਾਂ ਮੌਤ ਦਾ ਫਰਿਸ਼ਤਾ, *"ਅਜ਼ਰਾਈਲ"* ਖਲੋਤਾ ਸੀ। ਦੇਖ ਕੇ ਮੁਰੀਦ ਹੈਰਾਨੀ ਵਿੱਚ ਪੈ ਗਿਆ ਕਿ ਅਚਾਨਕ ਮੌਤ ਆਣ ਖਲੋਤੀ ਹੈ? ਉਸ ਮੁਰੀਦ ਦੇ ਚਿੱਤ ਚੇਤੇ ਵਿਚ ਵੀ ਨਹੀਂ ਸੀ। ਏਨੀ ਛੇਤੀ ਮੌਤ ਆ ਜਾਵੇਗੀ। ਅਜ਼ਰਾਈਲ ਨੇ ਕਿਹਾ, "ਦੇਖ! ਘਬਰਾਉਣ ਦਾ ਕੋਈ ਕਾਰਣ ਨਹੀਂ ਹੈ। ਮੈਂ ਕਦੇ ਕਿਸੇ ਨੂੰ ਦੱਸ ਕੇ ਲੈਣ ਵਾਸਤੇ ਨਹੀਂ ਆਇਆ। ਸਮੇਂ ਸਿਰ ਹੀ ਪਹੁੰਚਦਾ ਹਾਂ ਤੇ ਲੈ ਜਾਂਦਾ ਹਾਂ ਤੇ ਦੇਰ ਵੀ ਨਹੀਂ ਕਰਦਾ। ਮੌਤ ਦੇ ਫਰਿਸ਼ਤੇ ਨੇ ਉਸ

ਮੁਰੀਦ ਨੂੰ ਕਿਹਾ ਕਿ ਤੇਰੇ ਉੱਪਰ ਮੈਨੂੰ ਬੜੀ ਦਇਆ ਆ ਰਹੀ ਹੈ। ਤੂੰ ਇਕ ਬਹੁਤ ਉੱਚ ਕੋਟੀ ਦੇ ਪੀਰ ਦਾ ਮੁਰੀਦ ਹੈਂ। ਅਜੇ ਤੇਰੇ ਮਰਣ ਵਿੱਚ ਚਾਰ ਪਹਿਰ ਬਾਕੀ ਹਨ। ਅੱਜ ਸ਼ਾਮ ਵੇਲੇ ਤੈਨੂੰ ਲੈ ਜਾਣ ਵਾਸਤੇ ਮੈਂ ਆਉਣਾ ਹੈ।" ਇੱਕ ਪੱਖ ਤੋਂ ਜੇ ਇਸ ਪੱਖ ਨੂੰ ਵਾਚੀਏ ਤਾਂ ਇਹ ਮੌਤ ਦੇ ਸੁਨੇਹੇ ਹਰੇਕ ਮਨੁੱਖ ਨੂੰ ਮਿਲਦੇ ਹਨ। ਜੁਆਨੀ ਢਲਦੀ ਹੈ। ਚਿਹਰੇ ਤੇ ਪਈਆਂ ਹੋਈਆਂ ਝੁਰੜੀਆਂ ਵੀ ਕੋਈ ਖਬਰ ਦੇਂਦੀਆਂ ਹਨ। ਕਾਲੇ ਵਾਲ ਚਲੇ ਜਾਂਦੇ ਹਨ ਤੇ ਧੌਲੇ ਆ ਜਾਂਦੇ ਹਨ। ਇਹ ਵੀ ਕੋਈ ਖਬਰ ਦੇਂਦੇ ਹਨ। ਸਰੀਰ ਦੇ ਇੰਦਰਿਆਂ ਦੀ ਸੱਤਿਆ ਕਮਜ਼ੋਰ ਪੈਣੀ ਸ਼ੁਰੂ ਹੋ ਜਾਂਦੀ ਹੈ, ਇਹ ਵੀ ਮੌਤ ਦਾ ਕੋਈ ਪੈਗਾਮ ਹਰ ਜੀਵ ਤੱਕ ਪਹੁੰਚਦਾ ਹੈ। ਸਨੇਹਾ ਤਾਂ ਇਹੀ ਹੁੰਦਾ ਹੈ ਕਿ ਉਹ ਸਮਾਂ ਨੇੜੇ ਆ ਰਿਹਾ ਹੈ। ਤੂੰ ਅਜੇ ਵੀ ਸਾਵਧਾਨ ਹੋ।

ਸੋ ਉਸ ਮੌਤ ਦੇ ਫਰਿਸ਼ਤੇ ਨੇ ਉਸ ਮੁਰੀਦ ਨੂੰ ਖਬਰ ਦਿੱਤੀ ਕਿ "ਤੂੰ ਬੜੇ ਕਾਮਲ ਪੀਰ ਦਾ ਮੁਰੀਦ ਹੈਂ। ਇਸ ਵਾਸਤੇ ਤੇਰੀ ਮੌਤ ਤੋਂ ਚਾਰ ਪਹਿਰ ਪਹਿਲਾਂ ਤੈਨੂੰ ਬੜੇ ਸਥੂਲ ਰੂਪ ਵਿਚ ਸੁਚੇਤ ਕਰਨ ਵਾਸਤੇ ਮੈਂ ਆਇਆ ਹਾਂ। ਅੱਜ ਸ਼ਾਮ ਆਉਣ ਦੇ ਨਾਲ ਹੀ, ਮੈਂ ਤੈਨੂੰ ਲੈ ਜਾਣ ਵਾਸਤੇ ਫਿਰ ਹਾਜ਼ਰ ਹੋਵਾਂਗਾ। ਜੇਕਰ ਤੇਰੇ ਪਾਸੋਂ ਕੋਈ ਉਪਰਾਲਾ ਹੋ ਸਕੇ ਤਾਂ ਆਪਣੇ ਬਚਾਓ ਵਾਸਤੇ ਯਤਨ ਕਰ ਲੈਣਾ?" ਏਨਾ ਸੰਦੇਸ਼ ਦੇਣ ਤੋਂ ਬਾਅਦ ਉਹ ਫਰਿਸ਼ਤਾ ਗਾਇਬ ਹੋ ਗਿਆ। ਉਸ ਮੁਰੀਦ ਨੂੰ ਤਾਂ ਸੈਰ ਭੁਲ ਗਈ। ਮੌਤ ਸਾਹਮਣੇ ਖਲੋਤੀ ਹੋਵੇ, ਸਮਾਂ ਮੁਕੱਰਰ ਅਤੇ ਪਤਾ ਵੀ ਲਗ ਜਾਵੇ। ਫਿਰ ਤਾਂ ਚਾਰ ਪਹਿਰ ਕੀ, ਚਾਰ ਸਾਲ ਵੀ ਹੋਣ ਤਾਂ ਵੀ ਮਨੁੱਖ ਡਗਮਗਾ ਜਾਂਦਾ ਹੈ। ਇਹ ਮੁਰੀਦ ਵਾਪਸ ਆਪਣੇ ਪੀਰ ਦੇ ਆਸ਼ਰਮ ਵਿੱਚ ਪਹੁੰਚ ਗਿਆ। ਆਪਣੀ ਹਾਲਤ ਆਪਣੇ ਪੀਰ ਅਗੇ ਬਿਆਨ ਕੀਤੀ। ਇਹ ਕਹਿਣ ਲਗਾ ਪੀਰ ਜੀ! "ਮੇਰੇ ਚਿੱਤ ਨੂੰ ਬੜੀ ਘਬਰਾਹਟ ਹੋ ਰਹੀ ਹੈ। ਪੀਰ ਕਹਿਣ ਲੱਗਾ ਕਿ, "ਉਹ ਤਾਂ ਮੈਂ ਦੇਖ ਹੀ ਰਿਹਾ ਹਾਂ, ਤੇਰੇ ਚਿਹਰੇ ਤੇ ਪਸੀਨਾ ਆ ਰਿਹਾ ਹੈ। ਕੋਈ ਕੰਮ ਦੌੜ ਭੱਜ ਦਾ ਤੂੰ ਕੀਤਾ ਨਹੀਂ, ਪਰ ਤੈਨੂੰ ਹੋਇਆ ਕੀ ਹੈ?" ਮੁਰੀਦ ਕਹਿਣ ਲੱਗਾ ਕਿ, "ਪੀਰ ਜੀ! ਮਸਲਾ ਬੜਾ ਗੰਭੀਰ ਹੈ। ਮੈਨੂੰ ਹੁਣੇ ਹੀ ਮੌਤ ਦਾ ਫਰਿਸ਼ਤਾ ਮਿਲਿਆ ਹੈ ਅਤੇ ਉਸ ਨੇ ਮੈਨੂੰ ਕਿਹਾ ਹੈ ਕਿ ਅੱਜ ਸ਼ਾਮ ਨੂੰ ਮੈਂ ਤੈਨੂੰ ਲੈਣ ਆਵਾਂਗਾ। ਨਾਲ ਉਸ ਨੇ ਇਹ ਵੀ ਕਿਹਾ ਹੈ ਕਿ ਜੇ ਕੋਈ ਬਚਾਉ ਲਈ ਕੋਈ ਯਤਨ ਕਰ ਸਕੇਂ ਤਾਂ ਕਰ ਲੈਣਾ। ਮੈਨੂੰ ਬੜੀ ਘਬਰਾਹਟ ਹੈ ਕਿ ਕੇਵਲ ਸ਼ਾਮ ਤੱਕ ਸਮਾਂ ਹੈ ਅਤੇ ਮੌਤ ਸਿਰ ਤੇ ਖੜੀ ਹੈ।"

ਖੈਰ! ਸ਼ਾਮ ਪੈਂਦਿਆਂ ਕੋਈ ਬਹੁਤੀ ਦੇਰ ਨਹੀਂ ਲਗਣੀ। ਏਸ ਵਾਸਤੇ ਮੈਂ ਕਿਤੇ ਦੂਰ ਨਿਕਲ ਜਾਣਾ ਚਾਹੁੰਦਾ ਹਾਂ? ਜਿਥੇ ਮੌਤ ਖੋਜਦੀ ਫਿਰੇ ਅਤੇ ਮੈਂ ਨਾ ਮਿਲਾਂ? ਮੈਂ ਇਸ ਆਸ਼ਰਮ ਤੋਂ ਕੋਹਾਂ ਦੂਰ ਜਾਣਾ ਚਾਹੁੰਦਾ ਹਾਂ। ਐ ਪੀਰ ਜੀ! ਕੀ ਤੁਸੀਂ ਮੇਰੀ ਕੋਈ ਮਦਦ ਕਰ ਸਕਦੇ ਹੋ? ਦਰਅਸਲ ਮੁਰੀਦ ਨੂੰ ਪੀਰ ਦੇ ਪਾਸ ਰਹਿ ਕੇ ਜਿਹੜੀ

ਸਮਝ ਪ੍ਰਾਪਤ ਕਰਨੀ ਚਾਹੀਦੀ ਸੀ, ਉਹ ਅਜੇ ਤੱਕ ਹੋਈ ਨਹੀਂ। ਜੇ ਇਹ ਮੁਰੀਦ ਕਾਬਲ ਹੁੰਦਾ ਤਾਂ, ਆਪਣੇ ਪੀਰ ਕੋਲ ਇਹ ਪ੍ਰਸ਼ਨ ਕਰਦਾ ਕਿ, "ਮੌਤ ਸਿਰ ਤੇ ਹੈ। ਜ਼ਿੰਦਗੀ ਦਾ ਕੋਈ ਐਸਾ ਅਨੁਭਵ ਕਰਾ ਦਿਉ? ਜਿਸ ਉੱਪਰ ਮੌਤ ਦਾ ਜ਼ੋਰ ਨਾ ਚਲੇ।" ਪਰ ਇਹ ਆਖਦਾ ਹੈ ਕਿ ਮੈਂ ਦੂਰ ਨਿਕਲ ਜਾਣਾ ਚਾਹੁੰਦਾ ਹਾਂ, ਕੋਈ ਮੇਰੀ ਮਦਦ ਕਰੋ? ਪੀਰ ਨੇ ਮਜ਼ਾਕ ਨਾਲ ਪੁਛਿਆ, "ਦੌੜ ਕੇ ਕਿੰਨੀ ਦੂਰ ਚਲਾ ਜਾਵੇਂਗਾ? ਥਕਾਵਟ ਹੋ ਜਾਏਗੀ। ਪਸੀਨਾ ਤੈਨੂੰ ਪਹਿਲਾਂ ਹੀ ਆ ਰਿਹਾ ਹੈ। ਜੇ ਦੂਰ ਹੀ ਜਾਣਾ ਹੈ ਤਾਂ ਮੇਰਾ ਘੋੜਾ ਬੜਾ ਵਧੀਆ ਹੈ। ਘੋੜੇ ਨੂੰ ਸਰਪਟ ਦੌੜਾ ਕੇ ਜਿੰਨੀ ਦੂਰ ਜਾ ਸਕਦਾ ਹੈਂ ਚਲਾ ਜਾ।" ਇਸ ਮੁਰੀਦ ਨੇ ਆਪਣੇ ਪੀਰ ਦਾ ਧੰਨਵਾਦ ਕੀਤਾ ਅਤੇ ਘੋੜੇ ਤੇ ਚੜ੍ਹ ਕੇ ਆਸ਼ਰਮ ਤੋਂ ਦੌੜ ਗਿਆ। ਸਾਰਾ ਦਿਨ ਨਾ ਆਪ ਆਰਾਮ ਕੀਤਾ ਅਤੇ ਨਾ ਹੀ ਘੋੜੇ ਨੂੰ ਆਰਾਮ ਕਰਨ ਦਿੱਤਾ। ਸ਼ਾਮ ਤੱਕ **ਦਮਿਸ਼ਕ** ਸ਼ਹਿਰ ਦੇ ਬਾਹਰ ਇਕ ਬਗੀਚੇ ਵਿੱਚ ਜਾ ਰੁਕਿਆ। ਏਥੇ ਪਹੁੰਚ ਕੇ ਸੋਚਣ ਲਗਾ ਕਿ ਹੁਣ ਤਾਂ ਕੋਹਾਂ ਦੂਰ ਆ ਗਏ ਹਾਂ। ਮੌਤ ਤਾਂ ਆਸ਼ਰਮ ਦੇ ਆਲੇ ਦੁਆਲੇ ਖੋਜਦੀ ਫਿਰੇਗੀ, ਜਾਂ ਆਸ਼ਰਮ ਦੇ ਕਮਰਿਆਂ ਵਿੱਚ। ਲੇਕਿਨ ਉਸ ਨੂੰ ਕੀ ਪਤਾ ਕਿ ਮੈਂ ਕੋਹਾਂ ਦੀ ਯਾਤਰਾ ਕਰਕੇ ਕਿੰਨੀ ਦੂਰ ਨਿਕਲ ਆਇਆ ਹਾਂ। ਘੋੜੇ ਤੋਂ ਥੱਲੇ ਉਤਰਿਆ। ਘੋੜੇ ਨੂੰ ਥਾਪੀ ਦਿੱਤੀ। ਇਕੱਲਾ ਹੀ ਖਲੋਤਾ ਹੈ, ਘੋੜੇ ਦੇ ਕੋਲ। ਘੋੜੇ ਦਾ ਸ਼ੁਕਰਾਨਾ ਵੀ ਕੀਤਾ ਕਿ ਵਾਹ! ਤੂੰ ਵੀ ਕਮਾਲ ਦੀ ਦੌੜ ਲਗਾਈ ਹੈ। ਸਾਰਾ ਦਿਨ ਤੈਨੂੰ ਪੀਣ ਖਾਣ ਨੂੰ ਵੀ ਨਹੀਂ ਮਿਲਿਆ ਅਤੇ ਜਿੰਨਾ ਮੈਂ ਚਾਹਿਆ ਤੂੰ ਓਨਾ ਹੀ ਦੌੜਿਆ ਵੀ ਹੈਂ। ਏਨੀ ਦੂਰ ਤੱਕ ਤੂੰ ਮੈਨੂੰ ਲੈ ਕੇ ਆਇਆ ਹੈਂ, ਮੈਂ ਤੇਰਾ ਧੰਨਵਾਦੀ ਹਾਂ। ਏਸ ਤਰ੍ਹਾਂ ਦੀ ਘੋੜੇ ਨਾਲ ਬਾਤ-ਚੀਤ ਕਰ ਹੀ ਰਿਹਾ ਸੀ ਕਿ ਅਚਾਨਕ ਕਿਸੇ ਨੇ ਮੋਢੇ ਤੇ ਹੱਥ ਆਣ ਧਰਿਆ। ਨਜ਼ਰ ਪਿਛੇ ਕਰਕੇ ਦੇਖਿਆ ਤਾਂ ਉਹ ਸੁਬਹ ਵਾਲਾ ਮੌਤ ਦਾ ਫਰਿਸ਼ਤਾ ਫਿਰ ਖਲੋਤਾ ਹੈ। ਉਸ ਫਰਿਸ਼ਤੇ ਨੇ ਕਿਹਾ ਕਿ "ਘੋੜੇ ਦਾ ਧੰਨਵਾਦ ਤਾਂ ਮੈਂ ਵੀ ਕਰਾਂਗਾ। ਸੁਬਹ, ਮੈਂ ਜਦ ਤੈਨੂੰ ਆਸ਼ਰਮ ਵਿੱਚ ਦੇਖਿਆ ਸੀ ਤਾਂ ਮੇਰੀ ਵੀ ਸੋਚ ਏਹੀ ਸੀ ਕਿ ਮਰਣਾ ਤੂੰ ਏਸ ਬਾਗ ਦੇ ਕਿਨਾਰੇ ਤੇ ਹੈ। ਪਰ ਬੈਠਾ ਤੂੰ ਆਸ਼ਰਮ ਵਿਚ ਹੈਂ। ਕਿਵੇਂ ਪਹੁੰਚੇਗਾ? ਬਸ ਏਸੇ ਕਾਰਨ ਮੈਨੂੰ, ਚਾਰ ਪਹਿਰ ਪਹਿਲਾਂ, ਤੈਨੂੰ ਖਬਰ ਦੇਣੀ ਪਈ। ਘੋੜਾ ਵਾਕਿਆ ਹੀ ਬੜਾ ਬਲਵਾਨ ਹੈ। ਸਮੇਂ ਸਿਰ ਠੀਕ ਅਸਥਾਨ ਤੇ ਲੈ ਆਇਆ ਹੈ। ਬਸ! ਤੇਰੇ ਆਖਰੀ ਸੁਆਸ ਦਾ ਸਮਾਂ ਆ ਗਿਆ ਹੈ, ਤੂੰ ਭੱਜ ਨਹੀਂ ਸਕੇਂਗਾ।" ਭਾਵੇਂ ਕੋਈ ਕਿਸੇ ਦਿਸ਼ਾ ਵੱਲ ਦੌੜੇ ਉਹ ਮੌਤ ਤੋਂ ਦੂਰ ਨਹੀਂ ਜਾ ਸਕਦਾ। ਸਾਰੀ ਦੌੜ ਉਸੇ ਆਖਰੀ ਦਿਨ ਵੱਲ ਹੀ ਹੋ ਰਹੀ ਹੈ। ਆਦਮੀ ਭਰਮ ਵਿਚ ਹੈ, ਬਾਬਾ ਫਰੀਦ ਚੇਤਾਵਨੀ ਕਰਦੇ ਹਨ ਕਿ ਜੇ ਬੰਦਾ ਚਾਹਵੇ ਕਿ ਉਹ ਦਿਨ ਟਾਲ ਲਏ ਤਾਂ ਉਹ ਦਿਨ ਟਲਣ ਵਾਲਾ ਨਹੀਂ ਹੈ। ਇਸ ਤੋਂ ਬੇਤਹਰ ਤਾਂ ਏਹੀ ਹੈ ਕਿ ਉਸ ਜੀਵਨ ਨੂੰ ਜਾਣਿਆ ਜਾਵੇ, ਜਿਸ ਜੀਵਨ ਉੱਪਰ ਮੌਤ ਦਾ ਕੋਈ ਜ਼ੋਰ ਨਹੀਂ ਚਲਦਾ।

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

ਇਸ ਜਿੰਦ ਨੂੰ ਇਹ ਸਮਝਾ ਲੈਣ ਦੀ ਜ਼ਰੂਰਤ ਹੈ ਕਿ ਉਹ ਦਿਨ ਜੋ ਮਿਥਿਆ ਹੈ, ਉਸ ਦਿਨ ਮੌਤ ਦੇ ਫਰਿਸ਼ਤੇ ਨੇ ਦੂਲਾ ਬਣ ਕੇ ਆ ਹੀ ਜਾਣਾ ਹੈ। ਉਹ ਸਾਹੇ ਦਾ ਦਿਨ ਟਾਲਿਆਂ ਵੀ ਟਲਣਾ ਨਹੀਂ। ਉਸ ਦਿਨ ਜਿੰਦ ਰੂਪ ਵਹੁਟੀ ਨੂੰ ਅਜ਼ਰਾਈਲ ਰੂਪ ਫਰਿਸ਼ਤਾ ਵਿਆਹ ਹੀ ਲਵੇਗਾ।

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥

ਆਪਣੇ ਹੱਥੀਂ ਇਹ ਸਰੀਰ ਉਸ ਜਿੰਦ ਨੂੰ ਤੋਰਨ ਤੋਂ ਬਾਅਦ ਕਿਸ ਦੇ ਗਲ ਲਗ ਸਕੇਗਾ। ਜ਼ਿੰਦਗੀ ਦਾ ਸੁਆਲ ਸਮਾਪਤ ਹੋ ਜਾਏਗਾ। ਕਾਇਆਂ ਅਤੇ ਜਿੰਦ ਦਾ ਸਬੰਧ ਜਦੋਂ ਇਕ ਵਾਰ ਟੁਟ ਜਾਂਦਾ ਹੈ ਤਾਂ ਫਿਰ ਉਹ ਦੁਬਾਰਾ ਕਦੇ ਵੀ ਬਣਦਾ ਨਹੀਂ। ਦੌੜ ਕੇ ਕਿਸੇ ਦੇ ਵੀ ਗਲ ਨਹੀਂ ਲਗਿਆ ਜਾ ਸਕਦਾ।

ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥ ੧॥

(ਸਲੋਕ ਸੇਖ ਫਰੀਦ, ਪੰਨਾ ੧੩੭੭)

ਫਰੀਦ ਸਾਹਿਬ ਜੀ, ਆਪਣੀ ਅੰਦਰਲੀ ਅੱਖ ਜ਼ਰੀਏ ਦੇਖ ਕੇ ਉਸ ਰਸਤੇ ਦਾ ਵਰਨਣ ਵੀ ਕਰ ਰਹੇ ਹਨ, ਜਿਸ ਰਸਤੇ ਤੇ ਇਸ ਜਿੰਦ ਨੂੰ ਮਰਨ ਤੋਂ ਬਾਅਦ ਸਫਰ ਕਰਨਾ ਪੈਂਦਾ ਹੈ। ਬਾਬਾ ਜੀ ਨੇ ਜਿਹੜਾ ਪੁਰਸਲਾਤ ਲਫ਼ਜ਼ ਇਸਤੇਮਾਲ ਕੀਤਾ ਹੈ ਇਹ "ਪੁਲ ਸਿਰਾਤ" ਦਾ ਬਦਲਿਆ ਹੋਇਆ ਰੂਪ ਹੈ। ਉਹ ਏਨਾ ਬਰੀਕ ਇਕ ਪੁਲ ਹੈ ਜਿਸ ਦੀ ਮੋਟਾਈ ਕੇਵਲ ਇਕ ਵਾਲ ਦੀ ਬਰੀਕੀ ਤੋਂ ਵੀ ਛੋਟੀ ਹੈ। ਫਰੀਦ ਜੀ ਏਥੇ ਜਿੰਦ ਨੂੰ ਚੇਤਾਵਨੀ ਦੇ ਰਹੇ ਹਨ ਕਿ ਐ ਜੀਵ! ਅਜ ਤੇਰੇ ਕੋਲ ਇਕ ਮੌਕਾ ਹੈ। ਪਰ ਤੂੰ ਕਦੇ ਸੁਣਿਆ ਨਹੀਂ ਕਿ ਮੌਤ ਤੋਂ ਬਾਅਦ ਤੈਨੂੰ ਇਕ ਐਸੇ ਰਸਤੇ ਤੋਂ ਲੰਘਣਾ ਪੈਣਾ ਹੈ ਜੋ ਕੇਵਲ ਇਕ ਵਾਲ ਤੋਂ ਵੀ ਬਰੀਕ ਹੈ। ਤੈਨੂੰ ਰੋਜ਼ ਮੌਤ ਦੀਆਂ ਆਵਾਜ਼ਾਂ ਪੈਂਦੀਆਂ ਸੁਣਾਈ ਨਹੀਂ ਦੇ ਰਹੀਆਂ?

ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥ ੧॥

ਇਨ੍ਹਾਂ ਆਵਾਜ਼ਾਂ ਦੇ ਸੁਣਦਿਆਂ ਵੀ ਤੂੰ ਆਪਣੇ ਆਪ ਨੂੰ ਕਿਉਂ ਲੁਟਵਾ ਰਿਹਾ ਹੈ। ਹਰ ਮਹਾਂਪੁਰਸ਼, ਹਰ ਬ੍ਰਹਮ-ਗਿਆਨੀ ਅਤੇ ਹਰ ਸੰਤ, ਬਾਬਾ ਫਰੀਦ ਵਾਲਾ ਢੰਡੋਰਾ ਪੁਕਾਰ ਪੁਕਾਰ ਕੇ ਦੇ ਰਿਹਾ ਹੈ। ਹਰ ਕੋਈ ਬ੍ਰਹਮ ਗਿਆਨੀ ਇਹ ਕਹਿ ਰਿਹਾ ਹੈ ਕਿ ਜੀਵਨ ਦੀ ਬਾਜ਼ੀ ਐਵੇਂ ਹੀ ਖੜਿਆਂ ਹੋ ਕੇ ਨਾ ਗਵਾ। ਤੇਰੇ ਸੁਆਸਾਂ ਦੀ ਪੂੰਜੀ ਹਰ ਪਲ ਲੁਟੀ ਜਾ ਰਹੀ ਹੈ।

□□□□

ਜੀਵਨ ਅਰੰਭ ਤੇ ਮੌਤ ਦੀ ਕਲਾ

ਭਾਈ ਨੰਦ ਲਾਲ ਜੀ ਮਹਾਰਾਜ ਦੀ ਪ੍ਰੀਤ ਗੁਰੂ ਗੋਬਿੰਦ ਸਿੰਘ ਪ੍ਰਤੀ ਸ਼ਿਖਰ ਦੀ ਪ੍ਰੀਤ ਸੀ। ਜੇ ਪਰਮਾਤਮਾ ਨੂੰ ਦੇਖਣਾ ਹੈ ਤਾਂ, ਪ੍ਰੀਤਮ ਦੇ ਵਿਚ ਦੀ ਦੇਖਣਾ ਹੈ। ਯਾਨੀ ਕਿ ਪਰਮਾਤਮਾ ਦੇ ਦਰਸ਼ਨ ਵੀ ਕਰਨੇ ਹਨ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੁਆਰਾ ਹੀ ਕਰਦੇ ਹਨ। ਇਕ ਦਿਨ ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਕਹਿਣ ਲਗੇ ਐ ਗੁਰਦੇਵ! ਮੈਂ ਆਪ ਦੇ ਦਰਸ਼ਨਾਂ ਲਈ ਉਸ ਵਕਤ ਤੋਂ ਵੀ ਪਹਿਲਾਂ ਦਾ ਤੁਰਿਆ ਹੋਇਆ ਹਾਂ, ਜਦੋਂ ਅਜੇ ਇਹ ਜ਼ਮੀਨ, ਅਸਮਾਨ, ਸੂਰਜ, ਚੰਦ, ਤਾਰੇ ਆਦਿ ਕੁਝ ਵੀ ਹੋਂਦ ਵਿਚ ਨਹੀਂ ਸੀ ਆਇਆ। ਮੈਂ ਉਸ ਤੋਂ ਵੀ ਪਹਿਲਾਂ ਦਾ ਆਪ ਦੇ ਦਰਸ਼ਨ ਲਈ, ਆਪ ਦੇ ਮਾਰਗ ਤੇ ਚਲਿਆ ਹੋਇਆ ਹਾਂ।

ਨ ਬੂਦ ਹੇਚ ਨਿਸ਼ਾ ਹਾਂ, ਜਿ ਅਸਮਾਨੋ ਜਮੀਂ॥
ਕਿ: ਸੌ ਕਿ ਰੁਇ ਤੋ ਅਵੁਰਦ ਦਰ ਸਜੂਦ ਮਰਾ॥

(ਗਜ਼ਲ ੧ ਭਾ: ਨੰਦ ਲਾਲ)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਐ ਭਾਈ ਨੰਦ ਲਾਲ ਜੀ! ਜੇ ਤੁਸੀਂ ਉਸ ਵਕਤ ਦੇ ਚਲੇ ਹੋਏ ਹੋ, ਤਾਂ ਤੁਸੀਂ ਕਿਥੇ ਚਲਦੇ ਸਉ? ਕਿਉਂਕਿ ਜ਼ਮੀਨ ਤਾਂ ਹੈ ਨਹੀਂ ਸੀ। ਨਾ ਸੂਰਜ, ਚੰਦ, ਤਾਰੇ ਤੇ ਹਵਾ ਸੀ। ਫਿਰ ਉਸ ਵਕਤ ਮਨੁੱਖ ਵੀ ਨਹੀਂ ਹੋਣਗੇ। ਫਿਰ ਤੁਸੀਂ ਕਿਥੇ ਸੀ ਅਤੇ ਕਿਵੇਂ ਚਲਦੇ ਸੀ? ਇਸ ਗੱਲ ਦਾ ਉੱਤਰ, ਗੁਰੂ ਅਰਜਨ ਸਾਹਿਬ ਜੀ ਮਹਾਰਾਜ, ਬਹੁਤ ਸੁੰਦਰ ਗੁਰਬਾਣੀ ਦੁਆਰਾ ਦੇਂਦੇ ਹਨ-

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥

(ਪੰਨਾ ੭੬੩)

ਹੁਣ ਗੁਰੂ ਅਰਜਨ ਸਾਹਿਬ ਵੀ ਭਾਈ ਨੰਦ ਲਾਲ ਜੀ ਵਾਲੀ ਗੱਲ ਕਹਿ ਰਹੇ ਹਨ ਕਿ ਮੈਂ ਬਹੁਤ ਦੂਰੋਂ ਚਲ ਕੇ ਆਇਆ ਹਾਂ। ਦਰਅਸਲ ਇਹ ਜ਼ਮੀਨੀ ਜਾਂ ਅਸਮਾਨੀ ਰਸਤੇ ਦੀ ਦੂਰੀ ਨਹੀਂ ਹੈ। ਜ਼ਮੀਨ ਤੇ ਕਿੰਨੀ ਵੀ ਦੂਰੀ ਦਾ ਸਫਰ ਹੋਵੇ, ਉਹ ਸੌਖਾ ਹੈ ਅਤੇ ਉਹ ਤਹਿ ਹੋ ਹੀ ਜਾਏਗਾ। ਪਰ ਇਹ ਜੀਵਾਤਮਾ ਕਿੰਨੀ ਦੂਰ ਤੋਂ ਚਲ ਕੇ ਇਸ ਸੰਸਾਰ ਵਿਚ ਆਈ ਹੈ, ਇਸ ਭੇਦ ਨੂੰ ਗੁਰਬਾਣੀ ਨੇ ਖੋਲ੍ਹਿਆ ਹੈ।

ਅਰਬਦ ਨਰਬਦ ਧੁੰਧੂਕਾਰਾ॥ *(ਪੰਨਾ ੧੦੩੫)*

ਅਰਬਦ ਯਾਨੀ ਕਿ ਅਰਬਾਂ ਖਰਬਾਂ ਸਾਲਾਂ ਦਾ ਸਮਾਂ। ਨਰਬਦ, ਨ+ਅਰਬਦ

ਯਾਨੀ ਕਿ ਏਨਾ ਸਮਾਂ, ਜਿਸ ਦੀ ਕਿ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ। ਨ+ਅਰਬਦ ਜਿਸ ਸਮੇਂ ਲਈ ਅਰਬਾਂ ਖਰਬਾਂ ਯੁਗਾਂ ਦਾ ਸਮਾਂ ਵੀ ਨਹੀਂ ਕਿਹਾ ਜਾ ਸਕਦਾ। ਭਾਵ ਕਿ ਪਤਾ ਹੀ ਨਹੀਂ ਕਿੰਨਾ ਸਮਾਂ ਧੁੰਧੂ ਕਾਰ ਹੀ ਰਿਹਾ। ਯਾਨੀ ਕਿ ਗੈਸ ਹੀ ਗੈਸ ਸੀ, ਹੋਰ ਕੁਝ ਵੀ ਨਹੀਂ ਸੀ। ਇਕ ਗੱਲ ਸਪੱਸ਼ਟ ਹੋਈ ਹੈ ਕਿ ਸਾਡੇ ਜੀਵਨ ਦਾ ਪਹਿਲਾ ਰੂਪ ਗੈਸ ਸੀ, ਯਾਨੀ ਕਿ ਧੁੰਧ ਸੀ। ਗੁਰਬਾਣੀ ਦੇ ਇਸ ਸਿਧਾਂਤ ਨਾਲ ਸਾਰੀ ਸਾਇੰਸ (ਵਿਗਿਆਨ) ਇਕ ਮਤ ਸਹਿਮਤ ਹੈ। ਇਹ ਫੁਰਮਾਣ ਗੁਰੂ ਨਾਨਕ ਸਾਹਿਬ ਜੀ ਕਰ ਰਹੇ ਹਨ ਕਿ:

ਕੇਤੇ ਜੁਗ ਵਰਤੇ ਗੁਬਾਰੈ॥ ਤਾੜੀ ਲਾਈ ਅਪਰ ਅਪਾਰੈ॥ (ਪੰਨਾ ੧੦੨੬)

ਏਨਾ ਸਮਾਂ ਜਿਸ ਨੂੰ ਕਿ ਗਿਣਿਆ ਮਿਣਿਆ ਜਾਂ ਤੋਲਿਆ ਨਹੀਂ ਜਾ ਸਕਦਾ। ਏਨੇ ਸਮੇਂ ਤੋਂ ਇਕ ਰਸ ਨਿਰੰਤਰ ਪ੍ਰਭੂ ਨੇ ਸਮਾਧੀ ਲਾਈ ਹੋਈ ਸੀ, ਉਸ ਨੂੰ ਗਿਣਿਆ ਤੇ ਤੋਲਿਆ ਨਹੀਂ ਜਾ ਸਕਦਾ। ਗਿਣਨ ਮਿਣਨ ਲਈ ਦਿਨ ਤੇ ਰਾਤ ਦੀ ਵਿਭਾਜਕ ਰੇਖਾ ਚਾਹੀਦੀ ਹੈ, ਪਰ ਉਸ ਵਕਤ ਤਾਂ ਸੂਰਜ, ਚੰਦ, ਤਾਰੇ ਆਦਿ ਕੁਝ ਵੀ ਨਹੀਂ ਸੀ। ਹੁਣ ਅੰਦਾਜ਼ਾ ਕਿਵੇਂ ਲਗ ਸਕਦਾ ਹੈ ਕਿ ਕਿੰਨਾ ਚਿਰ ਧੁੰਧ ਤੇ ਗੈਸ ਹੀ ਗੈਸ ਰਹੀ ਹੋਵੇਗੀ। ਉਸ ਵਾਰ ਥਿਤ ਦੇ ਬਾਰੇ ਵਿਚ ਕੋਈ ਵੀ ਯਕੀਨ ਨਾਲ ਨਹੀਂ ਦਸ ਸਕਦਾ। ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਕਿ ਜਿਸ ਵੇਲੇ ਜੀਵਨ ਸ਼ੁਰੂ ਹੋਇਆ ਹੈ, ਉਸ ਵੇਲੇ ਦਾ ਕਿਸੇ ਗਿਆਨੀ ਨੂੰ ਗਿਆਨ ਹੁੰਦਾ ਤਾਂ ਉਸ ਨੇ ਬ੍ਰਹਮਾ ਤੋਂ ਵੱਡਾ ਗਿਆਨੀ ਕਹਾਉਣਾ ਸੀ। ਫਿਰ ਬ੍ਰਹਮਾ ਵਰਗੇ ਪੰਡਿਤ (ਗਿਆਨੀ) ਨੇ ਵੇਦਾਂ ਪੁਰਾਨਾਂ ਵਰਗੇ ਆਪਣੇ ਕਿਸੇ ਗ੍ਰੰਥ ਵਿਚ ਜ਼ਰੂਰ ਉਸ ਵੇਲੇ ਦਾ ਜ਼ਿਕਰ ਕਰਨਾ ਸੀ। ਪਰ ਕੋਈ ਜ਼ਿਕਰ ਨਹੀਂ ਕੀਤਾ।

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ (ਜਪੁਜੀ ਸਾਹਿਬ)

ਜੇ ਕਿਸੇ ਕਾਜ਼ੀ, ਮੁਲਾਣੇ ਨੂੰ ਉਸ ਦਾ ਪਤਾ ਲਗਦਾ ਤਾਂ ਹਜ਼ਰਤ ਮੁਹੰਮਦ ਸਾਹਿਬ ਤੋਂ ਵੱਡਾ ਨਾ ਕੋਈ ਕਾਜ਼ੀ ਹੋਇਆ ਹੈ ਅਤੇ ਨਾ ਹੀ ਮੁੱਲਾਂ ਹੋਇਆ ਹੈ। ਜੇ ਜੀਵਨ ਸਾਜਣ ਵੇਲੇ ਦਾ ਕਾਜ਼ੀਆਂ ਨੂੰ ਪਤਾ ਹੁੰਦਾ ਤਾਂ ਹਜ਼ਰਤ ਮੁਹੰਮਦ ਸਾਹਿਬ ਤੋਂ ਵੱਡਾ ਕੋਈ ਕਾਜ਼ੀ ਨਹੀਂ। ਉਹਨਾਂ ਜ਼ਰੂਰ ਕੁਰਾਨ ਸ਼ਰੀਫ ਵਿਚ ਉਸ ਵਕਤ ਦਾ ਕੋਈ ਲੇਖ ਲਿਖਣਾ ਸੀ। ਪਰ ਹਜ਼ਰਤ ਮੁਹੰਮਦ ਸਾਹਿਬ ਨੇ ਵੀ ਕੁਰਾਨ ਵਿਚ ਕੋਈ ਲੇਖ ਨਹੀਂ ਲਿਖਿਆ।

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥ (ਜਪੁਜੀ ਸਾਹਿਬ)

ਉਸ ਵਕਤ ਵੇਲੇ ਦਾ ਜੇ ਕਿਸੇ ਧਿਆਨੀ ਨੂੰ ਯੋਗ ਧਿਆਨ ਦੁਆਰਾ ਗਿਆਨ ਹੋ ਜਾਂਦਾ, ਤਾਂ ਸ਼ਿਵ ਜੀ ਤੋਂ ਵੱਡਾ ਕੌਣ ਯੋਗੀ ਹੈ। ਸ਼ਿਵ ਜੀ ਦਾ ਯੋਗ ਧਿਆਨ, ਮੰਨਿਆ ਹੋਇਆ ਧਿਆਨ ਹੈ। ਕਹਿੰਦੇ ਹਨ ਕਿ ਸ਼ਿਵ ਜੀ ਜਿੰਨੀ ਲੰਮੀ ਸਮਾਧੀ ਕੋਈ

ਨਹੀਂ ਲਾ ਸਕਦਾ।

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਹ ਉਨਹ ਜੁੋ ਗਾਵੈ॥
(ਪੰਨਾ ੧੩੯੬)

ਪ੍ਰਭੂ ਨੇ ਇਹ ਜੀਵਨ ਮਰਨ ਦੀ ਕਲਾ ਕਦੋਂ ਅਰੰਭ ਕੀਤੀ, ਉਸ ਸਮੇਂ ਦਾ ਧਿਆਨ ਲਾ ਕੇ ਪਤਾ ਕਰ ਸਕਦੇ, ਤਾਂ ਸਭ ਤੋਂ ਪਹਿਲਾਂ ਸ਼ਿਵ ਜੀ ਨੂੰ ਪਤਾ ਲਗਣਾ ਸੀ। ਕਿਉਂਕਿ ਸ਼ਿਵਜੀ ਤੋਂ ਲੰਮੀ ਸਮਾਧੀ ਕੌਣ ਲਾ ਸਕਦਾ ਹੈ? ਪਰ ਇਹ ਤਾਂ ਪਤਾ ਸ਼ਿਵ ਜੀ ਨੂੰ ਵੀ ਨਹੀਂ ਲਗਾ।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ (ਜਪੁ ਜੀ ਸਾਹਿਬ)

ਕਿਸ ਵੇਲੇ ਇਹ ਜੀਵਨ ਮਰਨ ਦੀ ਕਲਾ ਅਰੰਭ ਹੋਈ, ਇਹ ਤਾਂ ਕੇਵਲ ਪ੍ਰਭੂ ਆਪ ਹੀ ਜਾਣਦਾ ਹੈ।

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਜਪੁ ਜੀ ਸਾਹਿਬ)

ਹਾਂ! ਏਨਾ ਜਰੂਰ ਪਤਾ ਲਗਿਆ ਹੈ ਕਿ ਜੋ ਸਾਡੇ ਜੀਵਨ ਮਰਨ ਦੀ ਪ੍ਰਕਿਰਿਆ ਸਭ ਤੋਂ ਪਹਿਲਾਂ ਸ਼ੁਰੂ ਹੋਈ, ਉਹ ਕੇਵਲ ਧੁੰਧ ਹੀ ਧੁੰਧ ਸੀ। ਸਾਡਾ ਪਹਿਲਾਂ ਰੂਪ ਧੁੰਧ, ਯਾਨੀ ਕਿ ਗੈਸ ਸੀ। ਫਿਰ ਅਨੰਤ ਸਮੇਂ ਦੇ ਪ੍ਰੀਵਰਤਨ ਨਾਲ ਉਹ ਗੈਸ (ਧੁੰਧ) ਪਾਣੀ ਦਾ ਰੂਪ ਧਾਰਨ ਕਰ ਗਈ। ਇਸ ਤਰ੍ਹਾਂ ਕਹਿ ਲਈਏ ਕਿ ਜਦੋਂ-ਜਦੋਂ ਸਾਡੇ ਪਹਿਲੇ ਰੂਪ ਧੁੰਧ (ਗੈਸ) ਦੀ ਮੌਤ ਹੋਈ ਤਾਂ ਪਾਣੀ ਦਾ ਜਨਮ ਹੋ ਗਿਆ। ਕਿਉਂਕਿ ਜਨਮ ਮਰਨ ਦੀ ਪ੍ਰਕਿਰਿਆ ਦਾ ਨਾਮ ਹੀ *"ਮੌਤ ਦੀ ਕਲਾ"* ਹੈ। ਧੁੰਧ (ਗੈਸ) ਦੀ ਮੌਤ ਤੇ ਪਾਣੀ ਦਾ ਜਨਮ ਹੋਇਆ। ਫਿਰ ਉਸ ਪਾਣੀ ਨੇ ਅਨੰਤ ਸਮੇਂ ਦੀ ਯਾਤਰਾ ਤੋਂ ਉਪਰੰਤ ਆਪਣੇ ਵਿਚ, ਕਈ ਤਰ੍ਹਾਂ ਦੇ ਜੀਵਾਂ ਨੂੰ ਜੀਵਨ ਦੇਣਾ ਅਰੰਭ ਕੀਤਾ। ਅਨੰਤ ਸਮੇਂ ਦੀ ਯਾਤਰਾ ਕਰਦਾ ਹੋਇਆ ਇਹ ਜੀਵਨ, ਪਾਣੀ ਤੋਂ ਬਾਹਰ ਖੁਸ਼ਕੀ ਵਿਚ ਵੀ ਆ ਗਿਆ। ਯਾਨੀ ਕਿ ਉਹ ਕੀੜੇ ਮਕੌੜੇ ਬਣ ਕੇ, ਵਿਚਰਦੇ ਹੋਏ ਖੁਸ਼ਕੀ ਵਿਚ ਆ ਗਏ। ਫਿਰ ਅਨੰਤ ਸਮੇਂ ਦੀ ਯਾਤਰਾ ਕਰਦਿਆਂ, ਉਹੀ ਜੀਵਨ ਪਸ਼ੂ ਪੰਛੀਆਂ ਵਿਚ ਬਦਲ ਗਿਆ। ਅਖੀਰ ਵਿਚ ਮਨੁੱਖਾ ਰੂਪ ਵਿਚ ਵੀ ਜੀਵਨ ਯਾਤਰਾ ਕਰਨ ਲਗ ਪਿਆ। ਗੁਰਦੇਵ ਦਾ ਕਥਨ ਹੈ:-

ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (ਪੰਨਾ ੧੯)

ਸੋ ਏਨਾ ਤਾਂ ਸਾਨੂੰ ਸਪੱਸ਼ਟ ਹੋ ਗਿਆ ਹੈ ਕਿ ਸਾਡਾ ਜੀਵਨ ਅਨੰਤ ਸਮੇਂ ਤੋਂ ਯਾਤਰਾ ਵਿਚ ਹੈ। ਉਸ ਸੱਚੇ ਪਰਮਾਤਮਾ ਤੋਂ ਧੁੰਧ ਹੋਈ। ਫਿਰ ਜੀਵਨ ਅਨੰਤ ਸਮੇਂ ਦੀ ਯਾਤਰਾ ਕਰਕੇ, ਅੱਜ ਸਾਡੇ ਵਰਤਮਾਨ ਜੀਵਨ ਦੇ ਰੂਪ ਵਿਚ ਚਲ ਰਿਹਾ ਹੈ।

ਸੋ ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ "ਐ ਗੁਰਦੇਵ! ਮੈਂ ਤਾਂ ਤੇਰੇ ਦਰਸ਼ਨਾਂ

ਲਈ ਓਸ ਵਕਤ ਤੋਂ ਚਲਿਆ ਹੋਇਆ ਹਾਂ, ਜਦੋਂ ਇਹ ਧਰਤੀ, ਅਸਮਾਨ, ਚੰਦ, ਸੂਰਜ, ਤਾਰੇ ਸਿਆਰੇ ਆਦਿ ਕੁਝ ਵੀ ਨਹੀਂ ਸੀ।" ਪਰ ਜੀਵਨ ਉਸ ਵਕਤ ਵੀ ਚਲ ਰਿਹਾ ਸੀ। ਹੁਣ ਸੁਆਲ ਹੈ ਕਿ ਭਾਈ ਨੰਦ ਲਾਲ ਜੀ! "ਤੁਸੀਂ ਉਸ ਵਕਤ ਕਿਸ ਰੂਪ ਵਿਚ ਚਲ ਰਹੇ ਸਓ?" ਤਾਂ ਭਾਈ ਨੰਦ ਲਾਲ ਜੁਆਬ ਦੇਂਦੇ ਹਨ ਕਿ ਮੈਂ ਧੁੰਧ ਦੇ ਕਣ ਦੇ ਰੂਪ ਵਿਚ ਚਲ ਰਿਹਾ ਸਾਂ। ਦਰਅਸਲ ਇਸ ਤਰ੍ਹਾਂ ਦੇ ਅਗੰਮੀ ਬਚਨ ਜਦੋਂ ਕੋਈ ਮਹਾਂਪੁਰਖ ਕਹਿੰਦਾ ਹੈ, ਤਾਂ ਉਹ ਕੁਝ ਆਪਣੇ ਅੰਦਰੋਂ ਦੇਖ ਕੇ ਕਹਿੰਦਾ ਹੈ। ਆਪਣੀ ਜੀਵਨ ਯਾਤਰਾ ਦਾ ਉਹਨਾਂ ਨੂੰ ਅਨੁਭਵ ਹੋ ਜਾਂਦਾ ਹੈ, ਕਿ ਉਹ ਕਿੰਨੀ ਦੂਰੀ ਤਹਿ ਕਰਕੇ ਆਏ ਹਨ ਅਤੇ ਕਿੰਨੀ ਲੰਬੀ ਯਾਤਰਾ ਵਿਚ ਇਹ ਜੀਵਨ ਚਲ ਰਿਹਾ ਹੈ।

ਡਾਰਵਿੰਨ ਇਹ ਪੂਰਨ ਤੌਰ ਤੇ ਮੰਨਦੇ ਹਨ ਕਿ ਮਨੁੱਖ ਵਿਕਾਸ ਕਰ ਕਰ ਕੇ ਏਥੇ ਤਕ ਪਹੁੰਚਿਆ ਹੈ। ਵੈਸੇ ਇਸਲਾਮ ਤੇ ਇਸਾਈਅਤ, ਡਾਰਵਿੰਨ ਦੇ ਮਤ ਨਾਲ ਸਹਿਮਤ ਨਹੀਂ। ਕਿਉਂਕਿ ਉਹਨਾਂ ਦੀ ਵਿਚਾਰ ਧਾਰਾ, ਡਾਰਵਿੰਨ ਨਾਲ ਨਹੀਂ ਮਿਲਦੀ। ਕਹਿੰਦੇ ਹਨ ਕਿ ਕਸ਼ਮੀਰ ਵਿਚ ਕੋਈ ਪ੍ਰੋਫੈਸਰ ਡਾਰਵਿੰਨ ਫਿਲੌਸਫੀ ਤੇ ਲੈਕਚਰ ਦੇ ਰਿਹਾ ਸੀ, ਕਿ ਕਲਾਸ ਵਿਚ ਜਿੰਨੇ ਮੁਸਲਿਮ ਵਿਦਿਆਰਥੀ ਬੈਠੇ ਸਨ, ਸਾਰੇ ਉੱਠ ਕੇ ਬਾਹਰ ਚਲੇ ਗਏ। ਜਦੋਂ ਉਨ੍ਹਾਂ ਨੂੰ ਬਾਹਰ ਜਾਣ ਦਾ ਕਾਰਨ ਪੁਛਿਆ ਤਾਂ ਕਹਿਣ ਲਗੇ ਅਸੀਂ ਡਾਰਵਿੰਨ ਵਿਚਾਰਧਾਰਾ ਨਹੀਂ ਪੜ੍ਹਨੀ, ਨਾ ਸੁਣਨੀ ਹੈ। ਕਿਉਂਕਿ ਡਾਰਵਿੰਨ ਵਿਚਾਰਧਾਰਾ ਕੁਰਾਨ ਅਨੁਸਾਰ ਪੂਰੀ ਨਹੀਂ ਉਤਰਦੀ। ਦਰਅਸਲ ਇਸਲਾਮ ਦੀ ਵਿਚਾਰ ਧਾਰਾ ਬਾਰ-ਬਾਰ ਦੇ ਜਨਮ ਨੂੰ ਨਹੀਂ ਮੰਨਦੀ। ਇਸਲਾਮ ਅਜੋਕੇ ਵਿਕਾਸ ਦੀ ਥਿਊਰੀ ਨੂੰ ਵੀ ਨਹੀਂ ਮੰਨਦਾ। ਮਨੁੱਖ ਕਿਸ ਤਰ੍ਹਾਂ ਵਿਕਾਸ ਕਰ ਕਰ ਕੇ ਅੱਜ ਤੱਕ ਪਹੁੰਚਿਆ ਹੈ, ਇਸਲਾਮ ਇਹ ਨਹੀਂ ਮੰਨਦਾ। ਕਿਉਂ ਨਹੀਂ ਮੰਨਦਾ? ਕਿਉਂਕਿ ਜੇ ਇਸਲਾਮ ਇਸ ਤਰ੍ਹਾਂ ਮੰਨ ਲਏ ਤਾਂ, ਉਸ ਨੂੰ ਇਹ ਵੀ ਮੰਨਣਾ ਪੈਂਦਾ ਹੈ ਕਿ ਮਨੁੱਖ ਬਾਰ-ਬਾਰ ਜੰਮਦਾ ਤੇ ਮਰਦਾ ਹੈ। ਪਰ ਇਸਲਾਮ ਬਾਰ-ਬਾਰ ਜਨਮ ਮਰਨ ਦੀ ਪ੍ਰਕਿਰਿਆ ਨੂੰ ਨਹੀਂ ਮੰਨਦਾ। ਇਸ ਕਰਕੇ ਇਸਲਾਮ, ਡਾਰਵਿੰਨ ਦੀ ਵਿਚਾਰਧਾਰਾ ਨੂੰ ਵੀ ਨਹੀਂ ਮੰਨਦਾ। ਉਹ ਕਹਿੰਦੇ ਹਨ ਕਿ ਡਾਰਵਿੰਨ ਦੀ ਵਿਚਾਰਧਾਰਾ ਕੁਰਾਨ ਅਨੁਸਾਰ ਪੂਰੀ ਨਹੀਂ ਉਤਰਦੀ। ਸੱਚ ਇਹ ਹੈ ਕਿ ਡਾਰਵਿੰਨ ਦੀ ਵਿਚਾਰਧਾਰਾ ਕੁਰਾਨ ਤੇ ਪੂਰੀ ਉਤਰੇ ਜਾਂ ਨਾ ਉਤਰੇ, ਪਰ ਸੱਚ ਤੇ ਪੂਰਾ ਉਤਰਦੀ ਹੈ।

ਅਜੇ ਤਕ ਵੀ ਭਾਰਤ ਵਿਚ ਬਾਂਦਰਾਂ ਦੀ ਪੂਜਾ ਹੁੰਦੀ ਹੈ। ਦਰਅਸਲ ਇਹ ਪੂਜਾ ਮਨੁੱਖ ਆਪਣੇ ਮਾਜ਼ੀ ਦੀ ਪੂਜਾ ਕਰਦਾ ਹੈ। ਯਾਨੀ ਕਿ ਭੂਤ ਕਾਲ ਦੀ ਪੂਜਾ ਕਰਦਾ ਹੈ। ਗਊਆਂ, ਸੱਪਾਂ, ਸ਼ੇਰਾਂ ਆਦਿ ਦੀ ਪੂਜਾ ਹੁੰਦੀ ਹੈ। ਕਈ ਵਾਰੀ ਸਵਾਲ ਉਠਦਾ ਹੈ ਕਿ ਇਹ ਆਦਮੀ ਅੱਜ ਦੇ ਵਿਗਿਆਨਕ ਜ਼ਮਾਨੇ ਵਿਚ ਵੀ ਗਊਆਂ,

ਸੱਪਾਂ, ਸ਼ੇਰਾਂ ਆਦਿ ਦੀ ਪੂਜਾ ਕਿਉਂ ਕਰਦਾ ਹੈ? ਏਥੋਂ ਤਕ ਕਿ ਭਾਰਤ ਵਿਚ ਜਿੰਨੀ ਪੂਜਾ ਪੱਥਰ ਦੀ ਹੁੰਦੀ ਹੈ। ਏਨੀ ਹੋਰ ਕਿਧਰੇ ਨਹੀਂ ਹੁੰਦੀ। ਦਰਅਸਲ ਆਦਮੀ ਪੱਥਰਾਂ ਦੀ ਪੂਜਾ ਤਾਂ ਜ਼ਿਆਦਾ ਕਰਦਾ ਹੈ, ਕਿਉਂਕਿ ਇਹ ਕਈ ਜਨਮਾਂ ਤਕ ਪੱਥਰ ਵੀ ਰਿਹਾ ਹੈ। ਅੱਜ ਵੀ ਮਨੁੱਖ ਅੰਦਰ ਸੰਸਕਾਰ ਬੜੇ ਪਥਰੀਲੇ ਮਿਲਦੇ ਹਨ।

ਕਈ ਜਨਮ ਸੈਲ ਗਿਰਿ ਕਰਿਆ॥ *(ਪੰਨਾ ੧੭੬)*

ਅਨੰਤ ਜਨਮਾਂ ਤਕ ਜੀਵ ਦਾ ਜੀਵਨ ਠੋਸ ਰਿਹਾ ਹੈ। ਯਾਨੀ ਕਿ ਪੱਥਰ ਰਿਹਾ ਹੈ। ਹੁਣ ਪੱਥਰ ਕੀ ਹੈ? ਸੋਚਿਆ ਜਾਵੇ ਤਾਂ ਕੁਝ ਵੀ ਨਹੀਂ। ਜੇ ਕਿਸੇ ਨੂੰ ਕਿਹਾ ਜਾਵੇ ਕਿ ਪੱਥਰ ਵਿਚ ਵੀ ਜੀਵਨ ਹੈ, ਤਾਂ ਬਿਨਾਂ ਪ੍ਰਮਾਣ ਕੋਈ ਵੀ ਨਹੀਂ ਮੰਨੇਗਾ। ਗੁਰੂ ਅਰਜਨ ਸਾਹਿਬ ਜੀ ਪੂਰਨ ਯਕੀਨ ਨਾਲ ਮੰਨਦੇ ਹਨ ਕਿ ਪੱਥਰ ਵਿਚ ਵੀ ਜੀਵਨ ਹੈ। ਪੱਥਰ ਵੀ ਆਪਣੀ ਉਮਰ ਅਨੁਸਾਰ ਵਧਦੇ ਤੇ ਘਟਦੇ ਹਨ। ਪੱਥਰ ਰੇਤ ਬਣ ਜਾਂਦੇ ਹਨ ਅਤੇ ਰੇਤ ਬਨਸਪਤੀ ਬਣ ਜਾਂਦੀ ਹੈ। ਬਨਸਪਤੀ ਹੋਰ ਵਿਕਾਸ ਕਰਕੇ ਹੋਰ ਜੀਵਨ ਧਾਰਨ ਕਰ ਲੈਂਦੀ ਹੈ।

ਅੱਜ ਵੀ ਮਨੁੱਖ ਦੇ ਸੰਸਕਾਰ ਬੜੇ ਕਠੋਰ ਹਨ। ਕਿਉਂਕਿ ਪੱਥਰਾਂ ਵਿਚ ਅਨੰਤ ਸਮਾਂ ਜੀਵਨ ਰਿਹਾ ਹੈ। ਇਸ ਕਰਕੇ ਪੱਥਰਾਂ ਦਾ ਕਠੋਰ ਸੁਭਾਅ ਇਸ ਜੀਵ ਦੇ ਸੁਭਾਅ ਨਾਲ ਮਿਲ ਕੇ ਆ ਗਿਆ ਹੈ। ਪੱਥਰ ਕਠੋਰ ਹੈ। ਪੱਥਰ ਤਨ ਨੂੰ ਵੱਜੇ ਤਾਂ ਜ਼ਖ਼ਮੀ ਕਰ ਦਿੰਦਾ ਹੈ। ਪਰ ਜਿਸ ਦਾ ਦਿਲ ਪੱਥਰ ਹੁੰਦਾ ਹੈ ਉਹ ਅੰਦਰੋਂ ਚੋਟ ਕਰਦਾ ਹੈ ਅਤੇ ਜ਼ਮੀਰ ਜ਼ਖ਼ਮੀ ਹੁੰਦੀ ਹੈ।

ਪੁਰਾਣੀਆਂ ਕਹਾਣੀਆਂ ਦੀ ਇਕ ਪੋਥੀ ਵਿਚ, ਮੈਂ ਇਕ ਕਹਾਣੀ ਪੜ੍ਹੀ ਸੀ। ਕਹਾਣੀ ਬੜੀ ਪਿਆਰੀ ਹੈ ਅਤੇ ਇਸ ਭਾਵ ਨੂੰ ਵੀ ਬੜਾ ਵਧੀਆ ਸਪੱਸ਼ਟ ਕਰਦੀ ਹੈ। ਇਕ ਸੰਗ ਤ੍ਰਾਸ਼, (ਪੱਥਰ ਘੜਨ ਵਾਲਾ ਕਾਰੀਗਰ) ਆਪਣੇ ਰਸਤੇ ਤੁਰਿਆ ਜਾਂਦਾ ਸੀ। ਰਸਤੇ ਵਿਚ ਜਾਂਦਿਆਂ ਉਸ ਕਾਰੀਗਰ ਦਾ ਪੈਰ ਇਕ ਪੱਥਰ ਨਾਲ ਵੱਜਾ ਤੇ ਪੈਰ ਜ਼ਖ਼ਮੀ ਹੋ ਗਿਆ। ਨੇੜੇ ਇਕ ਧਰਮਾਤਮਾ ਬੈਠਾ ਵੇਖਦਾ ਸੀ। ਉਸ ਧਰਮਾਤਮਾ ਨੇ ਉਸ ਕਾਰੀਗਰ ਨੂੰ ਸੰਬੋਧਨ ਹੋ ਕੇ ਕਿਹਾ ਕਿ ਪੱਥਰ ਬਾਹਰੋਂ ਕਠੋਰ ਹੈ ਤੇ ਬੰਦਾ ਅੰਦਰੋਂ ਕਠੋਰ ਹੈ। ਪੱਥਰ ਬਾਹਰੋਂ ਚੋਟ ਕਰਦਾ ਹੈ ਅਤੇ ਬੰਦਾ ਅੰਦਰੋਂ ਚੋਟ ਕਰਦਾ ਹੈ। ਪੱਥਰ ਨਾਲ ਸਰੀਰ ਨੂੰ ਜ਼ਖ਼ਮ ਪੁੱਜਦਾ ਹੈ ਅਤੇ ਪੱਥਰ ਦਿਲ, ਲੋਕ ਜਦੋਂ ਚੋਟ ਕਰਦੇ ਹਨ ਤਾਂ ਰੂਹ ਜ਼ਖ਼ਮੀ ਹੁੰਦੀ ਹੈ। ਉਸ ਧਰਮਾਤਮਾ ਦਾ ਉਪਦੇਸ਼ ਸੁਣ ਕੇ ਉਹ ਕਾਰੀਗਰ ਕਹਿਣ ਲਗਾ ਕਿ, "ਮਹਾਤਮਾ ਜੀ! ਜੇ ਮੈਂ ਇਸੇ ਪੱਥਰ ਨੂੰ ਘੜ ਕੇ ਇਸ ਦੀ ਸੁੰਦਰ ਮੂਰਤੀ ਬਣਾ ਦਿਆਂ ਤਾਂ?" ਉਹ ਧਰਮਾਤਮਾ ਕਹਿਣ ਲਗਾ, "ਫਿਰ ਇਹੀ ਪੱਥਰ ਕਿਸੇ ਮੰਦਰ ਵਿਚ ਪੂਜਿਆ ਜਾਵੇਗਾ। ਇਸੇ ਪੱਥਰ ਦੀ ਮੂਰਤੀ ਨੂੰ ਬਜ਼ਾਰ ਵਿਚ ਵੇਚਿਆ ਤੇ ਖ਼ਰੀਦਿਆ ਜਾਵੇਗਾ। ਏਹੀ ਪੱਥਰ ਜੋ ਰਾਹ ਵਿਚ ਰੁਲਦਾ ਹੈ, ਮੁੱਲਵਾਨ ਹੋ ਕੇ ਸਨਮਾਨਿਆ ਜਾਵੇਗਾ।" ਉਹੀ ਸੰਗ ਤ੍ਰਾਸ਼ ਕਾਰੀਗਰ ਉਸ

ਧਰਮਾਤਮਾ ਨੂੰ ਪੁਛਦਾ ਹੈ, "ਮਹਾਤਮਾ ਜੀ! ਪੱਥਰ ਨੂੰ ਤਾਂ ਕੋਈ ਕਾਰੀਗਰ ਆਪਣੇ ਹਥਿਆਰ ਨਾਲ ਬਾਹਰੋਂ ਘੜੇਗਾ ਤੇ ਮੂਰਤੀ ਬਣਾ ਦਏਗਾ, ਪਰ ਪੱਥਰ ਦਿਲ ਬੰਦੇ ਦਾ ਕੀ ਬਣੇਗਾ?" ਤਾਂ ਉਸ ਧਰਮਾਤਮਾ ਨੇ ਉੱਤਰ ਦਿੱਤਾ ਕਿ, "ਮਿੱਤਰਾ! ਪੱਥਰ ਦੇ ਫਾਲਤੂ ਟੁਕੜੇ ਉਤਾਰ ਕੇ, ਉਸ ਵਿਚੋਂ ਮੂਰਤੀ ਉਘਾੜਨੀ ਪੈਂਦੀ ਹੈ। ਪਰ ਇਨਸਾਨ ਦੇ ਅੰਦਰ ਭਗਵਾਨ ਹੈ। ਇਸ ਦੇ ਮਨ ਵਿਚੋਂ ਹਉਮੈ, ਦ੍ਵੈਖ, ਕ੍ਰੋਧ, ਕਪਟ ਆਦਿ ਦੇ ਫਾਲਤੂ ਪੱਥਰਾਂ ਦੇ ਟੁਕੜੇ ਉਤਾਰਨੇ ਪੈਣਗੇ, ਤਾਂ ਇਸ ਇਨਸਾਨ ਵਿਚੋਂ ਭਗਵਾਨ ਉਜਾਗਰ ਹੋਵੇਗਾ।" ਦਰਅਸਲ ਕਈ ਜਨਮਾਂ ਤੋਂ ਇਹ ਜੀਵ ਪੱਥਰਾਂ ਵਿਚ ਯਾਤਰਾ ਕਰਦਾ ਆਇਆ ਹੈ। ਇਸ ਕਰਕੇ ਇਸ ਦਾ ਸੁਭਾਅ ਬੜਾ ਕਠੋਰ ਹੈ। ਜਿਨ੍ਹਾਂ ਸੜਕਾਂ, ਗਲੀਆਂ ਆਦਿ ਵਿਚੋਂ ਅਸੀਂ ਯਾਤਰਾ ਦੌਰਾਨ ਗੁਜਰ ਕੇ ਆਈਏ, ਉਹਨਾਂ ਗਲੀਆਂ ਦੇ ਕੱਖ ਤੇ ਮਿੱਟੀ ਮੈਲ, ਸਾਡੇ ਕਪੜਿਆਂ ਨਾਲ ਲੱਗ ਕੇ ਆ ਜਾਂਦੀ ਹੈ। ਉਹ ਮੈਲ ਏਨੀ ਸੂਖਸ਼ਮ ਹੁੰਦੀ ਹੈ ਕਿ ਅੱਖਾਂ ਨਾਲ ਦਿਖਾਈ ਨਹੀਂ ਦੇਂਦੀ। ਠੀਕ ਏਸੇ ਤਰ੍ਹਾਂ ਹੀ ਮਨੁੱਖ ਦੀ ਜੀਵਾਤਮਾ ਕਈ ਤਰ੍ਹਾਂ ਦੇ ਸਰੀਰਾਂ ਰਾਹੀਂ ਯਾਤਰਾ ਕਰਕੇ ਹੁਣ ਮਨੁੱਖ ਜਨਮ ਵਿਚ ਆਈ ਹੈ। ਪਰ ਜਿਨ੍ਹਾਂ ਜਿਨ੍ਹਾਂ ਸਰੀਰਾਂ ਰਾਹੀਂ ਜਨਮ ਜਿਉਂ ਕੇ ਆਈ ਹੈ, ਉਹਨਾਂ ਉਹਨਾਂ ਸਰੀਰਾਂ ਦੇ ਸੁਭਾਅ (ਸੰਸਕਾਰ) ਆਪਣੇ ਨਾਲ ਲੈ ਆਈ ਹੈ। ਇਸ ਕਰਕੇ ਅੱਜ ਦੇ ਬੰਦੇ ਦਾ ਸਰੀਰ, ਮਨੁੱਖਾਂ ਵਰਗਾ ਹੈ ਅਤੇ ਕੰਮ ਕਈ ਵਾਰੀ ਪਸ਼ੂਆਂ ਵਾਲੇ ਵੀ ਕਰ ਜਾਂਦਾ ਹੈ।

ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥ *(ਪੰਨਾ ੨੬੭)*

ਹੁਣ ਜੇ ਕਈ ਜਨਮਾਂ ਤਕ ਇਹ ਜੀਵ ਪੱਥਰਾਂ ਰਾਹੀਂ ਜੀਵਨ ਜਿਉਂਦਾ ਰਿਹਾ ਹੋਵੇਗਾ, ਤਾਂ ਇਸ ਦਾ ਸੁਭਾਅ (ਸੰਸਕਾਰ) ਬੜੇ ਕਠੋਰ ਹੋਣਗੇ। ਕਿਸੇ ਦੇ ਕਹੇ ਨਹੀਂ ਲਗੇਗਾ। ਮਨ ਮਰਜ਼ੀ ਕਰੇਗਾ। ਦੂਸਰਿਆਂ ਨੂੰ ਦੁਖੀ ਕਰੇਗਾ। ਉਹ ਕੁਝ ਹੀ ਕਰੇਗਾ, ਜੋ ਇਕ ਪੱਥਰ ਹੀ ਕਰ ਸਕਦਾ। ਏਨਾ ਕੁਝ ਕਰਕੇ ਵੀ ਐਸੇ ਇਨਸਾਨ ਨੂੰ ਕੋਈ ਪਛਤਾਵਾ ਨਹੀਂ ਹੁੰਦਾ। ਗੁਰੂ ਅਰਜਨ ਸਾਹਿਬ ਦਾ ਫੁਰਮਾਣ ਹੈ ਕਿ ਇਸ ਜੀਵ ਨੇ ਕਈ ਜਨਮਾਂ ਤਕ ਪੱਥਰਾਂ ਦਾ ਜੀਵਨ ਗੁਜਾਰਿਆ ਹੈ।

ਕਈ ਜਨਮ ਸੈਲ ਗਿਰਿ ਕਰਿਆ॥ *(ਪੰਨਾ ੧੭੬)*

ਗਿਰ ਨਾਮ ਹੈ ਪਹਾੜ ਦਾ। ਪਹਾੜਾਂ ਵਿਚ ਵੀ ਪੱਥਰ ਹੀ ਹੁੰਦਾ ਹੈ। ਦੁਨੀਆਂ ਦਾ ਸਭ ਤੋਂ ਉੱਚਾ ਤੇ ਵੱਡਾ ਪਰਬਤ, ਹਿਮਾਲੀਆ ਪਰਬਤ ਭਾਰਤ ਵਿਚ ਹੈ। ਸਾਇੰਸਦਾਨਾਂ ਦਾ ਦਾਵ੍ਹਾ ਹੈ ਕਿ ਹਿਮਾਲੀਆ ਪਰਬਤ ਅਜੇ ਪਰਬਤ ਦਾ ਬੱਚਾ ਹੈ। ਪੂਰਾ ਜੁਆਨ ਨਹੀਂ ਹੋਇਆ। ਹਿਮਾਲੀਆ ਦੀ ਉਚਾਈ ਹਰ ਸਾਲ ਨਾਪੀ ਜਾਂਦੀ ਹੈ। ਹਰ ਸਾਲ ਹੀ ਛੇ ਇੰਚ ਉਸ ਦੀ ਉਚਾਈ ਵੱਧ ਜਾਂਦੀ ਹੈ। ਵਿਗਿਆਨੀ ਕਹਿੰਦੇ ਹਨ ਕਿ ਹਿਮਾਲੀਆ ਅਜੇ ਜੁਆਨ ਹੋ ਰਿਹਾ ਹੈ। ਵਿਗਿਆਨੀਆਂ ਦਾ ਦਾਵ੍ਹਾ ਹੈ ਕਿ

ਹਰ ਪੱਥਰ ਇਕ ਖਾਸ ਸਮੇਂ ਤਕ ਵੱਧਦਾ ਹੈ ਅਤੇ ਫਿਰ ਉਸ ਦੀ ਉਮਰ ਪੂਰੀ ਹੋ ਜਾਂਦੀ ਹੈ। ਹਿਮਾਲੀਆ ਵਿਚ ਵੀ ਪੱਥਰ ਹੀ ਹੈ। ਜੋ ਅਜੇ ਵੱਧਦਾ ਹੀ ਜਾਂਦਾ ਹੈ। ਹਜਾਰਾਂ ਸਾਲ ਉਮਰ ਹੈ, ਹਿਮਾਲੀਆ ਦੇ ਪੱਥਰ ਦੀ।

ਸੋ ਕਈ ਜਨਮ ਜਨਮਾਤਰਾਂ ਤਕ ਸਾਡਾ ਜੀਵਨ ਠੋਸ ਰਿਹਾ ਹੈ, ਯਾਨੀ ਕਿ ਪੱਥਰ ਰਿਹਾ ਹੈ। ਇਹ "*ਮੌਤ ਦੀ ਕਲਾ*" ਦਾ ਹੀ ਕਮਾਲ ਹੈ ਕਿ ਅਜੋਕਾ ਜੀਵਨ ਪੱਥਰਾਂ ਤੋਂ ਵੀ ਯਾਤਰਾ ਕਰਦਾ ਹੋਇਆ ਆਇਆ ਹੈ, ਪਰ ਅਜ ਠੋਸ ਨਹੀਂ ਰਿਹਾ। ਪਰ ਫਿਰ ਵੀ ਅਨੰਤ ਸਮਾਂ ਠੋਸ ਰਹਿ ਚੁੱਕੇ ਜੀਵਨ ਦੇ ਸੰਸਕਾਰ ਅੱਜ ਵੀ ਸਾਡੇ ਵਿਚ ਦੇਖੇ ਜਾ ਸਕਦੇ ਹਨ। ਜਿਵੇਂ ਅੱਗ ਦੇ ਨੇੜੇ ਪਈਆਂ ਹੋਈਆਂ ਠੰਢੀਆਂ ਵਸਤੂਆਂ ਵੀ ਗਰਮ ਹੋ ਜਾਂਦੀਆਂ ਹਨ। ਯਾਨੀ ਕਿ ਓਹਨਾਂ ਦੇ ਸੁਭਾਅ ਵਿਚ ਗਰਮੀ ਆ ਜਾਂਦੀ ਹੈ। ਫਿਰ ਭਾਵੇਂ ਅੱਗ ਨਾ ਵੀ ਰਹੇ, ਪਰ ਓਹਨਾਂ ਵਸਤੂਆਂ ਦੇ ਅੰਦਰ ਗਰਮੀ ਰਹਿੰਦੀ ਹੈ। ਠੀਕ ਸਾਡਾ ਜੀਵਨ ਅਨੰਤ ਸਮਾਂ ਪੱਥਰਾਂ ਰਾਹੀਂ ਯਾਤਰਾ ਕਰਦਾ ਰਿਹਾ ਹੈ। ਅੱਜ ਭਾਵੇਂ ਅਸੀਂ ਪੱਥਰ ਨਹੀਂ, ਪਰ ਫਿਰ ਵੀ ਸਾਡੇ ਸੁਭਾਅ ਵਿਚ ਕਾਫ਼ੀ ਕਠੋਰਤਾ ਵੇਖਣ ਨੂੰ ਮਿਲਦੀ ਹੈ। ਪੱਥਰ ਦਾ ਸੁਭਾਅ ਇਹ ਹੈ ਕਿ ਪੱਥਰ ਕੋਮਲ ਚੀਜਾਂ ਨਾਲ ਜਦੋਂ ਵੀ ਟਕਰਾਏਗਾ ਉਹਨਾਂ ਨੂੰ ਤੋੜੇਗਾ। ਜਿਸ ਮਨੁੱਖ ਦੇ ਅੰਦਰ ਸੁਭਾਅ (ਸੰਸਕਾਰ) ਕਠੋਰ ਹੋਣ, ਉਹ ਦੂਜਿਆਂ ਨਾਲ ਟਕਰਾਏਗਾ ਤੇ ਕੋਮਲ ਦਿਲਾਂ ਨੂੰ ਤੋੜਦਾ ਚਲਾ ਜਾਏਗਾ। ਮਨੁੱਖ ਦੇ ਸੰਸਕਾਰ ਜਿੰਨੇ ਕਠੋਰ ਹੋਣਗੇ, ਓਨੀ ਹੀ ਉਸ ਵਿਚ ਹਉਮੈ ਹੋਵੇਗੀ।

ਮੈਂ ਇਕ ਹਕਾਇਤ ਕਿਤੋਂ ਪੜ੍ਹੀ ਸੀ। ਇਕ ਸਿਆਣੇ ਨੇ ਇਕ ਕਾਰੀਗਰ ਨੂੰ ਪੱਥਰ ਦੀਆਂ ਖੂਬਸੂਰਤ ਮੂਰਤੀਆਂ ਬਣਾਉਂਦਿਆਂ ਦੇਖ ਕੇ ਕਿਹਾ, "ਕਮਾਲ ਹੈ! ਤੁਸੀਂ ਅਨਘੜ ਪੱਥਰ ਦੀਆਂ ਬੜੀਆਂ ਸੁੰਦਰ ਮੂਰਤੀਆਂ ਬਣਾਉਂਦੇ ਹੋ।" ਉਹ ਕਾਰੀਗਰ ਕਹਿਣ ਲੱਗਾ ਕਿ "ਮੂਰਤੀਆਂ ਮੈਂ ਨਹੀਂ ਬਣਾਉਂਦਾ, ਬਲਕਿ ਮੂਰਤੀਆਂ ਪਹਿਲਾਂ ਹੀ ਬਣੀਆਂ ਹੋਈਆਂ ਹਨ। ਮੈਂ ਤਾਂ ਪੱਥਰ ਦੇ ਫਾਲਤੂ ਟੁਕੜੇ ਉਤਾਰ ਦੇਂਦਾ ਹਾਂ ਅਤੇ ਮੂਰਤੀ ਉਘੜ ਆਉਂਦੀ ਹੈ।"

ਹਕੀਕਤ ਏਹੀ ਹੈ। ਪੱਥਰ ਮੂਰਤੀ ਨਹੀਂ, ਪਰ ਮੂਰਤੀ ਪੱਥਰ ਦੇ ਫਾਲਤੂ ਟੁਕੜਿਆਂ ਵਿਚ ਛਿਪੀ ਹੋਈ ਹੈ। ਫਾਲਤੂ ਟੁਕੜੇ ਉਤਾਰ ਦਿਉ ਮੂਰਤੀ ਉਜਾਗਰ ਹੋ ਉਠੇਗੀ। ਸਾਡੇ ਜੀਵਨ ਵਿਚ ਜਿੰਨੀ ਕਠੋਰਤਾ ਹੈ, ਇਹ ਫਾਲਤੂ ਟੁਕੜੇ ਹਨ। ਏਹ ਫਾਲਤੂ ਟੁਕੜੇ ਵਿਕਾਰਾਂ ਦੇ ਇਕੱਠੇ ਹੋ ਕੇ ਸਾਡੀ ਹਉਮੈ ਦਾ ਠੋਸ ਪੱਥਰ ਬਣ ਕੇ ਸਾਡੇ ਕੋਮਲ ਜੀਵਨ ਨੂੰ ਦਬਾਈ ਬੈਠੇ ਹਨ। ਕਿਸੇ ਸਿਆਣੇ ਨੇ ਕਿਹਾ ਹੈ ਕਿ "***ਰੱਬ ਬੰਦੇ ਦੇ ਵਿਚ ਹੈ, ਪਰ ਬੰਦਾ ਹਉਮੈ ਦੇ ਵਿਚ ਹੈ।***" ਮੂਰਤੀ ਪੱਥਰ ਦੇ ਵਿਚ ਹੈ, ਪਰ ਪੱਥਰ ਮੂਰਤੀ ਨਹੀਂ ਹੈ। ਭਗਵਾਨ, ਇਨਸਾਨ ਦੇ ਵਿਚ ਹੈ ਪਰ ਇਨਸਾਨ ਸ਼ੈਤਾਨ ਹੋ ਗਿਆ ਹੈ।

□□□□

ਹਉਮੈ ਦਾ ਜਨਮ ਅਤੇ ਮੌਤ ਦੀ ਕਲਾ

ਹਉਮੈ ਦਾ ਅੱਖਰੀ ਅਰਥ ਇਹ ਹੈ ਕਿ "ਮੈਂ ਹਾਂ।" ਦਰਅਸਲ ਮੂਲ ਰੂਪ ਮੈਂ ਨਹੀਂ ਹੈ। ਪ੍ਰਮਾਤਮਾ ਹੈ। ਪ੍ਰਮਾਤਮਾ ਦੀ ਸਮਝ ਵੀ ਏਸ ਕਰਕੇ ਹੀ ਨਹੀਂ ਆਉਂਦੀ, ਕਿਉਂਕਿ ਹਉਮੈ ਦਾ ਪਰਦਾ ਆਤਮਾ ਦੇ ਤਲ ਉੱਪਰ ਬਣਿਆ ਹੈ। ਆਤਮਾ ਦਾ ਅਸਲਾ "ਇੱਕ ਓਅੰਕਾਰ" ਹੈ। ਯਾਨੀ ਕਿ ਸ਼ਬਦ ਹੈ। ਸ਼ਬਦ ਪੰਜ ਤੱਤਾਂ ਤੋਂ ਵਿਲੱਖਣ ਹੈ। ਏਸ ਕਰਕੇ ਆਤਮਾ ਵੀ ਤੱਤ ਰਹਿਤ ਹੈ। ਆਤਮਾ ਦ੍ਰਿਸ਼ਟਮਾਨ ਨਹੀਂ ਹੈ। ਆਤਮਾ ਪ੍ਰਮਾਤਮਾ ਦੀ ਸਮਗੁਣੀ ਹੈ। ਜਿਵੇਂ ਸੂਰਜ ਦੀਆਂ ਕਿਰਨਾਂ ਸੂਰਜ ਨਾਲੋਂ ਅਲੱਗ ਨਹੀਂ ਹੁੰਦੀਆਂ। ਆਤਮਾ, ਪ੍ਰਮਾਤਮਾ ਨਾਲੋਂ ਅਲੱਗ ਨਹੀਂ ਹੈ। ਆਤਮਾ, ਪ੍ਰਮਾਤਮਾ ਦੇ ਹੀ ਪ੍ਰਕਾਸ਼ ਦੀ ਕਿਰਨ ਹੈ। ਪ੍ਰਮਾਤਮਾ, ਸਤਿ, ਚਿੱਤ, ਅਨੰਦ ਹੈ। ਏਸ ਕਰਕੇ ਆਤਮਾ ਵੀ ਸਚਿਦਾਨੰਦ (ਸਤਿ ਚਿੱਤ-ਅਨੰਦ) ਹੈ। ਪਰ ਆਤਮਾ ਪੰਜ ਤੱਤਾਂ ਦੇ ਸਰੀਰ ਵਿੱਚ ਆਉਣ ਕਰਕੇ, ਜੀਵਾਤਮਾ ਬਣ ਗਈ ਹੈ। ਆਤਮਾ ਦਾ ਪੰਜ ਭੌਤਕ ਤਨ ਨਾਲ ਸੰਬੰਧ ਹੋਣ ਕਰਕੇ, ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਅਲੱਗ ਸਮਝ ਬੈਠੀ ਹੈ। ਮੂਲ ਰੂਪ ਪ੍ਰਮਾਤਮਾ ਤੋਂ, ਆਤਮਾ ਨੂੰ ਆਪਣੀ ਵੱਖਰੀ ਹੋਂਦ ਭਾਸਣ ਲੱਗ ਪਈ ਹੈ। ਏਸੇ ਕਰਕੇ ਹਰ ਆਦਮੀ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਅਲੱਗ ਸਮਝਦਾ ਹੈ। ਅਲੱਗ ਸਮਝਣ ਦੀ ਵਜ੍ਹਾ ਹੀ ਹੈ ਕਿ ਹਰੇਕ ਬੰਦਾ ਪ੍ਰਮਾਤਮਾ ਦੀ ਖੋਜ ਵਿੱਚ ਹੈ। ਆਪਣੀ ਖੋਜ ਵਿਚ ਕੋਈ ਨਹੀਂ ਹੈ। ਮੂਲ ਰੂਪ ਵਿੱਚ ਆਤਮਾ ਪ੍ਰਮਾਤਮਾ ਤੋਂ ਅਲੱਗ ਨਹੀਂ ਹੈ, ਪਰ ਪ੍ਰਾਕਿਰਤਕ ਸਰੀਰ ਨਾਲ ਸੰਬੰਧ ਜੁੜਨ ਕਰਕੇ ਆਤਮਾ ਨੇ, ਆਪਣੇ ਅਸਲ ਰੂਪ ਪ੍ਰਮਾਤਮਾ ਨਾਲੋਂ ਸੰਬੰਧ ਤੋੜ ਲਿਆ ਹੈ ਅਤੇ ਆਪਣੀ ਵੱਖਰੀ ਹੋਂਦ ਮੰਨ ਬੈਠੀ ਹੈ ਕਿ "ਮੈਂ ਹਾਂ"। ਏਸ ਦਾ ਨਾਮ ਹਉਮੈ ਹੈ। ਮੂਲ ਰੂਪ ਵਿੱਚ "ਹਉਮੈ" ਏਥੋਂ ਹੀ ਸ਼ੁਰੂ ਹੋ ਜਾਂਦੀ ਹੈ। ਬਾਕੀ ਤਾਂ ਹਉਮੈ ਦੀ ਜ਼ੰਜੀਰ ਹੈ, ਪਰ ਪਹਿਲੀ ਕੜੀ ਹਉਮੈ ਦੀ ਏਥੋਂ ਹੀ ਸ਼ੁਰੂ ਹੁੰਦੀ ਹੈ। ਹਾਲਾਂਕਿ ਇਹ ਆਤਮਾ ਅਲੱਗ ਨਹੀਂ, ਮਗਰ ਇਹ ਆਪਣੀ ਹੋਂਦ ਏਸ ਤਰ੍ਹਾਂ ਮੰਨੀ ਬੈਠੀ ਹੈ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥ ੨੫ ॥

(ਸਲੋਕ ਮਹਲਾ ੯, ਪੰਨਾ ੧੪੨੭)

ਜਿਵੇਂ ਸਮੁੰਦਰ ਦੇ ਤਲ ਉੱਪਰ ਹਵਾ ਦੇ ਝੋਕਿਆਂ ਨਾਲ ਲਹਿਰਾਂ ਉੱਠਦੀਆਂ ਹਨ। ਪਰ ਚਲਦੀ ਹੋਈ ਹਵਾ ਦਾ ਇੱਕ ਕਤਰਾ ਕਈ ਵਾਰ ਇੱਕ ਬੂੰਦ ਪਾਣੀ ਨਾਲ ਸੰਬੰਧ ਬਣਾ ਲੈਂਦਾ ਹੈ। ਫਿਰ ਉਹ ਪਾਣੀ ਦੀ ਇੱਕ ਬੂੰਦ, ਇੱਕ ਕਤਰਾ ਹਵਾ ਦੇ

ਸੰਯੋਗ ਨਾਲ ਬੁਲਬੁਲਾ ਬਣ ਕੇ ਸਮੁੰਦਰ ਦੀ ਛਾਤੀ ਉੱਪਰ ਤੈਰਨ ਲੱਗਦਾ ਹੈ। ਤੈਰਦਾ ਹੋਇਆ ਬੁਲਬੁਲਾ ਵੀ ਸਮੁੰਦਰ ਨਾਲੋਂ ਆਪਣੀ ਵੱਖਰੀ ਹਸਤੀ ਸਮਝਦਾ ਹੈ। ਕੌਣ ਉਸ ਬੁਲਬੁਲੇ ਨੂੰ ਦੱਸੇ ਕਿ ਤੂੰ ਸਮੁੰਦਰ ਨਾਲੋਂ ਅਲੱਗ ਨਹੀਂ ਹੋ ਸਕਦਾ? ਸਮੁੰਦਰ ਦੀ ਛਾਤੀ ਉੱਪਰ ਤੂੰ ਜਿਥੇ ਤੱਕ ਮਰਜ਼ੀ ਤੈਰ ਸਕਦਾ ਹੈਂ। ਪਰ ਸਾਗਰ ਨਾਲੋਂ ਤੂੰ ਵੱਖਰਾ ਹੋ ਕੇ ਵੀ ਵੱਖਰਾ ਨਹੀਂ ਹੋ ਸਕਦਾ। ਬੱਸ! ਏਸੇ ਹੀ ਢੰਗ ਨਾਲ ਆਤਮਾ ਪ੍ਰਮਾਤਮਾ ਰੂਪ ਸਾਗਰ ਦੀ ਇੱਕ ਬੂੰਦ ਹੈ। ਸਰੀਰ, ਸੰਸਾਰ ਦੇ ਸਮੁੰਦਰ ਦਾ ਇੱਕ ਕਤਰਾ ਪਾਣੀ ਹੈ। ਏਸ ਤੋਂ ਵਧ ਏਸ ਦੀ ਕੋਈ ਹਸਤੀ ਨਹੀਂ ਹੈ। ਏਸ ਕਤਰੇ ਪਾਣੀ ਨਾਲ ਹਵਾ ਰੂਪ ਆਤਮਾ ਦਾ ਸੰਬੰਧ ਬਣਿਆ ਹੈ। ਉਸ ਦਿਨ ਵੀ ਇਹ ਸਾਡਾ ਸਰੀਰ ਹੀ ਸੀ, ਜਿਸ ਦਿਨ ਇਹ ਸਰੀਰ, ਮਾਂ ਦੇ ਗਰਭ ਵਿੱਚ ਇਕ ਪਾਣੀ ਦਾ ਕਤਰਾ ਸੀ। ਅੱਜ ਵੀ ਇਹ ਸਰੀਰ ਹੈ ਜੋ ਹਵਾ ਦੇ ਸੁਆਸ ਧੜਕਦਿਆਂ-ਧੜਕਦਿਆਂ ਸਾਢੇ ਤਿੰਨ ਮਣ ਦਾ ਭਾਰਾ ਹੋ ਗਿਆ ਹੈ। ਬੁਲਬੁਲਾ ਜਿੱਡਾ ਮਰਜ਼ੀ ਵੱਡਾ ਹੋ ਜਾਵੇ। ਪਰ ਪਾਣੀ ਦੀ ਸਤਾ ਨਾਲੋਂ ਅਲੱਗ ਨਹੀਂ ਹੋ ਸਕਦਾ। ਅਲੱਗ ਹੋਵੇਗਾ ਤਾਂ ਹਸਤੀ ਮਿਟ ਜਾਏਗੀ। ਆਤਮਾ, ਪ੍ਰਮਾਤਮਾ ਦੀ ਅੰਸ਼ ਹੈ।

ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥

(ਪੰਨਾ ੮੭੧)

ਪਰ ਇਹ ਪ੍ਰਮਾਤਮਾ ਦੀ ਅੰਸ਼ ਹੋਣ ਦੇ ਬਾਵਜੂਦ ਸਰੀਰ ਵਿੱਚ ਨਿਵਾਸ ਕਰਦੀ ਹੈ। ਏਸ ਕਰਕੇ ਜੀਵਾਤਮਾ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹਸਤੀ ਮੰਨਦੀ ਹੈ। ਬੱਸ! ਏਹ ਮੰਨਣਾ ਹੀ ਕਿ "ਮੈਂ ਹਾਂ।" ਇਹ "ਹਉਮੈ" ਹੈ। ਪਾਣੀ ਦਾ ਬੁਲਬੁਲਾ ਪਾਣੀ ਤੋਂ ਹੀ ਪੈਦਾ ਹੋਇਆ ਤੇ ਪਾਣੀ ਵਿੱਚ ਹੀ ਉਸ ਦਾ ਵਿਨਾਸ਼ ਹੁੰਦਾ ਹੈ। ਅਸਲ ਵਿੱਚ ਇਹ ਪਹਿਲਾਂ ਵੀ ਪਾਣੀ ਸੀ। ਬੁਲਬੁਲਾ ਬਣਕੇ ਵੀ ਪਾਣੀ ਹੀ ਹੈ। ਬੁਲਬੁਲਾ ਮਿਟ ਕੇ ਵੀ ਪਾਣੀ ਹੀ ਰਹੇਗਾ। ਤਿੰਨਾਂ ਹਾਲਤਾਂ ਵਿੱਚ ਹੀ ਪਾਣੀ ਹੈ। ਇਹ ਬੁਲਬੁਲੇ ਦਾ ਵਜੂਦ ਜੋ, ਘੜੀ ਪਲ ਲਈ ਬਣਿਆ ਹੈ, ਇਹ ਹਵਾ ਪਾਣੀ ਦੇ ਸੰਗ ਦੋਸ਼ ਕਰਕੇ ਹੈ। ਕਿੰਨੀ ਕੁ ਉਮਰ ਹੈ ਬੁਲਬੁਲੇ ਦੀ। ਪਾਣੀ ਤਾਂ ਸਦਾ ਹੈ, ਪਰ ਬੁਲਬੁਲਾ ਸਦਾ ਨਹੀਂ। ਬੁਲਬੁਲਾ ਕਦੀ ਨਹੀਂ ਸੀ। ਫਿਰ ਬਣਿਆ ਤੇ ਫਿਰ ਮਿਟ ਗਿਆ। ਇਹ ਸਰੀਰ ਕਦੇ ਨਹੀਂ ਸੀ। ਅੱਜ ਹੈ। ਇੱਕ ਦਿਨ ਫਿਰ ਨਹੀਂ ਹੋਵੇਗਾ।

ਪ੍ਰਮਾਤਮਾ ਇੱਕ ਸਮੁੰਦਰ ਹੈ। ਸਾਰੇ ਜੀਵ ਉਸ ਸਾਗਰ ਤੋਂ ਪੈਦਾ ਹੋਏ ਬੁਲਬੁਲੇ ਹਨ। ਪੈਦਾ ਹੁੰਦੇ ਹਨ ਤੇ ਮਿਟ ਜਾਂਦੇ ਹਨ। ਸਾਗਰ ਵਿੱਚ ਹੀ ਪੈਦਾ ਹੁੰਦੇ ਹਨ ਅਤੇ ਸਾਗਰ ਵਿੱਚ ਹੀ ਮਿਟ ਜਾਂਦੇ ਹਨ। ਜਦੋਂ ਬਰਸਾਤ ਪੈਂਦੀ ਹੈ ਤਾਂ ਧਿਆਨ ਨਾਲ ਦੇਖਣਾ, ਪਾਣੀ ਉੱਪਰ ਬੁਲਬੁਲੇ ਬਣਦੇ ਹਨ ਤੇ ਪਲ ਭਰ ਲਈ ਤੈਰਦੇ ਹਨ; ਫਿਰ ਮਿਟ ਜਾਂਦੇ ਹਨ। ਪਰ ਉਹ ਬੁਲਬੁਲੇ ਫੁੱਲਾਂ ਵਾਂਗ ਖਿੜਦੇ ਆਉਂਦੇ ਹਨ। ਹੱਸਦੇ ਹੀ ਤੈਰਦੇ ਹਨ ਅਤੇ ਹੱਸਦੇ-ਹੱਸਦੇ ਹੀ ਮਿਟ ਜਾਂਦੇ ਹਨ। ਉਹਨਾਂ ਦੇ ਮਿਟ ਜਾਣ ਵਿੱਚ

ਵੀ ਇੱਕ ਖੇੜਾ ਹੈ। ਪਰ ਜੀਵ ਦੀ ਹਾਲਤ ਏਸ ਤੋਂ ਉਲਟ ਹੈ। ਏਹ ਆਪਣੇ ਨਾਲ ਹਉਮੈ ਜੋੜ ਬੈਠਾ ਹੈ। ਏਸ ਕਰਕੇ ਮਿਟਣ ਵਿੱਚ ਏਸ ਨੂੰ ਦੁਖ ਪ੍ਰਤੀਤ ਹੁੰਦਾ ਹੈ। ਕਿਸੇ ਨੇ ਕਿਸੇ ਸਿਆਣੇ ਤੋਂ ਪੁਛਿਆ ਕਿ "ਇਹ ਜੀਵ ਕਿਥੋਂ ਆਉਂਦੇ ਹਨ ਅਤੇ ਕਿਧਰ ਜਾਂਦੇ ਹਨ?" ਉਸ ਸਿਆਣੇ ਨੇ ਜੁਆਬ ਦਿੱਤਾ ਕਿ "ਇਹ ਤਾਂ ਪਤਾ ਨਹੀਂ ਕਿਥੋਂ ਆਉਂਦੇ ਹਨ ਤੇ ਕਿਧਰ ਜਾਂਦੇ ਹਨ। ਪਰ ਏਨਾ ਜ਼ਰੂਰ ਪਤਾ ਹੈ ਕਿ ਜੀਵ ਰੋਂਦੇ ਹੀ ਆਉਂਦੇ ਹਨ ਤੇ ਰੋਂਦੇ ਹੀ ਜਾਂਦੇ ਹਨ।" ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਪ੍ਰਮਾਤਮਾ ਹੈ। ਇਹ ਜੀਵ ਉਸ ਦੀ ਅੰਸ਼ ਹੈ। ਪਰ ਇਹ ਇੱਕ ਪਾਣੀ ਦੇ ਕਤਰੇ ਜਿੰਨੀ ਹਸਤੀ ਨਾਲ "ਮੈਂ" ਜੋੜ ਬੈਠਾ ਹੈ। ਜਿਥੇ 'ਮੈਂ ਹਾਂ' ਦੀ ਧੁਨ ਬਣ ਜਾਏ, ਉਥੇ ਫਿਰ ਜੀਵ ਰੋਂਦਾ ਹੈ ਜਾਂ ਰੁਆਂਦਾ ਹੈ। ਸਿਵਾਇ ਰੋਣ ਤੋਂ ਹੋਰ ਕੁਝ ਨਹੀਂ ਬਚਦਾ।

ਦਰਅਸਲ ਕੁਝ ਵੀ ਜੰਮਦਾ ਮਰਦਾ ਨਹੀਂ ਹੈ। "ਮੌਤ ਦੀ ਕਲਾ" ਦੀ ਸਮਝ ਆਉਣ ਦੀ ਦੇਰ ਹੈ ਕਿ ਜੀਵਨ ਵਿਚੋਂ ਰੋਣਾ ਮੁੱਕ ਜਾਂਦਾ ਹੈ।

ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥

(ਪੰਨਾ ੨੮੧)

ਨਾ ਕੋਈ ਜੰਮਦਾ ਹੈ ਤੇ ਨਾ ਹੀ ਮਰਦਾ ਹੈ। ਪਰ ਇਹ ਗਿਆਨ ਬੰਦੇ ਨੂੰ ਕਿਥੇ ਆਉਂਦਾ ਹੈ? ਇਸ ਸੰਸਾਰ ਵਿਚ ਕੋਈ ਵਿਰਲੇ ਹੁੰਦੇ ਹਨ, ਜਿਨ੍ਹਾਂ ਨੂੰ "***ਮੌਤ ਦੀ ਕਲਾ***" ਦੀ ਸਮਝ ਆ ਜਾਂਦੀ ਹੈ। ਵਰਨਾ ਆਦਮੀ ਹਉਮੈ ਨਾਲ ਬੱਝ ਗਿਆ ਹੈ। ਇਹ ਜੀਵ ਆਪਣੀ ਵੱਖਰੀ ਹਸਤੀ ਮੰਨ ਬੈਠਾ ਹੈ। ਹਉਮੈ ਦੇ ਕਾਰਨ ਵੱਖਰੀ ਹਸਤੀ ਜਾਪਦੀ ਹੈ। ਜਿਉਂ-ਜਿਉਂ ਇਹ ਭਰਮ ਵਧਦਾ ਜਾਂਦਾ ਹੈ। ਤਿਉਂ-ਤਿਉਂ ਹਉਮੈ ਵਧਦੀ ਜਾਂਦੀ ਹੈ। ਪੁਰਾਣੀਆਂ ਕਹਾਣੀਆਂ ਵਿੱਚ ਇੱਕ ਕਹਾਣੀ ਹੈ ਕਿ-

ਇੱਕ ਲੂੰਬੜੀ ਸੁਬਹ-ਸੁਬਹ ਜੰਗਲ ਵਿੱਚ ਭੋਜਨ ਦੀ ਤਲਾਸ਼ ਵਿੱਚ ਨਿਕਲੀ, ਸੂਰਜ ਵੱਲ ਪਿੱਠ ਕਰਕੇ ਚਲ ਰਹੀ ਸੀ। ਲੂੰਬੜੀ ਦਾ ਪ੍ਰਛਾਵਾਂ ਉਸ ਦੇ ਆਪਣੇ ਅੱਗੇ ਅੱਗੇ ਬੜਾ ਵੱਡਾ ਦਿਖਾਈ ਦੇ ਰਿਹਾ ਸੀ। ਕਿਉਂਕਿ ਚੜ੍ਹਦੇ ਸੂਰਜ ਦਾ ਪ੍ਰਛਾਵਾਂ ਬੜਾ ਵੱਡਾ ਹੁੰਦਾ ਹੈ। ਲੂੰਬੜੀ ਨੇ ਆਪਣਾ ਬੜਾ ਵੱਡਾ ਪ੍ਰਛਾਵਾਂ ਦੇਖਿਆ ਤੇ ਉਸਨੂੰ ਇਹ ਭਰਮ ਹੋ ਗਿਆ ਕਿ ਮੈਂ ਬਹੁਤ ਵੱਡੀ ਹੋ ਗਈ ਹਾਂ। ਕਿਉਂਕਿ ਪ੍ਰਛਾਵਾਂ ਤੇ ਮੇਰਾ ਹੀ ਹੈ। ਜਿੱਡਾ ਵੱਡਾ ਪ੍ਰਛਾਵਾਂ ਹੈ, ਓਨੀ ਵੱਡੀ ਮੈਂ ਹਾਂ। ਦਰਅਸਲ ਲੂੰਬੜੀ ਨੂੰ ਇਹ ਭਰਮ ਹੋ ਗਿਆ ਕਿ ਮੈਂ ਬਹੁਤ ਵੱਡੀ ਹੋ ਗਈ ਹਾਂ। ਮੈਂ ਏਡੀ ਵੱਡੀ ਹਾਂ ਤਾਂ ਫਿਰ ਮੈਨੂੰ ਭੋਜਨ ਵੀ ਬਹੁਤ ਜ਼ਿਆਦਾ ਚਾਹੀਦਾ ਹੈ। ਥੋੜ੍ਹੇ ਬਹੁਤੇ ਭੋਜਨ ਨਾਲ ਤਾਂ ਮੇਰਾ ਪੇਟ ਨਹੀਂ ਭਰਨਾ। ਤਾਂ ਉਹ ਲੂੰਬੜੀ ਨੇ ਸੋਚਿਆ ਕਿ ਅੱਜ ਤਾਂ ਮੈਂ ਇੱਕ ਊਠ ਮਾਰ ਕੇ ਖਾਵਾਂਗੀ। ਊਠ ਤੋਂ ਘੱਟ ਤਾਂ ਨਾਸ਼ਤਾ ਨਹੀਂ ਹੋ ਸਕਣਾ। ਫਿਰ ਉਹ ਲੂੰਬੜੀ ਨਾਸ਼ਤੇ ਵਾਸਤੇ ਊਠ ਦੀ ਭਾਲ ਵਿੱਚ ਨਿਕਲੀ। ਸਵੇਰ ਤੋਂ ਦੁਪਹਿਰ ਹੋ ਗਈ, ਪਰ ਊਠ ਨਾ ਮਿਲਿਆ। ਊਠ ਮਿਲ ਵੀ ਜਾਂਦਾ ਤਾਂ ਉਸ ਨੂੰ ਉਹ ਕਿਵੇਂ ਮਾਰ ਕੇ ਖਾਂਦੀ? ਪਰ ਊਠ

ਨਾ ਮਿਲਿਆ। ਦੁਪਹਿਰ ਦਾ ਸੂਰਜ ਸਿਰ ਤੇ ਆ ਗਿਆ। ਭੁੱਖ ਨਾਲ ਜਾਨ ਨਿਕਲਣ ਲੱਗੀ। ਜਦੋਂ ਸੂਰਜ ਸਿਰ ਤੇ ਆਇਆ ਤਾਂ ਉਸ ਲੂੰਬੜੀ ਦਾ ਧਿਆਨ ਫਿਰ ਆਪਣੇ ਪੈਰਾਂ ਵੱਲ ਪਿਆ। ਹੁਣ ਉਸ ਦਾ ਪ੍ਰਛਾਵਾਂ ਏਨਾ ਛੋਟਾ ਸੀ ਕਿ ਕੇਵਲ ਸਿਰ ਨੀਵਾਂ ਕਰਕੇ ਪੈਰਾਂ ਵਿੱਚ ਹੀ ਦੇਖਣਾ ਪੈਂਦਾ ਸੀ। ਏਨਾ ਛੋਟਾ ਪ੍ਰਛਾਵਾਂ ਦੇਖ ਕੇ ਲੂੰਬੜੀ ਸੋਚਣ ਲੱਗੀ ਕਿ ਮੈਂ ਤਾਂ ਬਹੁਤ ਛੋਟੀ ਹਾਂ। ਮੈਂ ਤਾਂ ਇੱਕ ਚਿੜੀ ਮਾਰ ਕੇ ਵੀ ਖਾ ਲਵਾਂ, ਤਾਂ ਵੀ ਭੁੱਖ ਮਿਟ ਸਕਦੀ ਹੈ। ਤਾਂ ਫਿਰ ਉਸ ਲੂੰਬੜੀ ਨੇ ਝੱਟ ਹੀ ਕੁਝ ਚਿੜੀਆਂ ਮਾਰ ਲਈਆਂ ਤੇ ਭੋਜਨ ਕਰਕੇ ਵਾਪਸ ਘਰ ਆ ਗਈ।

ਦਰਅਸਲ ਇਹ ਕਹਾਣੀ ਲੂੰਬੜੀ ਦੇ ਪ੍ਰਛਾਵੇਂ ਦੀ ਨਹੀਂ ਹੈ। ਇਹ ਮਨੁੱਖ ਦੀ ਹਉਮੈ ਦੀ ਕਹਾਣੀ ਹੈ। ਜਦੋਂ ਸੂਰਜ ਅਜੇ ਚੜ੍ਹ ਰਿਹਾ ਹੁੰਦਾ ਹੈ ਤਾਂ ਪ੍ਰਛਾਵਾਂ ਬਹੁਤ ਵੱਡਾ ਹੁੰਦਾ ਹੈ। ਭਾਵ ਕਿ ਜਦੋਂ ਮਨੁੱਖ ਦੀ ਬੁੱਧੀ ਦਾ ਸੂਰਜ ਛੋਟਾ ਹੁੰਦਾ ਹੈ ਤਾਂ ਹਉਮੈ ਦਾ ਛਾਇਆ ਜ਼ਿਆਦਾ ਵੱਡਾ ਤੇ ਗਹਿਰਾ ਹੁੰਦਾ ਹੈ। ਜਦੋਂ ਸੂਰਜ ਸਿਰ ਤੇ ਆ ਜਾਂਦਾ ਹੈ, ਭਾਵ ਕਿ ਦਸਮ ਦੁਆਰ ਵਿੱਚ ਪ੍ਰਕਾਸ਼ ਹੁੰਦਾ ਹੈ ਤਾਂ ਫਿਰ ਹਉਮੈ ਮਿਟ ਜਾਂਦੀ ਹੈ। ਪ੍ਰਮਾਤਮਾ ਮਨੁੱਖ ਦੇ ਆਪਣੇ ਸਿਰ ਵਿੱਚ ਹੀ ਪ੍ਰਗਟ ਹੁੰਦਾ ਹੈ। ਪਰ ਇਹ ਗਿਆਨ ਮਨੁੱਖ ਨੂੰ ਕਿਵੇਂ ਆਵੇ? ਕਿ ਮੈਂ ਤਾਂ ਪਹਿਲਾਂ ਵੀ ਪ੍ਰਮਾਤਮਾ ਹੀ ਸਾਂ ਅਤੇ ਬਾਅਦ ਵਿੱਚ ਵੀ ਪ੍ਰਮਾਤਮਾ ਵਿੱਚ ਹੀ ਲੀਨ ਹੋਣਾ ਹੈ। ਇਹ ਪ੍ਰਛਾਵਾਂ ਤਾਂ, ਵਿੱਚ ਇੱਕ ਪਰਦਾ ਹੈ। ਜੋ ਜੀਵ ਤੇ ਪ੍ਰਮਾਤਮਾ ਦੇ ਵਿਚਕਾਰ ਇਕ ਝੂਠ ਦੀ ਦੀਵਾਰ ਹੈ। ਇਹ ਹਉਮੈ ਦਾ ਪ੍ਰਛਾਵਾਂ ਕਿਵੇਂ ਆ ਗਿਆ ਹੈ? ਦਰਅਸਲ ਹਉਮੈ ਨੇ ਦੁਬਿਧਾ ਤੇ ਦੁਰਮਤਿ ਪੈਦਾ ਕਰ ਦਿੱਤੀ ਹੈ। ਜੇ ਇਹ ਗੱਲ ਸਮਝ ਵਿਚ ਆਏਗੀ, ਤਾਂ ਹੀ ਹਉਮੈ ਮਿਟ ਸਕਣੀ ਹੈ। ਸਮਝ ਵਿੱਚ ਤਾਂ ਜ਼ਰੂਰ ਆਏਗੀ, ਪਰ ਆਏਗੀ ਗੁਰੂ ਕ੍ਰਿਪਾ ਦੁਆਰਾ।

ਏਥੇ ਆਪ ਮੁਹਾਰੇ ਇਕ ਸੁਆਲ ਪੈਦਾ ਹੋ ਜਾਂਦਾ ਹੈ ਕਿ ਕਿਹੜੀ ਵਸਤੂ ਹੈ ਜਿਹੜੀ ਨਾਮ ਨੂੰ ਪ੍ਰਗਟ ਨਹੀਂ ਹੋਣ ਦੇਂਦੀ। ਇਸ ਦਾ ਜੁਆਬ ਗੁਰੂ ਅਰਜਨ ਦੇਵ ਜੀ ਨੇ ਬੜਾ ਸੁੰਦਰ ਦਿੱਤਾ ਹੈ ਕਿ ਹਉਮੈ ਦੀ ਕੰਧ ਵਿਚਕਾਰ ਹੈ। ਜਿਵੇਂ ਭੰਬੀਰੀ ਫੁੱਲਾਂ ਉੱਪਰ ਬੈਠਦੀ ਹੈ। ਪਰ ਭੰਬੀਰੀ ਦੇ ਖੰਭ ਭੰਬੀਰੀ ਦੇ ਤਨ ਨਾਲੋਂ ਵੀ ਕਈ ਗੁਣਾਂ ਵੱਡੇ ਹੁੰਦੇ ਹਨ। ਆਪਣੇ ਖੰਭਾਂ ਦੇ ਪਰਦੇ ਪਿੱਛੇ, ਉਹ ਫੁੱਲ ਵੀ ਭੰਬੀਰੀ ਨੂੰ ਨਹੀਂ ਦਿੱਸਦੇ, ਜਿਨ੍ਹਾਂ ਫੁੱਲਾਂ ਤੇ ਉਹ ਆਪ ਬੈਠੀ ਹੋਈ ਹੁੰਦੀ ਹੈ। ਜਿਨ੍ਹਾਂ ਫੁੱਲਾਂ ਦੀ ਖੁਸ਼ਬੂ ਤੇ ਸੁਗੰਧ ਬਾਰੇ ਪ੍ਰਦੇਸ਼ਾਂ ਦੇ ਭੌਰਿਆਂ ਤੋਂ ਭੰਬੀਰੀ ਨੇ ਸੁਣਿਆ ਸੀ, ਉਹਨਾਂ ਫੁੱਲਾਂ ਦੇ ਦੇਸ਼ ਵਿੱਚ, ਨੇੜੇ ਬੈਠ ਕੇ ਵੀ, ਆਪਣੇ ਹੀ ਖੰਭਾਂ ਦੇ ਪਰਦੇ ਪਿਛੇ ਉਹ ਦੇਖ ਨਾ ਸਕੀ।

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥ ੩॥ (ਪੰਨਾ ੬੨੪)

ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦਾ ਕਥਨ ਹੈ ਕਿ ਹਉਮੈ ਰੂਪੀ ਕੰਧ ਨੇ,

ਨਾਮ ਰੂਪ ਅੰਮ੍ਰਿਤ ਨੂੰ ਢੱਕਿਆ ਹੋਇਆ ਹੈ। ਨਾਮ ਦਾ ਤੇ ਜੀਵ ਦਾ ਇੱਕ ਹੀ ਥਾਂ ਤੇ ਵਾਸਾ ਹੈ। ਪ੍ਰੇਮੀ ਤੇ ਪ੍ਰੀਤਮ ਇਕੱਠੇ ਵਸਦੇ ਹਨ। ਪਰ ਵਿੱਚ ਹਉਮੈ ਦੀ ਕੰਧ ਹੈ। ਗੁਰੂ ਪੂਰੀ ਕ੍ਰਿਪਾ ਕਰ ਦੇਵੇ ਤੇ ਇਹ ਕੂੜ ਦੀ ਕੰਧ ਨੂੰ ਗਿਰਾਇਆ ਜਾ ਸਕਦਾ ਹੈ।

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥

(ਮਲਾਰ ਮਹਲਾ ੪, ਪੰਨਾ ੧੨੬੩)

ਇਸ ਹਉਮੈ ਦੇ ਪਰਦੇ ਕਰਕੇ ਜੀਵਾਂ ਨੂੰ ਪ੍ਰਮਾਤਮਾ ਦੀ ਪਛਾਣ ਨਹੀਂ ਆਉਂਦੀ। ਏਸੇ ਕਰਕੇ, ਸੰਸਾਰ ਬਿਨਾਂ ਸ਼ੱਕ ਬਿਨਸਣਹਾਰ ਹੈ। ਪਰ ਸੰਸਾਰ ਉੱਪਰ ਫਿਰ ਵੀ ਮਨੁੱਖ ਦਾ ਯਕੀਨ ਹੈ ਕਿ ਇਹ ਹੈ। ਕਦੇ ਸ਼ੱਕ ਨਹੀਂ ਪਿਆ ਕਿ ਇਹ ਸੰਸਾਰ ਇੱਕ ਦਿਨ ਨਹੀਂ ਸੀ। ਅੱਜ ਹੈ। ਇੱਕ ਦਿਨ ਫਿਰ ਨਹੀਂ ਹੋਵੇਗਾ। ਪਰ ਪ੍ਰਭੂ ਤੇ ਸ਼ੱਕ ਹੈ। ਪਤਾ ਨਹੀਂ ਉਹ ਹੈ ਵੀ ਕਿ ਨਹੀਂ। ਇਹ ਸ਼ੱਕ ਹਮੇਸ਼ਾਂ ਹਉਮੈ ਦੇ ਪਰਦੇ ਕਰਕੇ ਰਹਿੰਦਾ ਹੈ।

□□□□

ਮਨ ਦਾ ਜਨਮ ਤੇ ਮੌਤ ਦੀ ਕਲਾ

ਮਨ ਤੇ ਆਤਮਾ ਦੋਵੇਂ ਇੱਕ ਦੂਜੇ ਦੇ ਵਿਰੋਧੀ ਹਨ। ਦੋਵੇਂ ਇਕੋ ਸਮੇਂ ਇਕੱਠੇ ਹੁੰਦਿਆਂ ਹੋਇਆਂ ਵੀ ਆਤਮਾ ਪ੍ਰਕਾਸ਼ ਹੈ ਅਤੇ ਮਨ ਅੰਧਕਾਰ ਹੈ। ਦਰਅਸਲ ਮਨ ਹੀ ਉਹ ਪ੍ਰਛਾਇਆ ਹੈ, ਜਿਸ ਦਾ ਨਾਮ ਹਉਮੈ ਹੈ। ਪ੍ਰਛਾਇਆ ਹਮੇਸ਼ਾਂ ਓਨੀ ਦੇਰ ਅੱਗੇ ਹੀ ਰਹਿੰਦਾ ਹੈ, ਜਿੰਨੀ ਦੇਰ ਕੋਈ ਸੂਰਜ ਦੀ ਤਰਫ ਪਿੱਠ ਕਰਕੇ ਚਲਦਾ ਹੈ। ਸੂਰਜ ਵੱਲ ਦੇਖਣ ਨਾਲ ਪ੍ਰਛਾਵਾਂ ਪਿਛੇ ਹੁੰਦਾ ਹੈ। ਪਰ ਪ੍ਰਛਾਵੇਂ ਵੱਲ ਦੇਖਣ ਨਾਲ ਸੂਰਜ ਪਿੱਛੇ ਹੁੰਦਾ ਹੈ। ਸੂਰਜ ਵੱਲ ਦੇਖਣ ਦੀ ਜੁਗਤ ਆਉਣੀ ਚਾਹੀਦੀ ਹੈ। ਸੂਰਜ ਯਾਨੀ ਕਿ ਪ੍ਰਮਾਤਮਾ। ਸੋ ਮਨ ਤੇ ਆਤਮਾ ਦੋਵੇਂ ਆਪਸ ਵਿੱਚ ਵਿਰੋਧੀ ਹਨ। ਆਤਮਾ "ਨਾਮ" ਹੈ। ਮਨ "ਹਉਮੈ" ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

(ਵਡਹੰਸੁ ਮਹਲਾ ੩, ਪੰਨਾ ੫੬੦)

ਨਾਮ, ਇਸ ਸੰਸਾਰ ਦੇ ਅਨੇਕ ਤਰ੍ਹਾਂ ਦੇ ਪਸਾਰੇ ਨੂੰ ਜੋੜਦਾ ਹੈ। ਯਾਨੀ ਕਿ ਆਤਮਾ ਦਾ ਰਸ ਜੋੜਨ ਤੇ ਜੁੜਨ ਵਿੱਚ ਹੈ। ਨਾਮ, ਸਰਬ ਵਿਆਪੀ ਸ਼ਕਤੀ ਹੈ। ਜੋ ਹਰ ਥਾਂ ਭਰਪੂਰ ਹੋ ਕੇ ਘਟ-ਘਟ ਨੂੰ ਧਾਰਦਾ ਹੈ।

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥

(ਪੰਨਾ ੪੮੫)

ਮਨ, ਉਹ ਨਿਯਮ ਹੈ ਜੋ ਰੱਬੀਂ ਏਕਤਾ ਨੂੰ ਤਰ੍ਹਾਂ-ਤਰ੍ਹਾਂ ਦੇ ਟੁਕੜਿਆਂ ਵਿੱਚ ਤੋੜਦਾ ਹੈ ਤੇ ਵੰਡਦਾ ਹੈ। ਯਾਨੀ ਕਿ ਹਉਮੈ ਦਾ ਰਸ ਤੋੜਨ ਵਿੱਚ ਹੈ। ਏਸੇ ਕਰਕੇ ਹੀ ਮਨ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਅਲੱਗ ਹੋਣ ਦਾ ਦਾਹਵਾ ਕਰਦਾ ਹੈ। ਯਾਨੀ ਕਿ "ਮੈਂ ਕੁਝ ਹਾਂ।" ਮਨ, ਆਪਣੇ ਵੱਖਰੇ ਰੂਪ ਦਾ ਪ੍ਰਗਟਾਵਾ ਕਰਦਾ ਹੈ। ਮਨ, ਸਰੀਰ ਕੋਲੋਂ ਅਜਿਹੇ ਕਰਮ ਕਰਵਾਉਂਦਾ ਹੈ, ਜਿਨ੍ਹਾਂ ਨਾਲ ਇਸ ਦੀ ਅਪਣੱਤ ਵਧ ਸਕੇ। ਯਾਨੀ ਕਿ ਆਪਣੇਪਣ ਦੀ ਹੋਂਦ ਵਧ ਸਕੇ। ਹਉਮੈ ਵੱਸ ਕੀਤੇਂ ਹੋਏ ਕਰਮ, ਸਾਰੇ ਹੀ ਅਹੰਕਾਰ ਭਰਪੂਰ ਹੁੰਦੇ ਹਨ। ਹਉਮੈ ਵੱਸ ਕੀਤੇ ਕਰਮ, ਸਾਰੇ ਅਵਗੁਣ ਭਰਪੂਰ ਹੋ ਜਾਂਦੇ ਹਨ। ਔਗੁਣ ਜਿੰਨੇ ਹਨ। ਉਹ ਜੀਵ ਦੇ ਬੰਧਨ ਹਨ।

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥ (ਸੋਰਠਿ ਮਹਲਾ ੧, ਪੰਨਾ ੫੯੫)

ਹਉਮੈ ਵੱਸ ਕੀਤੇ ਹੋਏ ਕਰਮ ਇਕ ਕਰੜੀ ਜ਼ੰਜੀਰ ਬਣਦੇ ਹਨ ਅਤੇ ਜੀਵ ਦੇ ਜੰਮਣ ਮਰਨ ਦਾ ਲੰਮਾ ਸਫ਼ਰ ਤਿਆਰ ਕਰਦੇ ਹਨ।

ਹਉ ਹਉ ਕਰਮ ਕਮਾਣੇ॥ ਤੇ ਤੇ ਬੰਧ ਗਲਾਣੇ॥
ਮੇਰੀ ਮੇਰੀ ਧਾਰੀ॥ ਓਹਾ ਪੈਰਿ ਲੋਹਾਰੀ॥

(ਮਾਰੂ ਮਹਲਾ ੫, ਪੰਨਾ ੧੦੦੪)

ਇਹ ਸਰੀਰ ਪੰਜ ਤੱਤਾਂ ਦਾ ਜੋੜ ਜੁੜ ਕੇ, ਬਣਿਆ ਹੋਣ ਕਰਕੇ, ਮਨ ਉੱਪਰ ਪੰਜ ਤੱਤਾਂ ਦਾ ਹੀ ਸੂਖਸ਼ਮ ਪ੍ਰਭਾਵ ਹੈ। ਆਤਮਾ ਅਮਰ ਤੱਤ ਹੈ, ਪਰ ਮਨ, ਅਮਰ ਤੱਤ ਦਾ ਪ੍ਰਭਾਵ ਘਟ ਕਬੂਲਦਾ ਹੈ ਅਤੇ ਅੱਗ, ਪਾਣੀ, ਹਵਾ, ਮਿੱਟੀ ਆਦਿ ਸਰੀਰ ਦੇ ਤੱਤਾਂ ਦਾ ਪ੍ਰਭਾਵ ਜ਼ਿਆਦਾ ਕਬੂਲਦਾ ਹੈ। ਆਤਮਾ ਵਿਚੋਂ ਤਾਂ ਹਮੇਸ਼ਾ ਦੈਵੀ ਫੁਰਨੇ ਫੁਰਦੇ ਹਨ। ਪਰ ਮਨ ਵਿੱਚ ਦੁਬਿਧਾ ਹੈ। ਮਨ ਕਦੇ ਦੈਵੀ ਹੁੰਦਾ ਹੈ ਅਤੇ ਕਦੇ ਸੰਸਾਰੀ ਹੁੰਦਾ ਹੈ। ਮਨ ਡੋਲਦਾ ਹੈ। ਮਨ ਵਿੱਚ ਆਪਣੀ ਹਸਤੀ ਨੂੰ ਵੱਖਰਾ ਵੇਖਣ ਦੀ ਹਉਮੈ ਹੈ। ਹਉਮੈ ਕਰਕੇ ਮਨ ਦੁਬਿਧਾ ਵਿੱਚ ਹੈ। ਦੁਬਿਧਾ ਵਿੱਚ ਹੋਣ ਕਰਕੇ ਇਹ ਡੋਲਦਾ ਹੈ। ਇਸ ਮਨ ਦਾ ਜਨਮ ਪੰਜ ਤੱਤਾਂ ਤੋਂ ਹੈ। ਇਹ ਮਨ, ਹੀ ਧਾਰਮਿਕ ਹੈ ਅਤੇ ਮਨ, ਹੀ ਨਾਸਤਕ ਹੈ। ਮਨ ਦੁਆਰਾ ਹੀ ਸੰਸਾਰ ਵੱਲ ਸਰੀਰ ਕਰਮ ਕਰਨ ਲਈ ਤਤਪਰ ਹੁੰਦਾ ਹੈ।

ਇਹੁ ਮਨੁ ਕਰਮਾ ਇਹੁ ਮਨੁ ਧਰਮਾ॥ ਇਹੁ ਮਨੁ ਪੰਚ ਤਤੁ ਤੇ ਜਨਮਾ॥

(ਆਸਾ ਮਹਲਾ ੧, ਪੰਨਾ ੪੧੫)

ਇਹ ਮਨ, ਪੰਜ ਤੱਤ, ਅੱਗ, ਪਾਣੀ, ਹਵਾ, ਮਿੱਟੀ ਤੇ ਅਕਾਸ਼ ਦੀ ਜੰਮੀ ਹੋਈ ਮੈਲ ਹੈ। ਇਹ ਸਰੀਰ ਪੰਜ ਤੱਤਾਂ ਦਾ ਜੋੜ ਜੁੜ ਕੇ ਬਣੀ ਇੱਕ ਕੋਠੜੀ ਹੈ। ਇਸ ਕੋਠੜੀ ਦੇ ਅੰਦਰਲੀ ਸੂਖਸ਼ਮ ਮੈਲ ਦਾ ਨਾਮ, ਮਨ ਹੈ। ਮਨ ਹੀ ਹਉਮੈ ਹੈ। ਯਾਨੀ ਕਿ ਮੈਂ ਹਾਂ, ਮਨ ਦਾ ਜਨਮ ਵੀ ਪੰਜ ਤੱਤਾਂ ਤੋਂ ਹੈ ਅਤੇ ਪੰਜ ਤੱਤਾਂ ਤੋਂ ਬਣੀ ਹੋਈ ਸਰੀਰ ਰੂਪ ਕੋਠੜੀ ਵਿੱਚ ਹੀ ਆਤਮਾ ਦਾ ਨਿਵਾਸ ਹੈ। ਆਤਮਾ ਅਮਰ ਤੱਤ ਹੈ ਅਤੇ ਸਰੀਰ ਭੌਤਕ ਹੈ, ਜੋ ਇੱਕ ਦਿਨ ਨਾਸ਼ ਹੋ ਜਾਏਗਾ। ਆਤਮਾ ਹੀ ਪ੍ਰਮਾਤਮਾ ਦੀ ਅੰਸ਼ ਹੈ। ਜਿਸ ਕਰਕੇ ਇਸ ਸਰੀਰ ਤੇ ਸੰਸਾਰ ਨੂੰ ਗੁਰਬਾਣੀ ਵਿੱਚ ਆਖਿਆ ਹੈ ਕਿ ਇਹ ਪ੍ਰਮਾਤਮਾ ਦਾ ਹੀ ਨਿਵਾਸ ਅਸਥਾਨ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਆਸਾ ਮਹਲਾ ੨, ਪੰਨਾ ੪੬੩)

ਆਦਿ ਕਾਲ ਤੋਂ ਹੀ ਇਹ ਪ੍ਰਮਾਤਮਾ ਦਾ ਅਣੂ ਪੰਜ ਤੱਤਾਂ ਵਿੱਚ ਸਮਾਇਆ ਹੋਇਆ ਹੈ। ਅਣੂ ਯਾਨੀ ਕਿ ਪ੍ਰਮਾਤਮਾ ਦੀ ਅੰਸ਼, ਜਿਸ ਦਾ ਨਾਮ ਆਤਮਾ ਹੈ। ਉਹੀ ਪੰਜ ਤੱਤ ਜੰਮ ਕੇ ਸਰੀਰ ਬਣ ਜਾਂਦੇ ਹਨ। ਆਤਮਾ ਹੀ ਪੰਜ ਤੱਤਾਂ ਵਿੱਚ ਮਿਲ ਕੇ

ਜੀਵਾਤਮਾ ਬਣ ਜਾਂਦੀ ਹੈ ਜੀਵਾਤਮਾ ਦਾ ਮੁਖੜਾ ਸੰਸਾਰ ਦੀ ਤਰਫ਼ ਹੋ ਜਾਂਦਾ ਹੈ ਅਤੇ ਪਿੱਠ ਕਰਤਾਰ ਦੀ ਤਰਫ਼ ਹੋ ਜਾਂਦੀ ਹੈ। ਜੀਵਾਤਮਾ ਦਾ ਮਮਤਵ ਸਰੀਰ ਨਾਲ ਵਧਣ ਲੱਗ ਜਾਂਦਾ ਹੈ। ਮਮਤਵ ਯਾਨੀ ਕਿ ਆਪਣਾ ਪਣ ਵਧਣਾ ਸ਼ੁਰੂ ਹੋ ਜਾਂਦਾ ਹੈ। ਏਸ ਮਮਤਵ ਕਰਕੇ ਪ੍ਰਮਾਤਮਾ ਨਾਲੋਂ ਸੰਬੰਧ ਦੂਰ ਹੋਣ ਲੱਗ ਜਾਂਦੇ ਹਨ। ਵਿਰਾਟ ਵਿੱਚ ਸਾਰਾ ਪ੍ਰਮਾਤਮਾ ਹੀ ਹੈ। ਪਰ ਜੀਵਾਤਮਾ ਨੂੰ ਆਪਣੀ ਇੱਕ ਵੱਖਰੀ ਹੈਸੀਅਤ ਭਾਸਣ ਲੱਗ ਜਾਂਦੀ ਹੈ। ਫਿਰ ਇਹ ਜੀਵਾਤਮਾ ਆਪਣੀ ਸਰੀਰਕ ਹੋਂਦ ਨੂੰ ਵੱਡੇ ਤੋਂ ਵੱਡਾ ਦੇਖਣਾ ਚਾਹੁੰਦੀ ਹੈ। ਏਸ ਵਾਸਤੇ ਹੀ ਜੀਵਾਤਮਾ ਸਰੀਰ ਦੇ ਹੋਰ ਨੇੜੇ ਹੋਈ ਜਾਂਦੀ ਹੈ ਅਤੇ ਪ੍ਰਮਾਤਮਾ ਤੋਂ ਓਨੀ ਹੀ ਦੂਰੀ ਵਧਦੀ ਜਾਂਦੀ ਹੈ। ਮੂਲ ਰੂਪ ਵਿੱਚ ਜੀਵਾਤਮਾ ਪ੍ਰਮਾਤਮਾ ਦਾ ਹੀ ਇੱਕ ਛੋਟਾ ਭਾਗ ਹੈ। ਪਰ ਪੰਜ ਤੱਤਾਂ ਦੇ ਹੋਰ ਨੇੜੇ ਹੋਣ ਕਰਕੇ ਪੰਜਾਂ ਹੀ ਤੱਤਾਂ ਦਾ ਸੁਭਾਅ ਜੀਵਾਤਮਾ ਅਪਣਾ ਲੈਂਦੀ ਹੈ। ਫਿਰ ਇਹ ਸੁਭਾਅ ਹੀ ਸੰਸਕਾਰ ਬਣ ਜਾਂਦੇ ਹਨ। ਜਦੋਂ ਜੀਵਾਤਮਾ ਕਈ ਸਰੀਰਾਂ ਵਿੱਚ ਜੰਮਦੀ ਮਰਦੀ ਹੈ ਤਾਂ ਹਰੇਕ ਸਰੀਰ ਦਾ ਸੁਭਾਅ ਤੇ ਸੰਸਕਾਰ ਜੀਵਾਤਮਾ ਦੇ ਨਾਲ ਹੀ ਹਰ ਸਰੀਰ ਦੁਆਰਾ ਸਫ਼ਰ ਕਰਦੇ ਹਨ। ਇਹ ਸੰਸਕਾਰਾਂ ਦੀ ਗੱਠੜੀ ਏਨੀ ਭਾਰੀ ਤੇ ਮੈਲੀ ਹੋ ਜਾਂਦੀ ਹੈ ਕਿ ਗੁਰਦੇਵ ਏਸ ਬਾਰੇ ਹੀ ਜ਼ਿਕਰ ਕਰਦੇ ਹਨ ਕਿ-

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥
(ਪੰਨਾ ੬੫੧)

ਇਹ ਮੈਲੀ ਗੱਠੜੀ ਹੀ ਮਨ ਹੈ ਅਤੇ ਇਹ ਮਨ ਹੀ ਹਉਮੈ ਹੈ। ਏਸ ਹਉਮੈ ਦੇ ਪਰਦੇ ਪਿੱਛੇ ਪ੍ਰਮਾਤਮਾ ਦਾ ਪ੍ਰਕਾਸ਼ ਹੈ। ਏਸ ਕਰਕੇ ਹੀ ਗੁਰਦੇਵ ਨੇ ਇਹ ਆਖਿਆ ਹੈ ਕਿ-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
(ਪੰਨਾ ੪੪੧)

ਮੂਲ ਰੂਪ ਵਿੱਚ ਕਰਤਾ ਪੁਰਖ ਨੇ ਪੰਜ ਤੱਤਾਂ ਨਾਲ ਮੋਹ ਕੀਤਾ ਹੈ ਤਾਂ ਹੀ ਪੰਜ ਤੱਤਾਂ ਦਾ ਸਰੀਰ ਬਣਾ ਕੇ ਵਿੱਚ ਆਪਣਾ ਅੰਸ਼ ਸਮਾ ਦਿੱਤਾ ਹੈ। ਯਾਨੀ ਕਿ ਆਪਣਾ ਆਪਾ ਵਿੱਚ ਬੈਠਾ ਦਿੱਤਾ ਹੈ।

ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥ (ਪੰਨਾ ੧੧੨੮)

ਸਰੀਰ ਵਿੱਚ ਆ ਕੇ ਪ੍ਰਮਾਤਮਾ ਦੀ ਅੰਸ਼ ਜੀਵਾਤਮਾ ਦੀ ਸਰੀਰ ਨਾਲ ਮਮਤਾ ਵਧ ਗਈ ਹੈ। ਏਸ ਵਾਸਤੇ ਜੀਵਾਤਮਾ ਨੂੰ, ਸਭ ਕੁਝ ਸੰਸਾਰ ਤੇ ਸਰੀਰ ਹੀ ਹੋਣ ਦਾ ਭਰਮ ਹੋ ਗਿਆ ਹੈ। ਏਸ ਭਰਮ ਵਿੱਚ ਆਪਣਾ ਮੂਲ ਸਰੂਪ ਪ੍ਰਮਾਤਮਾ ਭੁੱਲ

ਗਿਆ ਹੈ। ਇਹ ਭੁੱਲ ਹੀ ਜੀਵਨ ਦੀ ਆਤਮਿਕ ਮੌਤ ਦਾ ਕਾਰਨ ਬਣਦੀ ਹੈ।

ਮਮਤਾ ਲਾਇ ਭਰਮਿ ਭੁੋਲਾਇਆ॥ (ਪੰਨਾ ੧੧੨੮)

ਜਦ ਪ੍ਰਮਾਤਮਾ ਪੂਰੀ ਤਰ੍ਹਾਂ ਭੁੱਲ ਗਿਆ ਹੈ ਤਾਂ ਮਨ ਆਪਣੇ ਸਰੀਰ ਤੋਂ ਦੂਸਰੇ ਸਰੀਰ ਦੀ ਮੰਗ ਕਰਨ ਲੱਗਦਾ ਹੈ। ਇਹ ਮੰਗ ਹਉਮੈ ਨੂੰ ਵੱਡਾ ਕਰਨ ਲਈ ਹੀ ਹੈ। ਮਨ ਸਰੀਰ ਦੁਆਰਾ ਸਰੀਰ ਨੂੰ ਪੈਦਾ ਕਰਨ ਦੀ ਕਾਮਨਾ ਕਰਨ ਲੱਗ ਪੈਂਦਾ ਹੈ। ਇਸ ਦੇ ਨਾਲ ਹੀ ਕਾਮ ਦਾ ਜਨਮ ਹੋ ਜਾਂਦਾ ਹੈ ਅਤੇ ਨਾਲ ਹੀ ਹਉਮੈ ਦਾ ਪਸਾਰਾ ਪਸਰਨਾ ਸ਼ੁਰੂ ਹੋ ਜਾਂਦਾ ਹੈ। ਮਨ ਅੰਦਰੋਂ ਕਈ ਪ੍ਰਕਾਰ ਦੀਆਂ ਤਰੰਗਾਂ ਪੈਦਾ ਹੋਣ ਲੱਗਦੀਆਂ ਹਨ। ਜਿਵੇਂ ਹਵਾ ਦੇ ਝੋਕਿਆਂ ਨਾਲ ਟਿਕਿਆ ਹੋਇਆ ਸਾਗਰ ਦਾ ਪਾਣੀ ਲਹਿਰਾਂ ਪੈਦਾ ਕਰਨ ਲੱਗਦਾ ਹੈ। ਏਵੇਂ ਹੀ ਆਤਮਾ ਦੇ ਤਲ ਉੱਪਰ, ਮਨ ਅਨੇਕਾਂ ਪ੍ਰਕਾਰ ਦੀਆਂ ਲਹਿਰਾਂ ਪੈਦਾ ਕਰਦਾ ਹੈ। ਜਿਵੇਂ ਪਾਣੀ ਵਿੱਚ ਪਈ ਹੋਈ ਕੋਈ ਵਸਤੂ, ਉਪਰਲੀਆਂ ਥਿੜਕਦੀਆਂ ਲਹਿਰਾਂ ਕਰਕੇ ਸਾਫ਼ ਦਿਖਾਈ ਨਹੀਂ ਪੈਂਦੀ, ਜਾਂ ਜ਼ਿਆਦਾ ਪਾਣੀ ਹਿਲਦਾ ਹੋਵੇ ਤਾਂ ਉਹ ਵਸਤੂ ਗੁਆਚ ਹੀ ਜਾਂਦੀ ਹੈ। ਠੀਕ ਏਸ ਤਰ੍ਹਾਂ ਹੀ ਮਨ ਦੇ ਅਨੇਕਾਂ ਪ੍ਰਕਾਰ ਦੇ ਫੁਰਨੇ ਅਤੇ ਕਾਮਨਾਵਾਂ ਦੀਆਂ ਤਰੰਗਾਂ ਕਰਕੇ, ਆਤਮਾ ਦੀ ਸਤਾ ਗੁਆਚ ਹੀ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਤ੍ਰਿਸ਼ਨਾ, ਆਸ਼ਾ, ਮਨਸ਼ਾ, ਨਿੰਦਾ ਆਦਿ ਕਈ ਪ੍ਰਕਾਰ ਦੇ ਵਿਕਾਰਾਂ ਦੀਆਂ ਤਰੰਗਾਂ ਦੀ ਮਨ ਅੰਦਰ ਹੱਲਚਲ ਮੱਚੀ ਰਹਿੰਦੀ ਹੈ। ਲਗਾਤਾਰ ਕਈ ਜਨਮਾਂ ਦੀ ਇਹ ਮੈਲ ਨਿਰੰਤਰ ਚਲ ਰਹੇ ਫੁਰਨਿਆਂ ਦੀ ਇਹ ਹੱਲਚਲ ਹੋਣ ਕਰਕੇ, ਦੁਬਾਰਾ ਮਨ ਨੂੰ ਮੂਲ ਰੂਪ ਦੀ ਪਛਾਣ ਨਹੀਂ ਹੋਣ ਦੇਂਦੀ। ਦਰਅਸਲ ਮੂਲ ਸਰੂਪ ਦਾ ਦਰਵਾਜ਼ਾ ਹੀ ਗੁਆਚ ਜਾਂਦਾ ਹੈ। ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ ਕਿ-

ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ॥

(ਪੰਨਾ ੧੦੮੮)

ਜਦੋਂ ਮੂਲ ਦੁਆਰ ਹੀ ਨਹੀਂ ਮਿਲਦਾ ਤਾਂ ਮਨ ਸਰੀਰ ਦੇ ਨੌਂ ਦੁਆਰਾਂ ਤੋਂ ਹੋਰ ਕਈ ਪ੍ਰਕਾਰ ਦੇ ਫੁਰਨਿਆਂ ਦੁਆਰਾ ਸੰਸਾਰ ਦੀ ਖਿੱਚ ਕਰਦਾ ਹੈ। ਦਰਅਸਲ ਸੰਸਾਰ ਦੀ ਖਿੱਚ ਆਪਣੇ ਸੰਸਾਰ ਨੂੰ ਪ੍ਰਗਟ ਕਰਨ ਦੀ ਖਿੱਚ ਹੈ। ਏਹੀ ਮੂਲ ਹਉਮੈ ਹੈ ਕਿ ਮੇਰੀ ਹੋਂਦ ਦਾ ਸੰਸਾਰ ਵੀ ਕੁਝ ਦਿਖਾਈ ਦੇਵੇ। ਫਿਰ ਇਸ ਖਿੱਚ ਦੇ ਕਾਰਨ ਹੀ ਮਨ ਇੱਕ ਸਰੀਰ ਤੋਂ ਦੂਜੇ ਸਰੀਰ ਦੀ ਕਾਮਨਾ ਕਰਨ ਲੱਗਦਾ ਹੈ। ਆਪਣੀ ਹਉਮੈ ਦਾ ਸੰਸਾਰ ਵੱਡਾ ਕਰਨ ਲਈ, ਮਨ ਇੱਕ ਸਰੀਰ ਛੱਡਦਾ ਹੈ ਅਤੇ ਦੂਜਾ ਗ੍ਰਹਿਣ ਕਰ ਲੈਂਦਾ ਹੈ। ਮਨ ਵਿੱਚ ਸਰੀਰ ਦੁਆਰਾ ਪੰਜ ਤੱਤਾਂ ਦਾ ਬੀਜ ਸਮਾ ਜਾਂਦਾ ਹੈ।

ਇਸੁ ਮਨ ਤੇ ਸਭ ਪਿੰਡ ਪਰਾਣਾ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ॥ ੩॥

(ਪੰਨਾ ੧੧੨੮)

ਗੁਰਬਾਣੀ ਦਾ ਫੈਸਲਾ ਹੈ ਕਿ ਜਿਉਂ-ਜਿਉਂ ਮਨ ਵਿੱਚ ਸੰਸਾਰ ਦੇ ਸੰਸਕਾਰ ਵਧਣ ਲੱਗਦੇ ਹਨ ਤਾਂ, ਤਿਉਂ-ਤਿਉਂ ਪ੍ਰਮਾਤਮਾ ਤੋਂ ਦੂਰੀ ਵਧਣ ਲੱਗਦੀ ਹੈ। ਫਿਰ ਇਹ ਦੂਰੀ ਏਨੀ ਵਧ ਜਾਂਦੀ ਹੈ ਕਿ ਸੰਸਾਰਕ ਸਫ਼ਰ ਨੀਵੀਂ ਤੋਂ ਨੀਵੀਂ ਜਾਤੀ ਵਿਚੋਂ ਦੀ ਸ਼ੁਰੂ ਹੋ ਜਾਂਦਾ ਹੈ। ਨੀਵੀਂ ਜਾਤੀ ਯਾਨੀ ਕਿ ਕੀੜੇ ਮਕੌੜਿਆਂ ਦੇ ਸਰੀਰਾਂ ਦੁਆਰਾ ਸਫ਼ਰ ਸ਼ੁਰੂ ਹੋ ਜਾਂਦਾ ਹੈ। ਗੁਰਬਾਨੀ ਦਾ ਫੈਸਲਾ ਹੈ ਕਿ ਫਿਰ-

ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥

(ਪੰਨਾ ੧੦੨੦)

ਸਫ਼ਰ ਬੜਾ ਲੰਬੇ ਸਮੇਂ ਤੋਂ ਚਲ ਰਿਹਾ ਹੈ। ਇਸ ਸਫ਼ਰ ਵਿਚ "ਮੌਤ ਦੀ ਕਲਾ" ਦੁਆਰਾ ਰਸਤੇ ਬਦਲਦੇ ਰਹਿੰਦੇ ਹਨ। ਯਾਨੀ ਕਿ ਇਕ ਜਨਮ ਖਤਮ ਹੁੰਦਾ ਹੈ ਤੇ ਫਿਰ ਦੂਜਾ ਸ਼ੁਰੂ ਹੋ ਜਾਂਦਾ ਹੈ। *"ਮੌਤ ਦੀ ਕਲਾ"* ਵਾਸ਼ਨਾਵਾਂ ਦੇ ਅਧੇਹਰ ਅਤੇ ਹਉਮੈ ਦੇ ਬੰਧਨ ਕਰਕੇ ਜੀਵ ਨੂੰ ਕੀੜਿਆਂ, ਮਕੌੜਿਆਂ, ਪਸ਼ੂ-ਪੰਛੀਆਂ ਆਦਿ ਦੇ ਕਈ ਸਰੀਰ ਪ੍ਰਦਾਨ ਕਰਦੀ ਰਹਿੰਦੀ ਹੈ। ਇਹ ਸਿਲਸਿਲਾ ਨਿਰੰਤਰ ਚਲਦਾ ਹੀ ਰਹਿੰਦਾ ਹੈ। ਏਸ ਸਫ਼ਰ ਦਾ ਜਿੰਨੀ ਦੇਰ ਤੱਕ ਅੰਤ ਨਹੀਂ ਹੁੰਦਾ, ਇਹ ਸਫ਼ਰ ਚਲਦਾ ਹੀ ਰਹੇਗਾ। ਇਹ ਸਫ਼ਰ 'ਹਉਮੈ' ਦੇ ਆਧਾਰ ਤੇ ਚਲ ਰਿਹਾ ਹੈ। ਜਿੰਨੀ ਦੇਰ ਹਉਮੈ ਦੀ ਦੀਰਘ ਜੜ੍ਹ ਨਹੀਂ ਖਤਮ ਹੁੰਦੀ, ਓਨੀ ਦੇਰ ਇਹ ਜੰਮਣ ਮਰਨ ਦਾ ਸਫ਼ਰ ਚਲਦਾ ਹੀ ਰਹੇਗਾ।

ਅਸੀਂ ਪਿਛਲੇ ਜਨਮ ਵਿੱਚ ਸਫ਼ਰ ਵਿੱਚ ਹੀ ਸਾਂ। ਉਸ ਤੋਂ ਪਿਛਲੇ ਜਨਮ ਵਿੱਚ ਵੀ ਇਹ ਸਫ਼ਰ ਚਲਦਾ ਹੀ ਰਿਹਾ ਸੀ। ਜਿਸ ਜਨਮ ਵਿੱਚ ਅਸੀਂ ਹੁਣ ਹਾਂ, ਇਹ ਵੀ ਇੱਕ ਸਫ਼ਰ ਹੀ ਹੈ। ਜੇ ਏਸ ਜਨਮ ਵਿੱਚ ਵੀ ਹਉਮੈ ਖਤਮ ਨਾ ਕਰ ਸਕੇ, ਤਾਂ ਸਫ਼ਰ ਅੱਗੋਂ ਵੀ ਜਾਰੀ ਰਹੇਗਾ। ਹਉਮੈ "ਮਨ" ਹੀ ਹੈ। ਮਨ ਨੂੰ ਖਤਮ ਕੀਤੇ ਤੋਂ ਬਿਨਾਂ ਸਫ਼ਰ ਮੁਕਣਾ ਨਹੀਂ। ਇਹ ਵਾਟ ਐਸੀ ਹੈ ਕਿ-

ਬਿਨੁ ਅਸਥਨ ਗਉ ਲਵੇਰੀ॥ ਪੈਡੇ ਬਿਨੁ ਬਾਟ ਘਨੇਰੀ॥ *(ਪੰਨਾ ੧੧੯੪)*

ਜੇ ਹੁਣ ਮਨੁੱਖ ਜਨਮ ਪਾ ਕੇ ਵੀ ਰਸਤੇ ਵਿੱਚ ਹੀ ਰਹਿ ਗਏ, ਤਾਂ ਮੋਖਸ਼ ਨਹੀਂ ਮਿਲੇਗਾ। ਦੁਬਾਰਾ ਫਿਰ ਜਨਮ ਹੋਵੇਗਾ। ਕਿਉਂਕਿ ਹਉਮੈ ਦਾ ਮੂਲ ਜਨਮ ਮਰਨ ਵਿੱਚ ਪਾਉਂਦਾ ਹੈ। ਪੁਨਰ ਜਨਮ ਹੋਣ ਦੇ ਬੜੇ ਪੁਖਤਾ ਸਬੂਤ ਪ੍ਰਾਪਤ ਹੋਏ ਹਨ। ਹੁਣ ਤਾਂ ਦੱਬੇ-ਦੱਬੇ ਅਲਫਾਜ਼ਾਂ ਵਿੱਚ ਕੁਝ ਇਸਲਾਮ ਦੇ ਸਿਆਣੇ ਬੰਦੇ ਵੀ ਪੁਨਰ ਜਨਮ ਨੂੰ ਮੰਨਣ ਲੱਗ ਪਏ ਹਨ। ਹਾਲਾਂਕਿ ਇਸਲਾਮ ਪੁਨਰ ਜਨਮ ਨਾਲ ਸਹਿਮਤ ਨਹੀਂ ਹੈ। ਸੂਫੀ ਮੁਸਲਮਾਨਾਂ ਨੇ ਤਾਂ ਮੰਨ ਹੀ ਲਿਆ ਹੈ। ਸ਼ਮਸ਼ ਤਬਰੇਜ਼ ਕਹਿੰਦੇ ਹਨ ਕਿ-

ਬਾਜ਼ ਆਮਦਮ ਬਾਜ਼ ਆਮਦਮ ਤ ਯਾਰ-ਰਾ ਮਹਿਮਾ ਕੁਨਮ॥

ਭਾਵ ਕਿ ਮੈਂ ਦੁਬਾਰਾ ਆਉਂਦਾ ਹਾਂ। ਫੇਰ ਆਉਂਦਾ ਹਾਂ ਕਿ ਕਿਸੇ ਢੰਗ ਨਾਲ ਪ੍ਰੀਤਮ ਪਿਆਰੇ ਨਾਲ ਮਿਲ ਜਾਵਾਂ ਤੇ ਸਫ਼ਰ ਮੁੱਕ ਜਾਏ। ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਮੈਂ ਉਸ ਵੇਲੇ ਦਾ ਯਾਤਰਾ ਵਿੱਚ ਚਲਿਆ ਹੋਇਆ ਹਾਂ, ਜਿਸ ਵਕਤ ਅਜੇ ਜ਼ਮੀਨ ਤੇ ਅਸਮਾਨ ਵੀ ਨਹੀਂ ਸੀ। ਸੂਰਜ, ਚੰਦ, ਤਾਰੇ ਸਿਤਾਰਿਆਂ ਦਾ ਨਾਮ ਨਿਸ਼ਾਨ ਵੀ ਨਹੀਂ ਸੀ।

ਨਬੂਦ ਹੇਚ ਨਿਸ਼ਾਨ ਹਾ ਜ਼ਿ-ਆਸਮਾਨੋ ਜ਼ਮੀਂ
ਕਿ ਸ਼ੌਕਿ ਰੂਇ ਤੂ ਆਵੁਰਦ ਦਰ ਸਜੂਦ ਮਰਾ।

(ਭਾ: ਨੰਦ ਲਾਲ ਜੀ)

ਦਰਅਸਲ ਇਹ ਸਫ਼ਰ ਬੜੀ ਦੇਰ ਤੋਂ ਅਤੇ ਦੂਰ ਤੋਂ ਸ਼ੁਰੂ ਹੋਇਆ ਹੈ। ਗੁਰਮਤਿ ਦਾ ਫੈਸਲਾ ਹੈ ਕਿ-

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥

(ਪੰਨਾ ੭੬੩)

ਸਫ਼ਰ ਬੜਾ ਲੰਬਾ ਹੈ। ਦੁਖ ਵੀ ਬੜਾ ਵੱਡਾ ਹੋ ਗਿਆ ਹੈ। ਮੰਜ਼ਿਲ ਦਾ ਪਤਾ ਨਹੀਂ ਰਿਹਾ। ਰਸਤਾ ਭੁੱਲ ਗਿਆ ਹੈ। ਪਰ ਜੀਵਾਤਮਾ ਬੜੀ ਗਾਫ਼ਲਤਾ ਨਾਲ ਹਉਮੈ ਦੀ ਗੱਠੜੀ ਚੁੱਕ ਕੇ ਚੱਲ ਰਹੀ ਹੈ। ਇਸ ਗਾਫ਼ਲਤਾ ਕਾਰਨ ਹੀ ਪ੍ਰਮਾਤਮਾ ਤੋਂ ਬਹੁਤ ਦੂਰ ਹੋ ਗਈ ਹੈ। ਹਉਮੈ ਦੀ ਵਜ੍ਹਾ ਕਰਕੇ ਇਹ ਸਰੀਰ ਕਈ ਵਾਰ ਮਰਿਆ ਹੈ ਅਤੇ ਕਈ ਵਾਰ ਜੰਮਿਆ ਹੈ। ਪਤਾ ਨਹੀਂ ਇਹ ਸਿਲਸਿਲਾ ਕਦੋਂ ਤੋਂ ਚਲ ਰਿਹਾ ਹੈ ਅਤੇ ਹੋਰ ਕਦੋਂ ਤੱਕ ਚਲਦਾ ਰਹੇਗਾ।

ਇਹ ਅਨੰਤ ਜਨਮਾਂ ਤੋਂ ਜੋ ਸਾਡਾ ਜੀਵਨ ਠੋਸ ਪੱਥਰਾਂ ਵਾਂਗ ਰਿਹਾ ਹੈ, ਉਸ ਜੀਵਨ ਦੇ ਸਾਰੇ ਕਠੋਰ ਸੰਸਕਾਰ ਸਾਡੇ ਜੀਵਨ ਵਿਚ ਮਿਲਦੇ ਹਨ। ਇਹ ਸੰਸਕਾਰਾਂ ਦਾ ਕਿਵੇਂ ਪਤਾ ਲਗੇ ਤੇ ਸੰਸਕਾਰ ਮਿਟਾਏ ਕਿਵੇਂ ਜਾ ਸਕਣ? ਦਰਅਸਲ ਇਹ ਸੰਸਕਾਰ ਸਾਡੇ ਸੁਭਾਅ ਵਿਚ ਹੀ ਸਮਾਏ ਹੋਏ ਹਨ। ਯਾਨੀ ਕਿ ਸਾਡਾ ਅੰਤਸ਼ਕਰਨ ਕਠੋਰ ਹੈ। ਅੰਤਸ਼ਕਰਨ ਦੇ ਕੁਝ ਭਾਗ ਹਨ, ਉਹਨਾਂ ਭਾਗਾਂ ਵਿਚ ਬੱਸ! ਕਠੋਰਤਾ ਹੀ ਸਮਾਈ ਹੋਈ ਹੈ। ਸੁਰਤ, ਮਤ, ਮਨ ਤੇ ਬੁਧੀ, ਚਾਰ ਭਾਗਾਂ ਦੇ ਜੋੜ ਦਾ ਨਾਮ ਅੰਤਸ਼ਕਰਨ ਹੈ। ਦਰਅਸਲ ਮੂਲ ਸਰੂਪ ਬੰਦੇ ਦਾ ਤਨ ਨਹੀਂ। ਮੂਲ ਸਰੂਪ ਇਹ ਅੰਤਸ਼ਕਰਨ ਹੈ। ਤਨ ਉਪਰ ਤਾਂ ਸਾਨੂੰ "ਮੌਤ ਦੀ ਕਲਾ" ਵਾਪਰਦੀ ਦਿਸਦੀ ਹੈ, ਪਰ ਇਹ ਮਨ ਬੁਧ ਚਿਤ ਤੇ ਅਹੰ ਦਾ ਸਾਨੂੰ ਗਿਆਨ ਨਹੀਂ। ਇਹ ਅੰਤਸ਼ਕਰਨ ਤਾਂ ਜਨਮ ਜਨਮਾਤਰਾਂ ਦੀ ਮੈਲ ਨਾਲ ਭਰਿਆ ਪਿਆ ਹੈ। ਇਹ ਮੈਲ ਹਰ ਜਨਮ ਵਿਚ ਇਕੱਠੀ ਹੋ ਕੇ ਅਗਲੇ ਜਨਮ ਵਿਚ ਚਲੀ ਜਾਂਦੀ ਹੈ। ਪਰ ਸਰੀਰ ਮਰ ਜਾਂਦਾ ਹੈ, ਤੇ ਮਨ ਨਹੀਂ ਮਰਦਾ। ਇਹ ਅਧੂਰੀ ਮੌਤ ਹੈ, ਯਾਨੀ ਕਿ ਅੱਧੀ ਮੌਤ ਹੈ। ਤਨ ਮਰਿਆ

ਹੈ, ਮਨ ਨਹੀਂ ਮਰਿਆ। ਜਦੋਂ ਮਨ ਨਹੀਂ ਮਰਿਆ ਤਾਂ ਮਨ ਨੂੰ ਨਵਾਂ ਤਨ ਚਾਹੀਦਾ ਹੈ। ਇਸ ਤਰ੍ਹਾਂ ਜਿਹੋ ਜਿਹਾ ਚੰਗਾ ਮਾੜਾ ਬੰਦੇ ਦਾ ਮਨ ਹੋਵੇ, ਉਹੋ ਜਿਹਾ ਹੀ ਚੰਗਾ ਮਾੜਾ ਅਗਲੇ ਜਨਮ ਦਾ ਤਨ ਮਿਲ ਜਾਂਦਾ ਹੈ। ਕਿਉਂਕਿ ਚੰਗੀਆਂ ਚੀਜ਼ਾਂ ਸੰਭਾਲ ਦੇ ਰਖੀਆਂ ਜਾਂਦੀਆਂ ਹਨ ਅਤੇ ਗੰਦਗੀ ਨੂੰ ਕੂੜੇ ਦੇ ਢੇਰ ਵਿਚ ਸੁੱਟ ਦਿੱਤਾ ਜਾਂਦਾ ਹੈ। ਚੰਗੇ ਮਨਾਂ ਨੂੰ ਚੰਗੇ ਤਨ "ਮੌਤ ਦੀ ਕਲਾ" ਦੁਆਰਾ ਪਰਿਵਰਤਨ ਕਰਕੇ ਮਿਲ ਜਾਂਦੇ ਹਨ ਅਤੇ ਗੰਦੇ ਮਨਾਂ ਨੂੰ ਗੰਦੀਆਂ ਜੂਨਾਂ ਵਿਚ ਜਨਮ ਮਿਲ ਜਾਂਦਾ ਹੈ। "ਮੌਤ ਦੀ ਕਲਾ" ਤਾਂ ਸਾਡੇ ਚੰਗੇ ਮੰਦੇ ਜੀਵਨ ਦੀ ਸੁਧਾਈ ਦਾ ਕੰਮ ਕਰਦੀ ਹੈ। ਵਰਨਾ ਹਿਸਾਬ ਕਿਤਾਬ ਸਾਡੇ ਚੰਗੇ ਮੰਦੇ ਕਰਮਾਂ ਦੁਆਰਾ ਹੀ ਹੋਣਾ ਹੈ।

□□□□

ਠਗੀਆ ਚੌਂ ਮਸਤਾ ਸੁਣ ਗਇ ਦਿਇ ਸਾਡੀ ਗੜ੍ਹ ਵਾਰ॥
ਧਾਗੀਰ ਦਿਸੈ ਬੋਲਣਾ ਦਿਇ ਅਗਿਆਨੀ ਗਤਿ॥੫੦॥

ਕਰਮ ਅਤੇ ਮੌਤ ਦੀ ਕਲਾ

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (ਪੰਨਾ ੮)

ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦੀ ਇਕ ਅਲੌਕਿਕ ਘਟਨਾ ਹੈ। ਭਾਵ ਨੂੰ ਸਪੱਸ਼ਟ ਕਰਨ ਲਈ ਮੈਂ ਆਪ ਨੂੰ ਉਹ ਘਟਨਾ ਦਰਸਾਉਂਦਾ ਹਾਂ। ਗੁਰੂ ਨਾਨਕ ਸਾਹਿਬ ਜੀ ਜਦੋਂ ਮੱਕੇ ਦੀ ਜਿਆਰਤ ਤੇ ਗਏ ਸਨ ਤਾਂ ਉਥੇ ਬੜਾ ਅਲੌਕਿਕ ਕ੍ਰਿਸ਼ਮਾ ਹੋਇਆ ਸੀ। ਸਾਰੇ ਮੱਕੇ ਦੇ ਹਾਜੀਆਂ ਕਾਜ਼ੀਆਂ ਨੇ ਗੁਰਦੇਵ ਨੂੰ ਸੱਜਦਾ ਕੀਤਾ ਸੀ। ਭਾਈ ਗੁਰਦਾਸ ਜੀ ਇਸ ਵਾਰਤਾ ਨੂੰ ਆਪਣੀ ਰਚਨਾ ਵਿਚ ਬੜਾ ਸੁੰਦਰ ਅੰਕਿਤ ਕਰਦੇ ਹਨ:

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ॥
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ॥
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ॥
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ॥
ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ॥
ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ॥
ਹੋਇ ਹੈਰਾਨੁ ਕਰੇਨਿ ਜੁਹਾਰੀ॥੩੨॥

(ਵਾਰ ੧, ਪਉੜੀ ੩੨)

ਇਸ ਘਟਨਾ ਨਾਲ ਗੁਰੂ ਨਾਨਕ ਸਾਹਿਬ ਦੀ ਮਹਿਮਾ ਚਾਰੇ ਪਾਸੇ ਫੈਲ ਗਈ। ਮੱਕੇ ਦੀ ਜਿਆਰਤ ਗੁਰਦੇਵ ਦੀ ਸਫਲ ਹੋਈ ਤੇ ਉਹ ਵਾਪਿਸ ਆਪਣੇ ਦੇਸ਼ ਨੂੰ ਪਰਤ ਰਹੇ ਸਨ। ਰਸਤੇ ਵਿਚ ਇਕ ਪਿੰਡ ਆਇਆ ਜਿਸ ਪਿੰਡ ਦਾ ਨਾਮ ਸੀ "*ਉੱਚ ਪਿੰਡ*"। ਏਸ ਪਿੰਡ ਦੇ ਲੋਕ ਮੁਸਲਮਾਨਾਂ ਵਾਂਗ ਨਹੀਂ ਸਨ ਰਹਿੰਦੇ, ਬਲਕਿ ਹਿੰਦੂ ਸੰਤਾਂ ਵਰਗੇ ਲਿਬਾਸ ਵਿਚ ਰਹਿੰਦੇ ਸਨ। ਪਰ ਉਹ ਵੀ ਆਪਣੇ ਆਪ ਨੂੰ ਮੋਮਨ ਸਦਵਾਉਂਦੇ ਸਨ। ਉਹ ਲੋਕ ਨਾ ਹੀ ਲਬਾਂ ਕਟਵਾਉਂਦੇ ਸਨ ਤੇ ਨਾ ਹੀ ਸੁੰਨਤਾਂ ਰਖਦੇ ਸਨ। ਗੱਲ ਕੀ ਦਿਲੋਂ ਮੋਮਨ ਸਨ। ਅਕਸਰ ਏਸ ਪਿੰਡ ਦੇ ਪੀਰ ਪੰਜਾਬ ਦੀ ਜਿਆਰਤ ਵਾਸਤੇ ਆਉਂਦੇ ਜਾਂਦੇ ਰਹਿੰਦੇ ਸਨ। ਰੁਹੇਲੇ ਪਠਾਣ ਏਨਾਂ ਪੀਰਾਂ ਦੀ ਪੂਜਾ ਕਰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਨੰਦਪੁਰ ਛਡਣਾ ਪਿਆ ਸੀ, ਤਾਂ ਮਾਛੀਵਾੜੇ ਦੇ ਰੁਹੇਲੇ ਪਠਾਣਾਂ, ਨਬੀ ਖਾਂ ਤੇ ਗਨੀ ਖਾਂ ਨੇ ਗੁਰੂ ਗੋਬਿੰਦ ਸਿੰਘ

ਸਾਹਿਬ ਨੂੰ ਉੱਚ ਦੇ ਪੀਰ ਦੇ ਭੇਖ ਵਿਚ ਮਾਲਵੇ ਤੱਕ ਛੱਡਿਆ ਸੀ। ਉੱਚ ਪਿੰਡ ਵਿਚ ਗੁਰੂ ਨਾਨਕ ਸਾਹਿਬ ਦਾ ਜਾਣਾ ਹੋਇਆ ਸੀ। ਏਸ ਕਰਕੇ ਉੱਚ ਦੇ ਪੀਰਾਂ ਨਾਲ ਗੁਰੂ ਨਾਨਕ ਦੇ ਮੱਤ ਦੇ ਕਾਫੀ ਪਹਿਲੂ ਮਿਲਦੇ ਜੁਲਦੇ ਸਨ।

ਜਦੋਂ ਗੁਰੂ ਨਾਨਕ ਸਾਹਿਬ ਜੀ ਉੱਚ ਪਿੰਡ ਪਹੁੰਚੇ ਤਾਂ ਏਥੇ ਸੁੰਨੀ, ਮੁਸਲਮਾਨਾਂ ਦਾ ਅਤੇ ਉੱਚ ਦੇ ਲੋਕਾਂ ਦਾ ਆਪਸ ਵਿਚ ਬੜਾ ਵੱਡਾ ਝਗੜਾ ਚਲ ਰਿਹਾ ਸੀ। ਕਿਉਂਕਿ ਉੱਚ ਦੇ ਲੋਕਾਂ ਨੂੰ ਉਥੋਂ ਦੇ ਇਸਲਾਮੀ ਮੁਸਲਮਾਨ ਹਿੰਦੂ ਮੰਨਦੇ ਸਨ। ਉੱਚ ਦੇ ਲੋਕਾਂ ਦੀਆਂ ਰਸਮਾਂ ਰੀਤਾਂ ਵੀ ਕਾਫੀ ਹਿੰਦੂਆਂ ਨਾਲ ਮਿਲਦੀਆਂ ਜੁਲਦੀਆਂ ਸਨ। ਪਰ ਉਹ ਹਿੰਦੂ ਹੈ ਨਹੀਂ ਸਨ। ਪਰ ਆਪਸੀ ਵਿਚਾਰਾਂ ਦੇ ਅਧਾਰ ਤੇ ਮਤ ਭੇਦ ਹੋਣ ਕਰਕੇ ਝਗੜਾ ਵਧਦਾ ਹੀ ਜਾਂਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਏਥੇ ਪਹੁੰਚੇ, ਤਾਂ ਇਹ ਝਗੜਾ ਬੜੇ ਜੋਰ ਤੇ ਚਲ ਰਿਹਾ ਸੀ। ਸੁੰਨੀ ਮੁਸਲਮਾਨ ਉੱਚ ਦੇ ਮੁਸਲਮਾਨਾਂ ਨੂੰ ਕਹਿ ਰਹੇ ਸਨ ਕਿ "ਤੁਸੀਂ ਦੋਜਖਾਂ ਦੀ ਅੱਗ ਵਿਚ ਸੜੋਗੇ। ਕਿਉਂਕਿ ਤੁਸੀਂ ਹਿੰਦੂਆਂ ਵਾਂਗ ਮਰੇ ਹੋਏ ਲੋਕਾਂ ਨੂੰ ਅੱਗ ਵਿਚ ਜਲਾਉਂਦੇ ਹੋ। ਯਾਨੀ ਕਿ ਸਸਕਾਰ ਕਰਦੇ ਹੋ।" ਝਗੜਾ ਏਸ ਮੱਤ ਭੇਦ ਉੱਪਰ ਵੀ ਸੀ ਕਿ ਇਸਲਾਮ ਬਾਰ-ਬਾਰ ਦੇ ਜਨਮ ਨੂੰ ਨਹੀਂ ਮੰਨਦਾ। ਕਿਉਂਕਿ ਹਜਰਤ ਮੁਹੰਮਦ ਸਾਹਿਬ ਇਕੋ ਵਾਰ ਕਹਿ ਗਏ ਹਨ ਕਿ ਮਰੇ ਹੋਏ ਮੁਸਲਮਾਨ ਦੇ ਸਰੀਰ ਨੂੰ ਫਾੜ੍ਹਿਆ ਪੜ੍ਹ ਕੇ ਧਰਤੀ ਵਿਚ ਦਫਨਾ ਦਿਉ। ਕਿਆਮਤ ਵਾਲੇ ਦਿਨ ਹਜਰਤ ਮੁਹੰਮਦ ਸਾਹਿਬ ਸਾਰੀਆਂ ਰੂਹਾਂ ਦੀ ਰਹਿਨੁਮਾਈ ਕਰਨਗੇ ਅਤੇ ਸਾਰੀਆਂ ਰੂਹਾਂ ਨੂੰ ਕਬਰਾਂ ਵਿਚੋਂ ਉਠਾ ਲਿਆ ਜਾਵੇਗਾ। ਉਹਨਾਂ ਰੂਹਾਂ ਨੂੰ ਬਹਿਸ਼ਤਾਂ (ਜੰਨਤ) ਵਿਚ ਵਾਸਾ ਦੇ ਦਿੱਤਾ ਜਾਵੇਗਾ। ਬੱਸ! ਏਸੇ ਸਿਧਾਂਤ ਉਪਰ ਹਰ ਮੁਸਲਮਾਨ ਪਹਿਰਾ ਦੇਂਦਾ ਹੈ। ਉਹ ਸਮਝਦੇ ਹਨ ਕਿ ਮੁਰਦਾ ਸਰੀਰ ਨੂੰ ਦਫਨ ਕਰਨ ਦੀ ਬਜਾਇ ਜੇ ਸਸਕਾਰ ਕਰ ਦਿੱਤਾ ਗਿਆ ਤਾਂ, ਉਸ ਦੀ ਰੂਹ ਨੂੰ ਦੋਜਖਾਂ ਦੀ ਅੱਗ ਵਿਚ ਸੜਨਾ ਪਵੇਗਾ। ਪਰ ਉੱਚ ਪਿੰਡ ਦੇ ਲੋਕ ਇਸ ਧਾਰਨਾ ਨੂੰ ਨਹੀਂ ਸਨ ਮੰਨਦੇ। ਪਰ ਆਪਣੇ ਆਪ ਨੂੰ ਸੱਚੇ ਸੁੱਚੇ ਮੋਮਨ ਦਸਦੇ ਸਨ। ਸੁੰਨੀ ਮੁਸਲਮਾਨ ਕਹਿੰਦੇ ਸਨ ਨਹੀਂ! ਤੁਸੀਂ ਮੋਮਨ ਨਹੀਂ ਹੋ ਸਕਦੇ। ਤੁਸੀਂ ਕਾਫਰ ਹੋ। ਯਾਨੀ ਕਿ ਹਿੰਦੂ ਹੋ। ਏਸ ਝਗੜੇ ਦੇ ਦੌਰਾਨ ਹੀ ਗੁਰੂ ਨਾਨਕ ਸਾਹਿਬ ਜੀ ਵੀ ਉੱਚ ਪਿੰਡ ਪਹੁੰਚ ਗਏ ਸਨ। ਇਰਦ ਗਿਰਦ ਲੋਕਾਂ ਨੂੰ ਪਤਾ ਲਗ ਗਿਆ ਕਿ ਗੁਰੂ ਨਾਨਕ ਸਾਹਿਬ ਏਥੇ ਆਏ ਹਨ, ਲੋਕ ਹੁਮ ਹੁਮਾ ਕੇ ਇਕੱਠੇ ਹੋਣਾ ਸ਼ੁਰੂ ਹੋ ਗਏ ਸਨ। ਕਿਉਂਕਿ ਮੱਕੇ ਵਿਚ ਵਾਪਰੀ ਘਟਨਾ ਕਰਕੇ ਗੁਰਦੇਵ ਦੀ ਮਹਿਮਾ ਦੂਰ ਤੱਕ ਚਾਰੇ ਪਾਸੇ ਪਸਰੀ ਹੋਈ ਸੀ। ਲੋਕ ਗੁਰਦੇਵ ਦੇ ਦਰਸ਼ਨਾਂ ਲਈ ਵੀ ਤਾਂਘਦੇ ਸਨ। ਕੁਝ ਸੂਝਵਾਨ ਤੇ ਦੂਰ ਅੰਦੇਸ਼ ਲੋਕਾਂ ਨੇ ਆਪਸ ਵਿਚ ਵਿਚਾਰ ਕੀਤੀ ਕਿ ਗੁਰੂ ਨਾਨਕ ਜੀ, ਵੱਡੇ ਤੇ ਮਹਾਨ ਪੀਰ ਸਾਬਿਤ ਹੋਏ ਹਨ। ਕਿਉਂਕਿ ਜੋ ਕੌਤਕ ਮੱਕੇ ਵਿਚ ਗੁਰੂ ਨਾਨਕ ਪੀਰ ਨੇ ਕੀਤਾ ਹੈ, ਉਸ ਤੋਂ

ਸਾਰੇ ਮੱਕੇ ਨੇ ਗੁਰੂ ਨਾਨਕ ਦੀਆਂ ਪ੍ਰਕਰਮਾਂ ਕੀਤੀਆਂ ਹਨ।

ਫਿਰਿਆ ਮੱਕਾ ਕਲਾ ਦਿਖਾਰੀ॥

ਏਨਾ ਵੱਡਾ ਕੌਤਿਕ ਗੁਰੂ ਨਾਨਕ ਪੀਰ ਨੇ ਕੀਤਾ ਹੈ ਕਿ ਇਹ ਕੌਤਿਕ (ਕ੍ਰਿਸ਼ਿਮਾ) ਦੇਖ ਕੇ ਕੋਈ ਇਹ ਨਹੀਂ ਜਾਣ ਸਕਦਾ ਕਿ *"ਗੁਰੂ ਨਾਨਕ ਖੁਦਾ ਹੈ, ਕਿ ਖੁਦਾ ਗੁਰੂ ਨਾਨਕ ਹੈ।"*

ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ॥ (੧/੩੩)

ਜੇ ਗੁਰੂ ਨਾਨਕ ਏਨੇ ਮਹਾਨ ਹਨ ਤਾਂ, ਸਾਨੂੰ ਇਹ ਆਪਣੇ ਉੱਚ ਪਿੰਡ ਦਾ ਝਗੜਾ ਵੀ ਉਹਨਾਂ ਕੋਲੋਂ ਹੱਲ ਕਰਵਾ ਲੈਣਾ ਚਾਹੀਦਾ ਹੈ। ਕਹਿੰਦੇ ਹਨ ਕਿ ਇਹ ਵਿਚਾਰ ਸਾਰਿਆਂ ਨੂੰ ਚੰਗੇ ਲਗੇ ਤੇ ਦੋਵੇਂ ਧਿਰਾਂ ਇਕੱਠੀਆਂ ਹੋ ਕੇ ਗੁਰਦੇਵ ਕੋਲ ਪਹੁੰਚੇ।

ਹਿੰਦੂ ਮੁਸਲਮਾਨ ਦੋਇ ਬਹਿਨ ਇਕਠੇ ਹੋਈ॥

ਇਸਲਾਮੀ (ਸੁੰਨੀ) ਸਿਆਣੇ ਮੁਸਲਮਾਨਾਂ ਨੇ ਕੁਰਾਨ ਸ਼ਰੀਫ ਦੀ ਪੁਸਤਕ ਹੱਥ ਵਿਚ ਲੈ ਕੇ ਪਹਿਲਾਂ ਵਿਚਾਰ ਅਰੰਭ ਕੀਤੀ। ਉਹ ਕਹਿਣ ਲਗੇ ਕਿ "ਐ ਗਰੀਬ ਨਿਵਾਜ ਸਤਿਗੁਰੂ! ਤੁਹਾਡੀ ਬੜੀ ਮਹਿਮਾ ਹੈ। ਤੁਸੀਂ ਅਲਾਹ ਦੀ ਜਾਤ ਹੋ। ਜੋ ਕੁਝ ਤੁਸੀਂ ਕਰਨ ਦੇ ਸਮਰਥ ਹੋ ਹੋਰ ਕੋਈ ਨਹੀਂ।" ਕੁਰਾਨ ਸ਼ਰੀਫ ਦੀ ਪਵਿੱਤਰ ਪੁਸਤਕ ਵਿਚ ਜੋ ਹਜਰਤ ਮੁਹੰਮਦ ਸਾਹਿਬ ਨੇ ਸਿਧਾਂਤ ਦਰਸਾਇਆ ਹੈ। ਉਹਨਾਂ ਮੁਤਾਬਿਕ ਤਾਂ, ਮੁਰਦੇ ਦਾ ਸਸਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਹਜਰਤ ਮੁਹੰਮਦ ਸਾਹਿਬ ਕਹਿ ਗਏ ਹਨ ਕਿ ਸਾਰੇ "ਮੁਰਦਿਆਂ ਦੀਆਂ ਰੂਹਾਂ ਕਿਆਮਤ ਵਾਲੇ ਦਿਨ ਕਬਰਾਂ ਵਿਚੋਂ ਉਠਣਗੀਆਂ ਅਤੇ ਹਜਰਤ ਮੁਹੰਮਦ ਸਾਹਿਬ ਉਹਨਾਂ ਸਭ ਦੀ ਰਹਿਨੁਮਾਈ ਕਰਨਗੇ। ਕਿਉਂਕਿ ਹਜਰਤ ਮੁਹੰਮਦ ਸਾਹਿਬ ਸਾਹਿਬ ਅਲਾਹ ਪਾਕ ਦੇ ਰਸੂਲ ਹਨ। ਜਿਨ੍ਹਾਂ ਰੂਹਾਂ ਦੀ ਰਹਿਨੁਮਾਈ ਅਲਾਹ ਪਾਕ ਦਾ ਰਸੂਲ ਕਰੇਗਾ, ਉਹੀ ਰੂਹਾਂ ਬਖਸ਼ੀਆਂ ਜਾਣਗੀਆਂ" ਐ ਗੁਰੂ ਨਾਨਕ ਪੀਰ! ਹੁਣ ਅਸੀਂ ਆਪ ਤੋਂ ਇਹ ਪੁਛਦੇ ਹਾਂ ਕਿ ਇਹ *ਉੱਚ ਪਿੰਡ* ਦੇ ਲੋਕ ਹਿੰਦੂ ਹਨ। ਇਹ ਆਪਣੇ ਆਪ ਨੂੰ ਸੱਚੇ ਮੋਮਨ ਦਸਦੇ ਹਨ। ਪਰ ਇਹ ਉਸ ਹਜਰਤ ਮੁਹੰਮਦ ਸਾਹਿਬ, ਜੋ ਅਲਾਹ ਪਾਕ ਦੇ ਸੱਚੇ ਰਸੂਲ ਹਨ, ਉਹਨਾਂ ਦੇ ਸਿਧਾਂਤ ਨੂੰ ਨਾ ਮੰਨ ਕੇ, ਮੁਰਦਿਆਂ ਦਾ ਸਸਕਾਰ ਕਰਦੇ ਹਨ। ਕੀ ਇਹ ਚੰਗੇ ਹਨ ਕਿ ਸੁੰਨੀ ਮੁਸਲਮਾਨ ਚੰਗੇ ਹਨ?

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥ (੧/੩੩)

ਗੁਰੂ ਨਾਨਕ ਸਾਹਿਬ ਜੀ ਨੇ ਕਿਹਾ ਕਿ "ਕਿਸੇ ਜਮਾਤ ਦਾ ਏਨੀ ਗੱਲ ਤੇ ਵੱਡੇ ਛੋਟੇ ਹੋਣ ਦਾ ਫੈਸਲਾ ਕਰਨਾ ਚੰਗੀ ਗੱਲ ਨਹੀਂ। ਮੁਰਦੇ ਨੂੰ ਦਫਨ ਕਰਨ ਜਾਂ

ਸਸਕਾਰ ਕਰਨ ਨਾਲ ਰੂਹ ਦਾ ਕੋਈ ਸਬੰਧ ਨਹੀਂ ਹੁੰਦਾ। ਉਂਝ ਹਜਰਤ ਮੁਹੰਮਦ ਸਾਹਿਬ ਨੇ ਜਿਹੜਾ ਸਿਧਾਂਤ ਮੁਸਲਮਾਨਾਂ ਨੂੰ ਦਰਸਾਇਆ ਹੋਵੇਗਾ, ਉਸ ਨੂੰ ਨਾ ਸਮਝ ਕੇ, ਉਸ ਦੇ ਅਰਥ ਇਹ ਰੂਹਾਂ ਦੇ ਨਿਬੇੜੇ ਦੇ ਕੱਢ ਲਏ ਹੋਣ ਤਾਂ ਕਿਹਾ ਨਹੀਂ ਜਾ ਸਕਦਾ। ਵਰਨਾ ਮੁਰਦਾ ਸਰੀਰ ਦੇ ਸਸਕਾਰ ਜਾਂ ਦਫਨ ਕਰਨ ਨਾਲ ਰੂਹ ਦਾ ਤਾਂ ਕੋਈ ਸਬੰਧ ਹੀ ਨਹੀਂ ਬਣਦਾ। ਜੇ ਮੁਰਦਾ ਸਰੀਰ ਨਾਲ ਰੂਹ ਦਾ ਸਬੰਧ ਬਣਦਾ ਹੋਵੇ, ਤਾਂ ਫਿਰ ਇਹ ਕਿਆਮਤ ਵਾਲੇ ਦਿਨ ਰੂਹਾਂ ਦੇ ਹਿਸਾਬ ਦਾ ਸਿਧਾਂਤ ਬੜਾ ਖਤਰਨਾਕ ਸਿੱਧ ਹੋ ਸਕਦਾ ਹੈ। ਬਈ ਵਿਚਾਰ ਕਰ ਲਉ ਕਿ ਹਜਰਤ ਮੁਹੰਮਦ ਸਾਹਿਬ ਕਿਆਮਤ ਵਾਲੇ ਦਿਨ ਤਕ ਕਬਰਾਂ ਵਿਚ ਰੂਹਾਂ ਦੀ ਉਡੀਕ ਕਰਨਗੇ। ਜੇ ਉਸ ਦਿਨ ਤੋਂ ਪਹਿਲਾਂ ਹੀ ਕਿਸੇ ਦੁਸ਼ਮਣ ਨੇ ਕਬਰ ਦੀ ਮਿੱਟੀ ਪੁੱਟ ਕੇ ਅੱਗ ਵਿਚ ਪਾ ਦਿੱਤੀ, ਤਾਂ ਕੀ ਇਹ ਸਮਝ ਲਿਆ ਜਾਵੇਗਾ ਕਿ ਉਸ ਕਬਰ ਵਾਲੇ ਮੁਸਲਮਾਨ ਦੀ ਰੂਹ ਦੋਜਖਾਂ (ਨਰਕਾਂ) ਦੀ ਅੱਗ ਵਿਚ ਪੈ ਗਈ ਹੈ? ਇਹ ਤਾਂ ਫਿਰ ਲੋਕਾਂ ਨੂੰ ਆਪਣੀ ਦੁਸ਼ਮਣੀ ਕੱਢਣ ਦਾ ਇਕ ਸੌਖਾ ਮੌਕਾ ਮਿਲ ਗਿਆ ਸਮਝੋ।"

ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਦੁਆਰਾ ਇਕ ਬੜਾ ਰੌਚਕ ਪ੍ਰਮਾਣ ਦਿੱਤਾ ਹੈ। ਪੱਕੀਆਂ ਇੱਟਾਂ ਤੇ ਮਿੱਟੀ ਦੇ ਭਾਂਡੇ ਬਣਾਉਣ ਵਾਲੇ ਘੁਮਿਆਰ ਕਾਰੀਗਰਾਂ ਨੂੰ ਇਸ ਰਹੱਸ ਦਾ ਪਤਾ ਹੈ ਕਿ ਚੀਕਨੀ ਮਿੱਟੀ ਦੀਆਂ ਇੱਟਾਂ ਬੜੀਆਂ ਪੱਕੀਆਂ ਤੇ ਵਧੀਆ ਬਣਦੀਆਂ ਹਨ। ਚੀਕਨੀ ਮਿੱਟੀ ਦੇ ਭਾਂਡੇ ਸੋਹਣੇ ਬਣਦੇ ਹਨ। ਇਸ ਕਰਕੇ ਉਹ ਚੀਕਨੀ ਮਿੱਟੀ ਜਿਥੋਂ ਵੀ ਮਿਲੇ, ਉਥੋਂ ਲਿਆ ਕੇ ਇੱਟਾਂ ਤੇ ਭਾਂਡੇ ਬਣਾ ਕੇ ਆਵਿਆਂ ਵਿਚ ਪਕਾਉਂਦੇ ਹਨ। ਜ਼ਿਆਦਾ ਤਰ ਘੁਮਿਆਰ ਲੋਕ ਕਬਰਾਂ ਦੀ ਮਿੱਟੀ ਨੂੰ ਹੀ ਪਸੰਦ ਕਰਦੇ ਹਨ। ਕਿਉਂਕਿ ਕਬਰਾਂ ਵਿਚ ਜਿੰਨੇ ਮੁਰਦੇ ਦਫਨ ਕੀਤੇ ਜਾਂਦੇ ਹਨ, ਉਹਨਾਂ ਦੇ ਸਰੀਰਾਂ ਦੀ ਚਰਬੀ, ਮਿੱਟੀ ਵਿਚ ਮਿਲਦੀ ਜਾਂਦੀ ਹੈ। ਫਿਰ ਉਹ ਮਿੱਟੀ ਬੜੀ ਚੀਕਨੀ ਬਣ ਜਾਂਦੀ ਹੈ। ਉਸ ਮਿੱਟੀ ਨੂੰ ਘੁਮਿਆਰ ਲੋਕ ਖਾਸ ਤੌਰ ਤੇ ਪੁਟਕੇ ਲਿਆਉਂਦੇ ਤੇ ਇੱਟਾਂ ਭਾਂਡੇ ਬਣਾਉਂਦੇ ਹਨ। ਹੁਣ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਣ ਹੈ ਕਿ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

(ਪੰਨਾ ੪੬੬)

ਮੁਸਲਮਾਨ ਦੀ ਕਬਰ ਦੀ ਮਿੱਟੀ ਨੂੰ ਘੁਮਿਆਰ ਨੇ ਆਪਣੇ ਭਾਂਡੇ ਤੇ ਇੱਟਾਂ ਬਨਾਉਣ ਵਾਲੀ ਮਿੱਟੀ ਦੇ ਥੋਬਿਆਂ (ਪੇੜਿਆਂ) ਵਿਚ ਪਾ ਲਿਆ। ਫਿਰ ਉਸ ਨੇ ਉਹਨਾਂ ਇੱਟਾਂ ਤੇ ਭਾਂਡਿਆਂ ਨੂੰ ਭੱਠੇ (ਆਵੇ) ਦੇ ਕੋਲਿਆਂ ਦੀ ਅੱਗ ਵਿਚ ਪਕਾਉਣ ਲਈ ਰੱਖ ਦਿੱਤਾ।

ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥ (ਆਸਾ ਦੀ ਵਾਰ)

ਕੀ ਇਸ ਘਟਨਾ ਤੋਂ ਹੁਣ ਅੰਦਾਜਾ ਲਾ ਲਿਆ ਜਾਵੇ ਕਿ ਮੁਸਲਮਾਨਾਂ ਦੀਆਂ ਜਿੰਨੀਆਂ ਕਬਰਾਂ ਦੀ ਮਿੱਟੀ, ਇੱਟਾਂ ਭਾਂਡੇ ਬਣ ਕੇ ਅੱਗ ਵਿਚ ਪੈ ਗਈ, ਕੀ ਉਨੇ ਹੀ ਮੁਸਲਮਾਨਾਂ ਦੀਆਂ ਰੂਹਾਂ ਦੋਜ਼ਖਾਂ ਵਿਚ ਪੈ ਗਈਆਂ ਹੋਣਗੀਆਂ?

ਗੁਰਦੇਵ ਕਹਿੰਦੇ ਹਨ ਨਹੀਂ! ਜੇ ਇਸ ਤਰ੍ਹਾਂ ਹੁੰਦਾ ਹੋਵੇ ਤਾਂ ਫਿਰ ਦੂਜਿਆਂ ਦੀ ਰੂਹ ਦਾ ਫੈਸਲਾ ਬੰਦਾ ਹੀ ਕਰੇਗਾ। ਪ੍ਰਭੂ ਦਾ ਕੋਈ ਮੁੱਲ ਹੀ ਨਹੀਂ ਰਹਿ ਜਾਏਗਾ। ਇਹ ਕਰਮਾਂ ਦੇ ਅਮਲਾਂ ਉੱਪਰ ਨਿਬੇੜਾ ਹੁੰਦਾ ਹੈ।

ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥

ਜਿਸ ਨੇ ਪਾਣੀ ਦੇ ਕਤਰੇ ਤੋਂ ਸਾਡਾ ਵਜੂਦ ਬਣਾਇਆ ਹੈ, ਉਹ ਸਾਡੀ ਰੂਹ ਬਾਰੇ ਵੀ ਚੰਗੀ ਤਰ੍ਹਾਂ ਜਾਣਦਾ ਹੈ। ਫੈਸਲਾ ਚੰਗਿਆਈ ਬੁਰਿਆਈ ਦਾ ਉਹ ਆਪ ਕਰਦਾ ਹੈ।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (ਸਲੋਕ ਜਪੁਜੀ ਸਾਹਿਬ)

ਉਹ ਸਾਰੇ ਮੁਸਲਮਾਨ ਤੇ ਉੱਚ ਪਿੰਡ ਦੇ ਲੋਕ ਜਿਨ੍ਹਾਂ ਨੂੰ ਹਿੰਦੂ ਮੰਨਿਆ ਜਾ ਰਿਹਾ ਸੀ, ਗੁਰਦੇਵ ਤੋਂ ਪੁਛਣ ਲਗੇ ਕਿ ਫਿਰ ਹਿੰਦੂ ਮੁਸਲਮਾਨ ਦੋਵੇਂ ਚੰਗੇ ਹਨ। ਗੁਰਦੇਵ ਕਹਿਣ ਲਗੇ ਕਿ ਨਹੀਂ ਨਾ ਹਿੰਦੂ ਚੰਗੇ ਹਨ ਅਤੇ ਨਾ ਹੀ ਮੁਸਲਮਾਨ ਚੰਗੇ ਹਨ। ਚੰਗੇ ਤਾਂ ਹਮੇਸ਼ਾਂ ਓਹੀ ਹੁੰਦੇ ਹਨ, ਜਿਨ੍ਹਾਂ ਦੇ ਅਮਲ (ਕਰਮ) ਚੰਗੇ ਹੁੰਦੇ ਹਨ।

ਬਾਬਾ ਆਖੇ ਹਾਜੀਆ ਸੁਭ ਅਮਲਾਂ ਬਾਝਹੁ ਦੋਨੋ ਰੋਈ ॥
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ ॥
(੧/੩੩)

ਹਰ ਕਰਮ ਸਾਡੇ ਤਨ ਵਿਚ ਬੀਜ ਦਾ ਕੰਮ ਕਰਦਾ ਹੈ। ਚੰਗੇ ਕਰਮ ਪੁੰਨ ਦਾ ਰੂਪ ਧਾਰਨ ਕਰਕੇ ਅੰਤਸ਼ਕਰਨ ਵਿਚ ਬੈਠ ਜਾਂਦੇ ਹਨ ਅਤੇ ਬੁਰੇ ਕਰਮ, ਪਾਪ ਬਣ ਕੇ ਅੰਤਸ਼ਕਰਨ ਵਿਚ ਬੈਠ ਜਾਂਦੇ ਹਨ। ਕਰਮ, ਸਰੀਰ ਦੇ ਇੰਦਰਿਆਂ ਦੁਆਰਾ ਕੀਤੇ ਜਾਂਦੇ ਹਨ। [illegible] ਕਰਮ ਪਾਪਾਂ ਦੇ ਸੰਸਕਾਰ ਬਣਾਉਂਦੇ ਹਨ ਅਤੇ ਅੱਛੇ ਕਰਮ ਪੁੰਨਾਂ ਦੇ ਸੰਸਕਾਰ ਪੈਦਾ ਕਰਦੇ ਹਨ। ਫਿਰ ਸਾਡੇ ਸੰਸਕਾਰ ਹੀ ਪਾਪ ਬਣਦੇ ਹਨ ਅਤੇ ਸਾਡੇ ਸੰਸਕਾਰ ਹੀ ਪੁੰਨ ਬਣਦੇ ਹਨ। ਪਾਪ ਦਾ ਮੁਕਾਬਲਾ ਪੁੰਨ ਕਰਦੇ ਹਨ ਅਤੇ ਪੁੰਨਾਂ ਨੂੰ ਪਾਪ ਖਤਮ ਕਰਦੇ ਹਨ।

ਪਾਪ ਦੇ ਸੰਸਕਾਰ ਕੀ ਹਨ? ਅਤੇ ਪੁੰਨ ਦੇ ਸੰਸਕਾਰ ਕੀ ਹਨ?

ਮਨੁੱਖ ਦੇ ਜਿਸ ਵਿਚਾਰ ਅਤੇ ਕਰਮ ਦੁਆਰਾ ਦੂਜਿਆਂ ਨੂੰ ਸੁਖ ਮਿਲੇ ਅਤੇ

ਦੂਜਿਆਂ ਦਾ ਭਲਾ ਹੋਵੇ ਉਹ ਪੁੰਨ ਹੈ। ਮਨੁੱਖ ਦੇ ਜਿਸ ਵਿਚਾਰ ਅਤੇ ਕਰਮ ਦੁਆਰਾ ਦੂਜਿਆਂ ਨੂੰ ਦੁਖ ਮਿਲੇ ਅਤੇ ਦੂਜਿਆਂ ਦਾ ਬੁਰਾ ਹੋਵੇ, ਉਹ ਪਾਪ ਹੈ। ਅੱਜ ਦਾ ਯੁਗ ਐਸਾ ਹੈ ਕਿ ਬਹੁਤੇ ਲੋਕ ਦੂਜਿਆਂ ਦੇ ਦੁਖ ਵਿਚੋਂ ਆਪਣੇ ਸੁਖ ਲਭਦੇ ਹਨ, ਇਸ ਵਾਸਤੇ ਇਹ ਦੁਨੀਆਂ ਨਰਕ ਬਣੀ ਪਈ ਹੈ। ਨਰਕ ਬਾਰੇ ਏਹੋ ਧਾਰਨਾ ਹੈ ਕਿ ਨਰਕਾਂ ਵਿਚ ਪਾਪੀ ਲੋਕਾਂ ਦਾ ਨਿਵਾਸ ਹੁੰਦਾ ਹੈ। ਬੱਸ! ਇਸ ਧਰਤੀ ਤੇ ਬਹੁਤੇ ਪਾਪੀ ਲੋਕ ਹੀ ਨਿਵਾਸ ਕਰਦੇ ਹਨ, ਇਸ ਕਰਕੇ ਇਹ ਧਰਤੀ ਨਰਕ ਬਣਦੀ ਜਾ ਰਹੀ ਹੈ। ਕੁਦਰਤ ਦਾ ਇਕ ਅਟੱਲ ਨਿਯਮ ਧਰਤੀ ਤੇ ਕੰਮ ਕਰਦਾ ਹੈ ਕਿ ਬੀਜਿਆ ਹੋਇਆ ਇਕ ਬੀਜ ਅਨੇਕਾਂ ਬੀਜ ਹੋ ਕੇ ਪ੍ਰਗਟ ਹੁੰਦਾ ਹੈ। ਬੀਜ ਕਿਹੋ ਜਿਹਾ ਵੀ ਹੋਵੇ, ਉਹ ਕਈ ਗੁਣਾਂ ਵਧ ਹੋ ਕੇ ਫਲਦਾ ਹੈ। ਹਰ ਕਰਮ ਭਾਵੇਂ ਬੁਰਾ ਭਾਵੇਂ ਚੰਗਾ ਹੈ, ਉਹ ਬੀਜ ਦਾ ਕੰਮ ਕਰਦਾ ਹੈ। ਕਰਮ ਹੀ ਪਾਪ ਬਣਦਾ ਹੈ ਅਤੇ ਕਰਮ ਹੀ ਪੁੰਨ ਬਣਦਾ ਹੈ। ਦੂਜੇ ਨੂੰ ਦਿੱਤਾ ਹੋਇਆ ਦੁਖ ਕਈ ਗੁਣਾਂ ਵਧ ਹੋ ਕੇ ਵਾਪਿਸ ਮਿਲਦਾ ਹੈ। ਦੂਜਿਆਂ ਨੂੰ ਦਿੱਤਾ ਹੋਇਆ ਸੁਖ ਵੀ ਕਈ ਗੁਣਾਂ ਵਧ ਹੋ ਕੇ ਵਾਪਿਸ ਮਿਲਦਾ ਹੈ।

ਦਿੱਤਾ ਲਈਏ ਆਪਣਾ ਅਣ ਦਿਤਾ ਕਛੂ ਹਥਿ ਨ ਆਵੈ॥ *(੧/੪੭)*

ਬਹੁਤੇ ਲੋਕਾਂ ਦੇ ਦੁੱਖਾਂ ਦੀਆਂ ਕਹਾਣੀਆਂ ਇਸ ਗੱਲ ਦਾ ਸਬੂਤ ਹਨ ਕਿ ਦਿੱਤੇ ਹੋਏ ਦੁੱਖ ਅਤੇ ਕਮਾਏ ਹੋਏ ਕਰਮਾਂ ਦਾ ਫਲ ਉਹਨਾਂ ਦੀ ਝੋਲੀ ਵਿਚ ਭਰਿਆ ਪਿਆ ਹੈ। ਬੱਸ! ਓਹਨਾਂ ਦੇ ਕਰਮਾਂ ਦਾ ਫਲ ਪਾਪ ਸੀ, ਅਤੇ ਪਾਪਾਂ ਦਾ ਫਲ ਦੁਖ ਹੁੰਦਾ ਹੈ। ਕਿਉਂਕਿ ਜਿਹੜਾ ਨਿਯਮ ਇਸ ਧਰਤੀ ਉਪਰ ਲਾਗੂ ਹੁੰਦਾ ਹੈ, ਓਹੀ ਨਿਯਮ ਇਸ ਸਰੀਰ ਉਪਰ ਲਾਗੂ ਹੁੰਦਾ ਹੈ। ਸਰੀਰ ਵੀ ਇਕ ਖੇਤ ਹੈ, ਧਰਤੀ ਹੈ। ਅਧਿਆਤਮਕ ਲੋਕਾਂ ਦਾ ਇਹ ਯਕੀਨ ਹੈ ਕਿ ਮਨੁੱਖੀ ਸਰੀਰ, ਇਕ ਕਰਮ ਭੂਮੀ ਹੈ। ਹਰ ਕਰਮ ਸਰੀਰ ਦੇ ਅੰਦਰ ਬੀਜ ਦਾ ਕੰਮ ਕਰਦਾ ਹੈ। ਜਿਹੋ ਜਿਹਾ ਬੀਜਿਆ ਜਾਵੇ ਉਸ ਦਾ ਫਲ ਉਹੋ ਜਿਹਾ ਹੀ ਪ੍ਰਗਟ ਹੁੰਦਾ ਹੈ।

ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥ *(ਪੰਨਾ ੧੪੧੭)*

ਹਰ ਕਰਮ ਤੋਂ ਸੁਭਾਅ ਬਣਦੇ ਹਨ ਅਤੇ ਸੁਭਾਅ ਤੋਂ ਸੰਸਕਾਰ ਬਣਦੇ ਹਨ। ਹੁਣ ਹਰੇਕ ਬੀਜ ਦੀ ਤਾਸੀਰ (ਸੁਭਾਅ) ਅਲੱਗ-ਅਲੱਗ ਹੁੰਦੀ ਹੈ। ਬੀਜ ਕੋਈ ਕੌੜੇ ਤੇ ਕੋਈ ਮਿੱਠੇ ਹੁੰਦੇ ਹਨ। ਹਰ ਕਰਮ ਦੀ ਤਾਸੀਰ ਅਲੱਗ-ਅਲੱਗ ਹੁੰਦੀ ਹੈ। ਕੋਈ ਕਰਮ ਪਾਪਾਂ ਦੇ ਸੰਸਕਾਰ ਬਣਾਉਂਦੇ ਹਨ ਅਤੇ ਕੋਈ ਐਸੇ ਕਰਮ ਹੁੰਦੇ ਹਨ ਜੋ ਪੁੰਨਾਂ ਦੇ ਸੰਸਕਾਰ ਬਣਾਉਂਦੇ ਹਨ। ਉਹਨਾਂ ਸੰਸਕਾਰਾਂ ਤੋਂ ਹੀ ਅਗੋ ਕੌੜੇ ਫਿੱਕੇ ਜਾਂ ਮਿੱਠੇ ਸੁਭਾਅ ਦਾ ਜਨਮ ਹੁੰਦਾ ਹੈ। ਉਹ ਸੁਭਾਅ ਅਗੋਂ ਮਨੁੱਖ ਦੇ ਦੁਖ ਸੁਖ ਵਿਚ ਵੀ ਕੰਮ ਕਰਦਾ ਹੈ। ਏਨੀ ਵਜਾਹਤ ਕਰਨ ਦਾ ਮੇਰਾ ਮਤਲਬ ਹੈ ਕਿ ਬੀਜਿਆ ਹੋਇਆ ਬੀਜ ਹੀ ਸਾਡੀ ਝੋਲੀ ਵਿੱਚ ਕਈ ਗੁਣਾਂ ਵਧ ਹੋ ਕੇ ਆਉਂਦਾ ਹੈ। ਇਹੀ ਕਾਰਨ ਹੈ

ਕਿ ਸਾਰੇ ਅਧਿਆਤਮਕ ਲੋਕ ਸਾਨੂੰ ਕਰਮਾਂ ਪ੍ਰਤੀ ਪੂਰਨ ਸੁਚੇਤ ਹੋਣ ਦਾ ਉਪਦੇਸ਼ ਕਰਦੇ ਹਨ। ਕਿਉਂਕਿ ਸਾਡੇ ਕਰਮਾਂ ਦਾ ਫਲ ਹੀ ਪਾਪ ਬਣਦਾ ਹੈ ਅਤੇ ਕਰਮਾਂ ਦਾ ਫਲ ਹੀ ਪੁੰਨ ਬਣਦਾ ਹੈ। ਫਿਰ ਇਹ ਫਲ ਸਾਡੇ ਕਰਮਾਂ ਦਾ ਸਾਨੂੰ ਹੀ ਭੋਗਣਾ ਪੈਂਦਾ ਹੈ। ਇਸ ਵਾਸਤੇ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ ਹੈ ਕਿ ਐ ਮਨੁੱਖ! ਹਰ ਕਰਮ ਦਾ ਫਲ ਤੈਨੂੰ ਭੋਗਣਾ ਪੈਣਾ ਹੈ। ਇਸ ਕਰਕੇ ਕੋਈ ਐਸੀ ਬੁਰੀ ਘਾਲ ਨਾ ਘਾਲ, ਜਿਸ ਦਾ ਕੀਤਾ ਹੋਇਆ ਤੈਥੋਂ ਭੋਗਿਆ ਨਾ ਜਾਵੇ।

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥ (ਪੰਨਾ ੪੭੪)

ਬਹੁਤੇ ਲੋਕਾਂ ਨੂੰ ਚੰਗੇ ਅਤੇ ਬੁਰੇ ਕਰਮ ਕਰਨ ਤੋਂ ਪਹਿਲਾਂ ਪਤਾ ਹੁੰਦਾ ਹੈ, ਪਰ ਫਿਰ ਵੀ ਉਹ ਬੁਰਾ ਕਰਮ ਕਰ ਜਾਂਦੇ ਹਨ। ਬੰਦੇ ਦੇ ਅੰਦਰ ਜਦੋਂ ਲੋਭ ਤੇ ਅਹੰਕਾਰ ਪ੍ਰਬਲ ਕੰਮ ਕਰਦਾ ਹੈ ਤਾਂ ਉਹ ਲੋਭ ਜਾਂ ਹਉਮੈ ਨੂੰ ਪਾਲਣ ਵਾਸਤੇ ਬੁਰੇ ਤੋਂ ਬੁਰੇ ਕਰਮ ਵੀ ਕਰ ਦੇਂਦੇ ਹਨ। ਪਰ ਹਰ ਬੁਰਿਆਈ ਪਿੱਛੇ ਪਛਤਾਵਾ ਲੁਕਿਆ ਹੁੰਦਾ ਹੈ। ਪਾਪੀ ਮਨੁੱਖਾਂ ਦੀ ਜ਼ਿੰਦਗੀ ਵਿਚ ਸਿਵਾਏ ਪਛਤਾਵੇ ਦੇ ਕੁਝ ਨਹੀਂ ਬਚਦਾ।

ਇਹ ਚੰਗੇ ਤੇ ਬੁਰੇ ਕਰਮ ਕੇਵਲ ਮਨੁੱਖੀ ਜ਼ਿੰਦਗੀ ਵਿਚ ਹੀ ਮਤਲਬ ਰਖਦੇ ਹਨ। ਪਸ਼ੂ ਪੰਛੀਆਂ ਦੀ ਦੁਨੀਆਂ ਵਿਚ ਪਾਪ ਪੁੰਨ ਦਾ ਕੋਈ ਮਤਲਬ ਨਹੀਂ ਹੁੰਦਾ। ਪਸ਼ੂ ਪੰਛੀਆਂ ਦੀ ਜੂਨ ਕੇਵਲ ਭੋਗ ਜੋਨ ਹੈ। ਪਸ਼ੂ ਪੰਛੀ ਇਸ ਦੁਨੀਆਂ ਵਿਚ ਕੇਵਲ ਜੂਨ ਭੋਗਣ ਆਏ ਹੋਏ ਹਨ। ਉਹਨਾਂ ਦੇ ਸੰਸਕਾਰ ਕੇਵਲ ਭੋਗਣ ਤੱਕ ਹੀ ਸੀਮਤ ਹਨ। ਪਰ ਮਨੁੱਖ ਜੂਨ ਭੋਗ ਜੂਨ ਦੇ ਨਾਲ ਨਾਲ ਕਰਮ ਜੂਨ ਵੀ ਹੈ। ਪਸ਼ੂ ਜੂਨ ਕਰਮ ਜੂਨ ਨਹੀਂ ਹੈ। ਪਸ਼ੂ ਦੁਨੀਆਂ ਵਿਚ ਕੁਝ ਖਾਸ ਨਹੀਂ ਕਰ ਸਕਦੇ। ਕੇਵਲ ਭੋਗ ਸਕਦੇ ਹਨ। ਮਨੁੱਖ ਜਨਮ, ਭੋਗ ਜਨਮ ਵੀ ਹੈ ਅਤੇ ਕਰਮ ਜਨਮ ਵੀ ਹੈ। ਮਨੁੱਖ ਭੋਗਣ ਤੋਂ ਇਲਾਵਾ ਕੁਝ ਕਰਨ ਵਾਸਤੇ ਵੀ ਆਇਆ ਹੈ। ਅਗਰ ਮਨੁੱਖ ਕੇਵਲ ਭੋਗ ਕਿਰਿਆ (ਕਰਮਾਂ) ਵਿਚ ਹੀ ਉਲਝ ਜਾਵੇ ਤਾਂ, ਇਹ ਪਸ਼ੂਆਂ ਤੋਂ ਬਹੁਤਾ ਅਗੇ ਨਹੀਂ ਜਾ ਸਕਦਾ। ਕੇਵਲ ਪਸ਼ੂ ਕਿਰਿਆ ਹੀ ਕਰੇਗਾ। ਮਨੁੱਖ, ਪਸ਼ੂ ਪੰਛੀਆਂ ਤੋਂ ਬਹੁਤ ਅਗੇ ਵਧ ਸਕੇ, ਇਸ ਵਾਸਤੇ ਅਧਿਆਤਮਕ ਮਹਾਪੁਰਖਾਂ ਨੇ ਸਤਸੰਗ ਇਜਾਦ ਕੀਤੇ ਹਨ। ਸਤਸੰਗ ਵਿਚੋਂ ਹੀ ਉਪਦੇਸ਼ ਮਿਲਦਾ ਹੈ ਕਿ ਮਨੁੱਖ ਕੋਲੋਂ ਕਰਮਾਂ ਦਾ ਬੀਜ ਬੀਜਣ ਲਗਿਆਂ ਕੋਈ ਭੁਲ ਨਾ ਹੋਵੇ। ਕਿਉਂਕਿ ਆਪਣਾ ਬੀਜਿਆ ਆਪ ਹੀ ਖਾਣਾ ਪੈਂਦਾ ਹੈ। ਯਾਨੀ ਕਿ ਸਾਡੇ ਜਨਮ ਮਰਨ ਦਾ ਗੇੜ ਸੰਸਕਾਰਾਂ (ਕਰਮਾਂ) ਦੇ ਅਧਾਰ ਤੇ ਬਣਦਾ ਹੈ।

ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥੨੦॥

(ਪੰਨਾ ੪)

ਜੇ ਇਹ ਕਰਮਾਂ ਦੀ ਖੇਡ ਸਮਝ ਆ ਗਈ ਤਾਂ ਇਹ ਜਨਮ ਮਰਨ ਦੀ ਕਲਾ

ਆਪੇ ਹੀ ਸਮਝ ਵਿਚ ਆ ਜਾਵੇਗੀ। ਸੋ ਇਹ ਤਨ ਕਰਮ ਭੂਮੀ ਹੈ। ਕਰਮ ਖੇਤ ਹੈ। ਇਸ ਵਿਚ ਕਰਮਾਂ ਦਾ ਬੀਜ ਜਿਹੋ ਜਿਹਾ ਹੀ ਬੀਜਿਆ ਗਿਆ ਉਹੋ ਜਿਹਾ ਹੀ ਫਲ ਪ੍ਰਾਪਤ ਹੋਵੇਗਾ।

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਪੰਨਾ ੧੩੪)

ਕਰਮ ਕੀ ਹਨ?

ਤਿੰਨ ਪ੍ਰਕਾਰ ਦੇ ਪ੍ਰਧਾਨ ਕਰਮ ਮੰਨੇ ਗਏ ਹਨ, ਜੋ ਜੀਵਨ ਵਿਚ ਗਹਿਰੇ ਸੰਸਕਾਰ ਬਣਾਉਂਦੇ ਹਨ।

ਵਾਚਿਕ ਕਰਮ- ਜੋ ਅਸੀਂ ਜ਼ੁਬਾਨ ਦੁਆਰਾ ਬੋਲ ਕੇ ਕਰਮ ਕਰਦੇ ਹਾਂ, ਉਹ ਵਾਚਿਕ ਕਰਮ ਕਹਾਉਂਦੇ ਹਨ।

ਸਰੀਰਕ ਕਰਮ- ਜੋ ਅਸੀਂ ਤਨ ਦੇ ਇੰਦਰਿਆਂ ਦੁਆਰਾ ਕਰਮ ਕਰਦੇ ਹਾਂ, ਉਹ ਸਾਰੇ ਸਰੀਰਕ ਕਰਮ ਕਹਾਉਂਦੇ ਹਨ।

ਮਾਨਸਿਕ ਕਰਮ- ਪਰ ਬਹੁਤ ਸਾਰੇ ਕਰਮ ਅਸੀਂ ਮਨ ਕਰਕੇ ਸੋਚਦੇ ਹਾਂ, ਉਹ ਸਾਰੇ ਕਰਮ ਜਿਨ੍ਹਾਂ ਪ੍ਰਤੀ ਮਨ ਸੋਚਦਾ ਹੈ, ਉਹ ਸਾਰੇ ਮਾਨਸਿਕ ਕਰਮ ਕਹਾਉਂਦੇ ਹਨ।

ਵਾਚਿਕ ਅਤੇ ਸਰੀਰਕ ਕਰਮ ਇਸ ਸੰਸਾਰ ਦੀ ਪਕੜ ਵਿਚ ਆ ਜਾਂਦੇ ਹਨ, ਪਰ ਮਾਨਸਿਕ ਕਰਮਾਂ ਨੂੰ ਸੰਸਾਰ ਨਹੀਂ ਪਕੜ ਸਕਦਾ। ਇਸ ਕਰਕੇ ਸਰੀਰ ਨਾਲ ਸ਼ੁਭ ਕਰਮ ਕਰਨ ਵਾਲੇ ਨੂੰ ਅਤੇ ਜ਼ੁਬਾਨ ਨਾਲ ਸੱਚਾ ਤੇ ਮਿੱਠਾ ਬੋਲਣ ਵਾਲੇ ਨੂੰ ਸਮਾਜ ਵਿਚ ਬੜੀ ਮਹਾਨਤਾ ਮਿਲਦੀ ਹੈ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਵੀ ਉਹ ਸਨਮਾਨ ਯੋਗ ਹੀ ਹੁੰਦਾ ਹੈ। ਸਮਾਜ ਅਤੇ ਕਾਨੂੰਨ ਦੀ ਨਜਰ ਬੰਦੇ ਦੇ ਮਨ ਤਕ ਨਹੀਂ ਪਹੁੰਚ ਸਕਦੀ। ਕਾਨੂੰਨ ਉਸ ਨੂੰ ਹੀ ਸਜਾ ਦੇ ਸਕਦਾ ਹੈ, ਜਿਸ ਨੂੰ ਉਹ ਤਨ ਕਰਕੇ ਜਾਂ ਜਬਾਨੀ ਅਪਰਾਧ ਕਰਦਿਆਂ ਸਬੂਤ ਸਮੇਤ ਪਕੜ ਲਏ। ਸਮਾਜ ਵੀ ਉਸੇ ਦਾ ਹੀ ਵਿਰੋਧ ਕਰ ਸਕਦਾ ਹੈ, ਜਿਸ ਨੂੰ ਤਨ ਕਰਕੇ ਜਾਂ ਜ਼ੁਬਾਨੀ ਬੁਰਾ ਕਰਦਿਆਂ ਦੇਖ ਲਏ। ਹੁਣ ਮਨ ਕਰਕੇ ਬੰਦਾ ਕੀ ਸੋਚ ਰਿਹਾ ਹੈ? ਇਸ ਬਾਰੇ ਸਮਾਜ ਅਤੇ ਕਾਨੂੰਨ ਨੂੰ ਕੁਝ ਪਤਾ ਨਹੀਂ ਹੁੰਦਾ। ਅਗਰ ਬੰਦਾ ਸਰੀਰ ਜਾਂ ਜ਼ੁਬਾਨ ਕਰਕੇ ਕੋਈ ਗਲਤ ਕੰਮ ਕਰੇ ਤਾਂ ਉਹ ਅਪਰਾਧੀ ਬਣਦਾ ਹੈ। ਉਸ ਨੂੰ ਸਜਾ ਮਿਲ ਸਕਦੀ ਹੈ।

□□□□

ਪੁੰਨ ਪਾਪ ਅਤੇ ਮੌਤ ਦੀ ਕਲਾ

ਅਪਰਾਧ ਦੀ ਹੱਦ ਕੇਵਲ ਤਨ ਹੈ। ਪਾਪ ਦੀ ਹੱਦ ਮਨ ਤੱਕ ਹੈ। ਸਮਾਜ ਤੇ ਕਾਨੂੰਨ ਅਪਰਾਧੀ ਤੱਕ ਪਹੁੰਚ ਸਕਦੇ ਹਨ, ਪਾਪੀ ਤੱਕ ਨਹੀਂ ਪਹੁੰਚ ਸਕਦੇ। ਕਿਉਂਕਿ ਪਾਪ ਮਨ ਕਰਕੇ ਕੀਤੇ ਜਾਂਦੇ ਹਨ। ਵੈਸੇ ਪਾਪ ਉਹ ਬੀਜ ਹੈ, ਜੋ ਮਨੁੱਖ ਦੇ ਆਪਣੇ ਵਾਹਿਕ ਤੇ ਸਰੀਰ ਦੇ ਭੈੜੇ ਕਰਮਾਂ ਤੋਂ ਪੈਦਾ ਹੁੰਦਾ ਹੈ। ਪਾਪ ਦਾ ਵਾਸਾ ਮਨ ਵਿਚ ਹੁੰਦਾ ਹੈ ਅਤੇ ਅਪਰਾਧ ਤਨ ਦੁਆਰਾ ਪ੍ਰਗਟ ਹੁੰਦੇ ਹਨ। ਮਨ ਵਿਚੋਂ ਸੋਚੇ ਹੋਏ ਪਾਪਾਂ ਦਾ ਫਲ ਹੀ ਤਨ ਦੁਆਰਾ ਅਪਰਾਧ ਬਣਦਾ ਹੈ। ਪਾਪ ਤੇ ਅਪਰਾਧ ਸਮਝੋ ਕਿ ਆਪਸ ਵਿਚ ਪਿਉ ਪੁੱਤਰ ਹਨ। ਪਾਪ, ਅਪਰਾਧ ਦਾ ਪਿਤਾ ਹੈ, ਕਿਉਂਕਿ ਮਨ ਵਿਚੋਂ ਚਿਤਵਿਆ ਹੋਇਆ ਹੀ ਤਨ ਉਪਰ ਪ੍ਰਗਟ ਹੁੰਦਾ ਹੈ।

ਪਾਪ ਕੇਵਲ ਮਨ ਵਿਚ ਚਿਤਵੇ ਜਾਂਦੇ ਹਨ। ਇਸ ਕਰਕੇ ਪਾਪ ਚਿਤਵਣ ਲਈ ਬਹੁਤ ਖੁਲ੍ਹ ਹੈ। ਕਾਨੂੰਨ ਤੇ ਸਮਾਜ ਦੀ ਪਹੁੰਚ ਚਿੱਤ ਤਕ ਨਹੀਂ ਹੁੰਦੀ। ਚਿਤ ਤੱਕ ਤਾਂ ਗੁਰੂ ਜਾਂ ਪਰਮਾਤਮਾ ਹੀ ਪਹੁੰਚ ਸਕਦੇ ਹਨ। ਗੁਰੂ ਮਨੋ ਵਿਗਿਆਨੀ ਹੁੰਦੇ ਹਨ, ਇਸ ਕਰਕੇ ਉਹ ਪਾਪੀ ਦਾ ਮਨ ਵੀ ਪੜ੍ਹ ਲੈਂਦੇ ਹਨ। ਇਸ ਕਰਕੇ ਮਨ ਤਕ ਪਹੁੰਚ ਸਿਵਾਏ ਗੁਰੂ ਤੇ ਪਰਮਾਤਮਾ ਤੋਂ ਇਲਾਵਾ ਹੋਰ ਕਿਸੇ ਦੂਜੇ ਦੀ ਨਹੀਂ ਹੁੰਦੀ। ਸੰਸਾਰ ਵਿਚ ਪਾਪੀਆਂ ਦੀ ਗਿਣਤੀ ਬੇ-ਸ਼ੁਮਾਰ ਹੈ, ਪਰ ਆਮ ਦੁਨੀਆਂ ਦੀ ਨਜ਼ਰ ਜਾਂ ਕਾਨੂੰਨ ਪਾਪੀ ਨੂੰ ਨਹੀਂ ਪਕੜ ਸਕਦੇ। ਸਮਾਜ ਤੇ ਕਾਨੂੰਨ ਤਨ ਦੁਆਰਾ ਕੀਤੇ ਹੋਏ ਕਰਮਾਂ ਨੂੰ ਦੇਖ ਕੇ ਪਕੜ ਸਕਦੇ ਹਨ। ਇਸ ਵਾਸਤੇ ਅਪਰਾਧੀ ਆਮ ਪਕੜੇ ਜਾਂਦੇ ਹਨ। ਇਹ ਜੋ ਅਦਾਲਤਾਂ ਅਤੇ ਜੇਲ੍ਹਾਂ ਦੀਆਂ ਸਲਾਖਾਂ ਪਿਛੇ ਬੰਦ ਹਨ, ਇਹ ਕੋਈ ਬਹੁਤੀ ਗਿਣਤੀ ਨਹੀਂ। ਪਾਪੀਆਂ ਨਾਲ ਸਾਰਾ ਸੰਸਾਰ ਭਰਿਆ ਪਿਆ ਹੈ, ਪਰ ਪਾਪੀਆਂ ਨੂੰ ਕੋਈ ਪੁਲੀਸ ਜਾਂ ਕਾਨੂੰਨੀ ਅਦਾਲਤ ਨਹੀਂ ਪਕੜ ਸਕਦੀ। ਕਿਸੇ ਹੱਦ ਤਕ ਦੇਖਿਆ ਸਮਝਿਆ ਜਾਵੇਗਾ ਤਾਂ ਜਿਹੜਾ ਜੱਜ ਕਾਨੂੰਨ ਦੀ ਕੁਰਸੀ ਤੇ ਬੈਠ ਕੇ ਅਪਰਾਧ ਦੀ ਸਜਾ ਸੁਣਾਉਂਦਾ ਹੈ, ਉਹ ਵੀ ਪਾਪੀ ਹੀ ਮਿਲੇਗਾ। ਪਰ ਪਾਪ ਤਕ ਸੰਸਾਰ ਦੀ ਪਹੁੰਚ ਨਹੀਂ ਹੈ। ਇਸ ਵਾਸਤੇ ਪਾਪ ਤੇ ਪਾਪੀ ਕੇਵਲ ਗੁਰੂ ਅਤੇ ਪਰਮਾਤਮਾ ਦੀ ਦਰਗਾਹ ਵਿਚ ਹੀ ਪਕੜੇ ਜਾਂਦੇ ਹਨ, ਕਿਉਂਕਿ ਗੁਰੂ ਅੰਤਰਜਾਮੀ ਹੁੰਦਾ ਹੈ ਅਤੇ ਅੰਦਰਲੀ ਗੱਲ ਨੂੰ ਜਾਣਦਾ ਹੈ।

ਭਾਈ ਲਾਲੋ ਤੇ ਮਲਕ ਭਾਗੋ ਦੀ ਕਥਾ ਜੋ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਆਉਂਦੀ ਹੈ, ਉਹ ਕਥਾ ਪਾਪ ਪੁੰਨ ਦੇ ਭਾਵ ਨੂੰ ਹੀ ਦਰਸਾਉਂਦੀ ਹੈ। ਏਮਨਾਬਾਦ (ਸੈਦਪੁਰ) ਦੇ ਹਾਕਮ ਦਾ ਨਾਮ ਸੀ ਜਾਲਿਮ ਖਾਂ। ਪਰ ਹੈ ਵੀ ਬੜਾ ਜਾਲਿਮ ਸੀ।

ਇਸ ਜਾਲਿਮ ਖਾਂ ਦਾ ਅਗੋਂ ਇਕ ਮੰਤਰੀ ਸੀ, ਜਿਸ ਦਾ ਨਾਮ ਸੀ ਮਲਕ ਭਾਗੋ। ਜਾਲਿਮ ਖਾਂ ਤਾਂ ਪਠਾਣ ਸੀ, ਪਰ ਮਲਕ ਭਾਗੋ ਖਤਰੀ ਸੀ। ਪਰ ਹੈ ਬੜਾ ਕਟੜ, ਛੂਆ ਛੂਤ ਦਾ ਧਾਰਨੀ ਤੇ ਰਿਸ਼ਵਤ ਖੋਰ ਬੰਦਾ ਸੀ। ਇਸ ਦੇ ਹੱਥੋਂ ਗਰੀਬ ਲੋਕ ਅਤਿ ਦੇ ਦੁਖੀ ਸਨ। ਜਦੋਂ ਗੁਰਦੇਵ ਗੁਰੂ ਨਾਨਕ ਸਾਹਿਬ ਜੀ ਏਥੇ ਪਹੁੰਚੇ ਸਨ ਤਾਂ ਇਸ ਮਲਕ ਭਾਗੋ ਨੇ ਆਪਣੇ ਮਰ ਚੁੱਕੇ ਬਾਪ ਦੇ ਨਾਮ ਦਾ ਬ੍ਰਹਮ ਭੋਜਨ ਕਰਨ ਵਾਸਤੇ ਸਾਰੇ ਏਮਨਾਬਾਦ (ਸੈਦਪੁਰ) ਦੇ ਲੋਕਾਂ ਨੂੰ ਆਪਣੇ ਘਰ ਸਦਿਆ ਸੀ। ਗੁਰੂ ਨਾਨਕ ਦੇਵ ਜੀ ਇਕ ਗਰੀਬ ਤਰਖਾਣ ਸਿੱਖ ਭਾਈ ਲਾਲੋ ਦੇ ਘਰ ਆ ਕੇ ਰੁਕੇ ਹੋਏ ਸਨ। ਮਲਕ ਵਲੋਂ ਕੀਤੇ ਜਾ ਰਹੇ ਬ੍ਰਹਮ ਭੋਜਨ ਵਿੱਚ ਸ਼ਾਮਿਲ ਹੋਣ ਵਾਸਤੇ, ਗੁਰੂ ਨਾਨਕ ਦੇਵ ਜੀ ਨੂੰ ਵੀ ਸੱਦਾ ਦਿੱਤਾ ਗਿਆ। ਪਰ ਗੁਰੂ ਨਾਨਕ ਸਾਹਿਬ ਮਲਕ ਦੇ ਇਸ ਬ੍ਰਹਮ ਭੋਜਨ ਵਿਚ ਸ਼ਾਮਿਲ ਨਾ ਹੋਏ। ਮਲਕ ਨੇ ਆਪਣੇ ਪ੍ਰੋਹਤਾਂ ਤੋਂ ਪੁਛਿਆ ਕਿ ਕੋਈ ਐਸਾ ਬੰਦਾ ਵੀ ਹੈ ਜੋ ਮੇਰੇ ਘਰ ਅੱਜ ਬ੍ਰਹਮ ਭੋਜਨ ਵਿਚ ਸ਼ਾਮਿਲ ਨਾ ਹੋਇਆ ਹੋਵੇ? ਇਕ ਪ੍ਰੋਹਤ ਨੇ ਮਲਕ ਨੂੰ ਦੱਸਿਆ ਕਿ ਜਿਸ ਨੂੰ ਲੋਕ ਨਾਨਕ ਤਪਾ ਕਹਿੰਦੇ ਹਨ, ਉਹ ਤੁਹਾਡੇ ਘਰ ਸ਼ਾਮਿਲ ਨਹੀਂ ਹੋਇਆ। ਮਲਕ ਭਾਗੋ ਸੋਚਣ ਲਗਾ ਕਿ ਮੈਂ ਤਾਂ ਆਪਣੇ ਘਰ ਆਉਣ ਦਾ ਕਿਸੇ ਨੂੰ ਸੱਦਾ ਨਾ ਵੀ ਦੇਵਾਂ, ਤਾਂ ਵੀ ਲੋਕ ਮੇਰਾ ਘਰ ਲੱਭਦੇ ਰਹਿੰਦੇ ਹਨ, ਪਰ ਇਹ ਨਾਨਕ ਤਪਾ ਸੱਦਾ (ਨਿਮੰਤਰਨ) ਦੇਣ ਤੇ ਵੀ ਨਹੀਂ ਆਇਆ। ਕਾਰਨ ਕੀ ਹੈ? ਸਮਾਜ ਦੀ ਦੁਨੀਆਂ ਵਿਚ ਮਲਕ ਦੀ ਬੜੀ ਗੱਲ ਸੀ, ਚਰਚਾ ਸੀ। ਹਰ ਪਾਸੇ ਮਲਕ ਭਾਗੋ ਦੀ ਜੈ ਜੈ ਕਾਰ ਹੋ ਰਹੀ ਸੀ। ਸਮਾਜ ਦੇ ਲੋਕ ਚਰਚਾ ਕਰਦੇ ਸਨ ਕਿ ਬੜਾ ਵੱਡਾ ਬ੍ਰਹਮ ਭੋਜਨ ਮਲਕ ਵਲੋਂ ਕੀਤਾ ਜਾ ਰਿਹਾ ਹੈ। ਨਾਲ ਸੋਨੇ ਚਾਂਦੀ ਦੀਆਂ ਅਸ਼ਰਫੀਆਂ ਦਾਨ ਦਖਸ਼ਣਾ ਵਜੋਂ ਦਿੱਤੀਆਂ ਜਾ ਰਹੀਆਂ ਹਨ। ਏਥੇ ਇਕ ਬੜੇ ਧਿਆਨ ਯੋਗ ਵਿਚਾਰ ਹੈ ਕਿ ਬਹੁਤੇ ਵੱਡੇ ਸੰਤ ਮਹੰਤ ਕਹਾਉਣ ਵਾਲੇ ਮਲਕ ਭਾਗੋ ਦੇ ਘਰ ਹੀ ਜਾਂਦੇ ਹਨ। ਉਹ ਨਾ ਵੀ ਬੁਲਾਏ ਤਾਂ ਵੀ ਮਲਕ ਦਾ ਘਰ ਲੱਭਦੇ ਰਹਿੰਦੇ ਹਨ। ਏਨਾਂ ਸਾਰਿਆਂ ਦਾ ਇਕੱਠ ਏਨਾਂ ਮਲਕਾਂ ਦੇ ਘਰ ਹੀ ਵੇਖਣ ਨੂੰ ਮਿਲਦਾ ਹੈ। ਲਾਲੋ ਦੇ ਘਰ ਤਾਂ ਬੜੀ ਮੁਸ਼ਕਿਲ ਨਾਲ ਕੋਈ ਜਾਂਦਾ ਹੈ। ਕਿਉਂਕਿ ਲਾਲੋ ਦੇ ਘਰ ਕੋਈ ਸੋਨੇ ਦੀਆਂ ਅਸ਼ਰਫੀਆਂ ਦਖਸ਼ਣਾ ਨਹੀਂ ਮਿਲਦੀ। ਲਾਲੋ ਗਰੀਬ ਹੈ। ਗਰੀਬਾਂ ਦੇ ਘਰ ਗੁਰੂ ਨਾਨਕ ਤੋਂ ਇਲਾਵਾ ਹੋਰ ਨਹੀਂ ਜਾਂਦੇ। ਕਿਉਂਕਿ ਗੁਰੂ ਗਰੀਬ ਨਿਵਾਜ ਹੁੰਦੇ ਹਨ। ਮਹਾਂਪੁਰਖਾਂ ਨੂੰ ਗਰੀਬ ਨਿਵਾਜ ਆਖਿਆ ਜਾਂਦਾ ਹੈ। ਕਿਉਂਕਿ ਮਹਾਂਪੁਰਖ ਅਮੀਰਾਂ ਨੂੰ ਨਹੀਂ, ਬਲਕਿ ਗਰੀਬਾਂ ਨੂੰ ਨਿਵਾਜਦੇ ਹਨ। ਇਤਿਹਾਸ ਦੀ ਕਲਾ ਹਮੇਸ਼ਾ ਸੁਰਜੀਤ ਰਹਿੰਦੀ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਦੁਯੋਧਨ ਵਰਗੇ ਹੰਕਾਰ ਦੇ ਮਾਰੇ ਹੋਏ ਪਾਮਰ ਬੰਦੇ ਦੇ ਦਰਵਾਜੇ ਤੋਂ ਮੁੜ ਕੇ ਕ੍ਰਿਸ਼ਨ ਵਰਗੇ ਮਹਾਂਪੁਰਖ, ਬਿਦਰ ਗਰੀਬ ਦੀ ਝੁਗੀ ਵਿਚ ਚਲੇ ਜਾਂਦੇ ਹਨ। ਗਰੀਬ ਸੁਦਾਮੇ ਦੇ ਹੱਥੋਂ ਕੱਚੇ ਚੌਲ

ਵੀ ਬੜੀ ਖੁਸ਼ੀ ਤੇ ਪ੍ਰੇਮ ਨਾਲ ਖਾਂਦੇ ਹਨ। ਕਿਉਂਕਿ ਮਹਾਪੁਰਖਾਂ ਦਾ ਬਿਰਦ, ਗਰੀਬ ਨਿਵਾਜ ਹੁੰਦਾ ਹੈ।

ਦੋਹਰਾ– *ਭਾਜੀ ਲੀਨੀ ਬਿਦਰ ਕੀ ਦਰਯੋਧਨ ਤਜ ਰਾਜ॥*
ਦਿਜਬਰ ਕੇ ਤੰਦੁਲ ਲਏ, ਬਿਰਦ ਗਰੀਬ ਨਿਵਾਜ॥
(ਸ੍ਰੀ ਨਾਨਕ ਪ੍ਰਕਾਸ਼)

ਸ੍ਰੀ ਰਾਮ ਚੰਦਰ ਜੀ, ਗਰੀਬ ਭੀਲਣੀ ਦੀ ਝੁੱਗੀ ਵਿਚ ਚਲੇ ਜਾਂਦੇ ਹਨ। ਏਥੋਂ ਤਕ ਕਿ ਭੀਲਣੀ ਦੇ ਜੂਠੇ ਬੇਰ ਵੀ ਖਾ ਲੈਂਦੇ ਹਨ। ਕਿਉਂਕਿ ਗਰੀਬੀ ਨਾਲ ਭਾਵਨਾ ਵੀ ਜੁੜੀ ਹੁੰਦੀ ਹੈ।

ਜਾਤ ਭੀਲਣੀ ਨੀਚ ਕੇ ਜੂਠੇ ਲੀਨੇ ਬੇਰ॥
ਕੇਵਲ ਭਾਵ ਸੁਭਾਵਈ ਗੁਣ ਅਵਗੁਣ ਨ ਹੇਰ॥ *(ਸ੍ਰੀ ਨਾਨਕ ਪ੍ਰਕਾਸ਼)*

ਮਹਾਂਪੁਰਖਾਂ ਦਾ ਬਿਰਦ ਗਰੀਬ ਨਿਵਾਜ ਹੁੰਦਾ ਹੈ। ਮਹਾਂਪੁਰਖ, ਮਨੁੱਖ ਦਾ ਮਨ ਦੇਖਦੇ ਹਨ, ਤਨ ਜਾਂ ਧਨ ਨਹੀਂ। ਇਤਿਹਾਸ ਦੀ ਕਲਾ ਸੁਰਜੀਤ ਰਹਿੰਦੀ ਹੈ। ਕ੍ਰਿਸ਼ਨ ਬਿਦਰ ਨੂੰ ਨਿਵਾਜਦੇ ਹਨ ਅਤੇ ਰਾਮ ਚੰਦਰ ਭੀਲਣੀ ਨੂੰ ਨਿਵਾਜਦੇ ਹਨ। ਇਤਿਹਾਸ ਆਪਣੇ ਆਪ ਨੂੰ ਫਿਰ ਦੁਹਰਾਉਂਦਾ ਹੈ ਤਾਂ ਗੁਰੂ ਨਾਨਕ ਭਾਈ ਲਾਲੋ ਨੂੰ ਨਿਵਾਜਦੇ ਹਨ। ਭਾਈ ਲਾਲੋ ਜੋ ਸੂਦਰ ਸੂਦਰ ਕਰਕੇ ਸਮਾਜ ਵਲੋਂ ਤ੍ਰਿਸਕਾਰਿਆ ਗਿਆ ਹੈ। ਗੁਰੂ ਨਾਨਕ ਸਾਹਿਬ ਉਸ ਦੇ ਘਰ ਆਣ ਬਿਰਾਜੇ ਹਨ। ਭਾਈ ਲਾਲੋ ਸੋਚ ਵੀ ਨਹੀਂ ਸੀ ਸਕਦਾ ਕਿ ਗੁਰੂ ਨਾਨਕ ਸਾਹਿਬ ਵਰਗੇ ਮਹਾਨ ਸਤਿਗੁਰੂ ਮੇਰੇ ਘਰ ਆ ਕੇ ਰਹਿਣਗੇ। ਪਰ ਗੁਰੂ ਅੰਤਰਜਾਮੀ ਹੁੰਦੇ ਹਨ ਤੇ ਮਨੁੱਖ ਦੀ ਅੰਤਰ ਦੀ ਹਾਲਤ ਨੂੰ ਜਾਣਦੇ ਹੁੰਦੇ ਹਨ।

ਮਲਕ ਭਾਗੋ ਨੇ ਆਪਣਾ ਇਕ ਆਦਮੀ ਗੁਰੂ ਨਾਨਕ ਸਾਹਿਬ ਜੀ ਕੋਲ ਭੇਜਿਆ ਕਿ ਉਹਨਾਂ ਨੂੰ ਕਹੋ ਕਿ ਮੇਰੇ ਘਰ ਆਵੇ? ਆਦਮੀ ਆਇਆ ਤੇ ਕਹਿਣ ਲਗਾ, ਤਪਾ ਜੀ! ਮਲਕ ਆਪ ਨੂੰ ਯਾਦ ਕਰ ਰਿਹਾ ਹੈ। ਓਹਦੇ ਘਰ ਤਾਂ ਬੜੇ ਕੀਰਤਨ ਹੋ ਰਹੇ ਹਨ। ਬੜੇ ਬੜੇ ਵੇਦਾਂਤੀ ਪੰਡਿਤ ਵੇਦਾਂ ਦੀ ਕਥਾ ਕਰ ਰਹੇ ਹਨ। ਬੜੀ ਮਹਿਮਾ ਹੈ ਉਸ ਦੀ, ਸਮੁੱਚੇ ਦੇਸ਼ ਦੇ ਚੋਟੀ ਦੇ ਸੰਤ ਉਸ ਦੇ ਘਰ ਆਏ ਹੋਏ ਹਨ। ਤੁਸੀਂ ਕਿਉਂ ਨਹੀਂ ਜਾਂਦੇ? ਹੁਣ ਸੰਤਾਂ ਦੀ ਮਹਾਨਤਾ ਦਾ ਤਾਂ ਏਥੋਂ ਹੀ ਪਤਾ ਲਗ ਜਾਂਦਾ ਹੈ ਕਿ ਮਲਕ ਭਾਗੋ ਦੇ ਘਰ ਬੈਠੇ ਹਨ। ਯਾਨੀ ਕਿ ਇਕ ਧਨਵਾਨ ਦੇ ਘਰ ਬੈਠੇ ਹਨ। ਕਿਸੇ ਨਿਰਧਨ ਦੇ ਘਰ ਜਾਂਦੇ ਤਾਂ ਉਹਨਾਂ ਦੀ ਮਹਾਨਤਾ ਦਾ ਪਤਾ ਲਗਦਾ। ਪਰ ਇਹ ਦੁਨੀਆਂ ਹੈ, ਅੰਧਿਆਂ ਦੀ ਦੁਨੀਆਂ ਹੈ। ਉਹਨਾਂ ਨੂੰ ਮਾਣ ਦੇਈ ਜਾਂਦੀ ਹੈ ਜੋ ਧਨਵਾਨਾਂ ਦੇ ਬਣਾਏ ਹੋਏ ਸੰਤ ਹਨ। ਸਮਾਜ ਨੂੰ ਜਾਂ ਤਨ ਦਿਸਦਾ ਹੈ ਜਾਂ ਧਨ ਦਿਸਦਾ ਹੈ। ਪਰ ਮਹਾਂਪੁਰਖਾਂ ਦੀ ਨਜ਼ਰ ਮਨ ਤਕ ਦੇਖਦੀ ਹੈ। ਸੱਦਾ ਦੇਣ ਆਏ ਹੋਏ ਉਸ ਪ੍ਰੋਹਤ ਨੂੰ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ "ਮਲਕ ਵਰਗੇ

ਬੰਦਿਆਂ ਵਲੋਂ ਦਿੱਤਾ ਹੋਇਆ ਦਾਨ, ਪਰਮਾਤਮਾ ਪ੍ਰਵਾਨ ਨਹੀਂ ਕਰਦਾ। ਮੈਂ ਇਸ ਬ੍ਰਹਮ ਭੋਜ ਵਿਚ ਸ਼ਾਮਿਲ ਨਹੀਂ ਹੋਣਾ।" ਉਸ ਸੱਦਾ ਦੇਣ ਆਏ ਪ੍ਰੋਹਤ ਨੇ ਵਾਪਿਸ ਜਾ ਕੇ ਮਲਕ ਨੂੰ ਕਿਹਾ ਕਿ ਨਾਨਕ ਤਪੇ ਨੇ ਜੁਆਬ ਦੇ ਦਿੱਤਾ ਹੈ, ਉਹ ਕਹਿੰਦਾ ਹੈ ਕਿ ਮਲਕ ਦੇ ਬ੍ਰਹਮ ਭੋਜਨ ਵਿਚ ਮੈਂ ਨਹੀਂ ਸ਼ਾਮਿਲ ਹੋਣਾ। ਮਲਕ ਭਾਗੋ ਇਹ ਜੁਆਬ ਸੁਣ ਕੇ ਬੜਾ ਹੈਰਾਨ ਹੋਇਆ ਕਹਿਣ ਲਗਾ, "ਮੇਰੇ ਘਰ ਵਿਦਵਾਨ ਆਏ ਹਨ, ਧਨਵਾਨ ਆਏ ਹਨ, ਸੰਤ ਮਹੰਤ ਆਦਿ ਸਾਰੇ ਆਏ ਹਨ। ਪਰ ਇਕ ਸਾਧ ਨਹੀਂ ਆਇਆ।" ਹੰਕਾਰ ਨੂੰ ਬੜੀ ਸੱਟ ਲਗਦੀ ਹੈ, ਇਸ ਤਰ੍ਹਾਂ ਦਾ ਜੁਆਬ ਸੁਣ ਕੇ ਮਲਕ ਨੂੰ ਬੜਾ ਵੱਟ ਚੜ੍ਹਿਆ ਤੇ ਕਹਿਣ ਲਗਾ, "ਕਿ ਪੰਜ ਸਿਪਾਹੀ ਲੈ ਜਾਉ ਤੇ ਨਾਨਕ ਤਪਾ ਨੂੰ ਬਾਈ ਆਰਡਰ, (ਜਬਰਦਸਤੀ) ਲੈ ਕੇ ਆਉ।

ਦੋਹਰਾ– ***ਲੇਕਰ ਪਾਂਚਕ ਮਨੁੱਖ ਪੁਨ ਦਿਜ ਤਬ ਗਯੋ ਰਿਸਾਇ॥***
ਊਚੇ ਬਚਨ ਉਚਾਰ ਕੈ ਨਾਨਕ ਲਏ ਬੁਲਾਏ॥

(ਸ੍ਰੀ ਨਾਨਕ ਪ੍ਰਕਾਸ਼)

ਉਹ ਪ੍ਰੋਹਤ ਪੰਜ ਕੁ ਆਦਮੀ ਲੈ ਕੇ ਆਇਆ ਤੇ ਗੁਰੂ ਨਾਨਕ ਸਾਹਿਬ ਨੂੰ ਕਹਿਣ ਲਗਾ ਕਿ ਚਲੋ! ਨਹੀਂ ਤਾਂ ਜਬਰਦਸਤੀ ਲੈ ਕੇ ਜਾਣਾ ਪਏਗਾ। ਗੁਰਦੇਵ ਭਾਈ ਲਾਲੋ ਨੂੰ ਕਹਿਣ ਲਗੇ ਲਾਲੋ! ਆਪਣੇ ਘਰ ਬਣੇ ਹੋਏ ਭੋਜਨ ਵਿਚੋਂ ਇਕ ਰੋਟੀ ਨਾਲ ਲੈ ਤੇ ਸਾਡੇ ਨਾਲ ਚਲ। ਭਾਈ ਲਾਲੋ ਨੇ ਰੋਟੀ ਲੈ ਲਈ ਤੇ ਗੁਰਦੇਵ ਦੇ ਨਾਲ ਚਲ ਪਿਆ। ਮਲਕ ਭਾਗੋ ਕੋਲ ਪਹੁੰਚੇ ਤਾਂ, ਮਲਕ ਨੇ ਪਹਿਲਾਂ ਏਹੀ ਪੁਛਿਆ ਕਿ ਮੇਰੇ ਘਰ ਹਵਨ ਯੱਗ ਹੋ ਰਹੇ ਹਨ। ਕਥਾ ਕੀਰਤਨ ਹੋ ਰਹੇ ਹਨ। ਸੰਤ ਮਹੰਤ ਆਏ ਹਨ। ਬ੍ਰਹਮ ਭੋਜ ਹੋ ਰਿਹਾ ਹੈ। ਤੁਸੀਂ ਮੇਰੇ ਵਲੋਂ ਦਿੱਤਾ ਨਿਮੰਤਰਨ ਤਿੰਨ ਵਾਰੀ ਠੁਕਰਾਇਆ ਹੈ। ਮੇਰਾ ਘਰ ਤਾਂ ਤੁਹਾਡੇ ਵਰਗੇ ਸੰਤ ਆਪੇ ਹੀ ਲਭਦੇ ਰਹਿੰਦੇ ਹਨ, ਪਰ ਤੁਸੀਂ ਮੇਰੇ ਸੱਦੇ ਤੇ ਵੀ ਨਹੀਂ ਆਉਂਦੇ, ਆਖਰ ਕਾਰਨ ਕੀ ਹੈ?

ਗੁਰਦੇਵ ਕਹਿਣ ਲਗੇ "ਮਲਕ! ਮੈਨੂੰ ਨਾ ਹੀ ਪੁੱਛੇਂ ਤਾਂ ਚੰਗਾ ਹੈ, ਵਰਨਾ ਤੂੰ ਪਛਤਾਏਂਗਾ। ਇਹ ਜੋ ਹੋਮ ਯੱਗ, ਕਥਾ ਕੀਰਤਨ ਤੇ ਬ੍ਰਹਮ ਭੋਜ ਦੇ ਪਰਦੇ ਹੇਠ ਛਿਪਿਆ ਹੈ, ਇਹ ਮੈਨੂੰ ਸਭ ਪਤਾ ਹੈ। ਜੇ ਮੈਂ ਇਹ ਪਰਦੇ ਦੀ ਚਾਦਰ ਉਘਾੜ ਦਿੱਤੀ ਤਾਂ ਤੂੰ ਬੜਾ ਸ਼ਰਮਸ਼ਾਰ ਹੋਵੇਂਗਾ। ਇਸ ਵਾਸਤੇ ਤੂੰ ਨਾ ਹੀ ਪੁੱਛੇਂ ਤਾਂ ਚੰਗਾ ਹੈ।" ਪਰ ਕਹਿੰਦੇ ਹਨ ਕਿ ਲੰਮੀ ਬੀਮਾਰੀ ਦੇ ਮਰੀਜ਼ ਨੂੰ ਆਪਣਾ ਮਰਜ਼ (ਰੋਗ) ਨਹੀਂ ਦਿਸਦਾ। ਮਨੋ ਵਿਗਿਆਨੀਆਂ ਦਾ ਖ਼ਿਆਲ ਹੈ ਕਿ ਲੰਮੇ ਸਮੇਂ ਤਕ ਕੋਈ ਮਨੁੱਖ ਪਾਪ ਤੇ ਅਨਰਥ ਕਰਦਾ ਰਹੇ ਤਾਂ, ਉਸ ਨੂੰ ਉਸ ਦੇ ਪਾਪ ਤੇ ਅਨਰਥਾਂ ਦਾ ਪਤਾ ਹੀ ਨਹੀਂ ਲਗਦਾ। ਮਲਕ ਭਾਗੋ ਤਾਂ ਬਹੁਤ ਲੰਮੀ ਤੇ ਦੀਰਘ ਬੀਮਾਰੀ ਦਾ ਸ਼ਿਕਾਰ ਹੈ। ਵੈਸੇ ਤਾਂ ਸੰਸਕਾਰ ਕਰਕੇ ਸਾਰਾ ਸੰਸਾਰ ਰੋਗੀ ਹੈ।

ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ (ਪੰਨਾ ੧੧੪੦)

ਪਰ ਮਲਕ ਭਾਗੋ ਬਾਕੀ ਰੋਗਾਂ ਦੇ ਨਾਲ ਨਾਲ ਹਉਮੈ ਦੇ ਦੀਰਘ ਰੋਗ ਦਾ ਮਰੀਜ਼ ਹੈ। ਉਸ ਨੂੰ ਆਪਣੀ ਬੀਮਾਰੀ ਦਿਸਦੀ ਨਹੀਂ। ਮਲਕ, ਗੁਰਦੇਵ ਨੂੰ ਕਹਿਣ ਲਗਾ ਕਿ "ਜੋ ਮੇਰਾ ਪਰਦਾ ਉਘਾੜਨਾ ਹੈ ਉਘਾੜ ਦਿਉ। ਮੈਂ ਤਾਂ ਭਲਾ ਕਰਮ ਕਰਦਾ ਹਾਂ, ਹੋਮ ਯੱਗ ਕਰਦਾ ਹਾਂ। ਕਥਾ ਕੀਰਤਨ ਹੋ ਰਹੇ ਹਨ। ਬ੍ਰਹਮ ਭੋਜ ਚਲ ਰਹੇ ਹਨ। ਮੈਂ ਕੋਈ ਪਾਪ ਨਹੀਂ ਕਰ ਰਿਹਾ, ਜੋ ਤੁਸਾਂ ਪਰਦਾ ਨਗਨ ਕਰਨਾ ਹੈ, ਕਰ ਦਿਉ?"

ਦੋਹਰਾ– ਸੁਨ ਸ੍ਰੋਨਨ ਸ੍ਰੀ ਗੁਰ ਭਨੈ, ਆਨਹੁ ਅਬਹਿ ਅਹਾਰ॥
ਬ੍ਰਹਮ ਭੋਜ ਮਹਿ ਜੋ ਕਰਯੋ, ਰਹੇ ਨਾ ਚਾਹਿ ਤੁਮਾਰ॥

ਗੁਰਦੇਵ ਨੇ ਮਲਕ ਨੂੰ ਕਿਹਾ ਕਿ, ਲਿਆਉ ਆਪਣੇ ਬ੍ਰਹਮ ਭੋਜਨ ਦਾ ਥਾਲ ਪ੍ਰੋਸ ਕੇ, ਤੁਹਾਨੂੰ ਦਿਖਾਈਏ ਕਿ ਤੁਹਾਡਾ ਬ੍ਰਹਮ ਭੋਜ ਕੀ ਹੈ? ਨਾਲ ਹੀ ਗੁਰਦੇਵ ਨੇ ਭਾਈ ਲਾਲੋ ਨੂੰ ਕਿਹਾ ਕਿ ਜਿਹੜੀ ਇਕ ਰੋਟੀ ਆਪਣੇ ਘਰੋਂ ਲਿਆਇਆ ਹੈਂ ਉਹ ਮੈਨੂੰ ਦੇਹ?

ਚੌਪਈ– ਤਿਹ ਸੋ ਕਹਿ ਲਾਲੋ ਸੋ ਭਾਖਾ॥
ਆਨਹੁ ਅਸਨ ਹੋਇ ਕੁਛ ਰਾਖਾ॥

ਲਾਲੋ ਨੇ ਉਹ ਕੋਧਰੇ ਦੇ ਆਟੇ ਦੀ ਬਣੀ ਹੋਈ ਸੁੱਕੀ ਇਕ ਰੋਟੀ, ਗੁਰਦੇਵ ਨੂੰ ਦਿੱਤੀ। ਮਲਕ ਦੇ ਘਰ ਦਾ ਬਣਿਆ ਹੋਇਆ ਸਨਿਗਧ ਪਕਵਾਨ ਵੀ ਆ ਗਿਆ। ਮਲਕ ਦੇ ਪਕਵਾਨ ਵਿਚੋਂ ਗੁਰਦੇਵ ਨੇ ਆਪਣੇ ਖੱਬੇ ਹੱਥ ਨਾਲ ਇਕ ਪੂੜੀ ਪਕੜ ਲਈ ਅਤੇ ਭਾਈ ਲਾਲੋ ਦੀ ਰੋਟੀ ਸੱਜੇ ਹੱਥ ਵਿਚ ਪਕੜ ਕੇ ਦੋਵੇਂ ਹੱਥਾਂ ਨੂੰ ਨਪੀੜਿਆ।

ਦੋਹਰਾ– ਬਾਵੇ ਕਰ ਮਹਿ ਪੂਪ ਲੈ, ਦਾਹਨ ਟੁਕੜਾ ਧਾਰ॥
ਹਾਥ ਝਪੀੜੇ ਜੁਗਲ ਜਪ, ਹੇਰਤ ਲੋਕ ਅਪਾਰ॥
ਇਕ ਦਿਸ਼ ਦੂਧ ਪਰਤ ਧਰ ਮਾਹੀ॥
ਇਕ ਦਿਸ਼ ਸ੍ਰੋਣਿਤ ਨਿਚੁਰਤ ਤਾਹੀ॥

ਜਦ ਗੁਰਦੇਵ ਨੇ ਦੋਵੇਂ ਹੱਥ ਨਪੀੜੇ ਤਾਂ ਮਲਕ ਦੀਆਂ ਪੂੜੀਆਂ ਵਿਚੋਂ ਖੂਨ ਟਪਕਣ ਲਗਾ ਅਤੇ ਲਾਲੋ ਦੇ ਭੋਜਨ ਵਿਚੋਂ ਦੁੱਧ ਵਹਿਣ ਲਗ ਪਿਆ। ਗੁਰਦੇਵ ਮਲਕ ਨੂੰ ਕਹਿਣ ਲਗੇ, "ਭਾਗੋ! ਮੈਨੂੰ ਤੂੰ ਕਹਿੰਦਾ ਸੈਂ ਕਿ ਮੈਂ ਤੇਰੇ ਘਰ ਕਿਉਂ ਨਹੀਂ ਆਉਂਦਾ। ਮੈਂ ਤੇਰੇ ਘਰ ਇਕੱਠਾ ਕੀਤਾ ਹੋਇਆ ਗਰੀਬਾਂ ਦਾ ਖੂਨ ਨਹੀਂ ਪੀ ਸਕਦਾ। ਮੈਂ ਦੁੱਧ ਪੀ ਸਕਦਾ ਹਾਂ, ਤੇ ਉਹ ਦੁੱਧ ਭਾਈ ਲਾਲੋ ਵਰਗੇ ਕਿਰਤੀਆਂ ਦੀ ਕਿਰਤ ਵਿਚ ਹੁੰਦਾ ਹੈ। ਏਸ ਕਰਕੇ ਮੈਂ ਲਾਲੋ ਦੇ ਘਰ ਹੀ ਜਾਣਾ ਪਸੰਦ ਕਰਦਾ ਹਾਂ। ਇਹ ਜੋ ਸਾਰੇ ਦੇਸ਼ ਦੇ ਸੰਤ, ਮਹੰਤ, ਪੰਡਿਤ ਗਿਆਨੀ ਤੇਰੇ ਘਰ ਇਕੱਠੇ ਹੋ ਕੇ, ਤੇਰੇ

ਗੁਣ ਗਾ ਰਹੇ ਹਨ, ਇਹ ਸਾਰੇ ਤੇਰੇ ਵਲੋਂ ਗਰੀਬਾਂ ਦਾ ਇਕੱਠਾ ਕੀਤਾ ਹੋਇਆ ਖੂਨ ਹੀ ਪੀ ਰਹੇ ਹਨ। ਮੈਂ ਇਹ ਖੂਨ ਨਹੀਂ ਪੀ ਸਕਦਾ। ਮਲਕ ਭਾਗੋ ਇਹ ਕ੍ਰਿਸ਼ਿਮਾ (ਕੌਤਿਕ) ਦੇਖ ਕੇ ਬੜਾ ਘਬਰਾਇਆ ਤੇ ਗੁਰਦੇਵ ਦੇ ਚਰਨੀ ਡਿੱਗਾ। ਕਹਿਣ ਲਗਾ ਕਿ ਮੈਨੂੰ ਬਖਸ਼ ਲਉ। ਵਾਕਿਆ ਹੀ ਜੋ ਮੈਂ ਮਨ ਕਰਕੇ ਇਹਨਾਂ ਗਰੀਬਾਂ ਨਾਲ ਜ਼ੁਲਮ ਕਰਦਾ ਹਾਂ ਉਹ ਕੋਈ ਨਹੀਂ ਪਕੜ ਸਕਦਾ।

ਮਲਕ ਭਾਗੋ ਵਰਗੇ ਪਾਪੀਆਂ ਨੂੰ ਸਮਾਜ ਜਾਂ ਕਾਨੂੰਨ ਨਹੀਂ ਪਕੜ ਸਕਦਾ। ਕਿਸੇ ਹੱਦ ਤਕ ਸਮਾਜ ਮਲਕ ਭਾਗੋਆਂ ਦੀ ਮਹਿਮਾ ਹੀ ਗਾਇਨ ਕਰਦਾ ਰਹਿੰਦਾ ਹੈ। ਕਾਨੂੰਨ ਨੇ ਏਨ੍ਹਾਂ ਪਾਪੀਆਂ ਨੂੰ ਕੀ ਪਕੜਨਾ ਹੈ? ਕਾਨੂੰਨ ਨੂੰ ਤਾਂ ਚਲਾਉਂਦੇ ਹੀ ਏਹ ਪਾਪੀ ਲੋਕ ਹਨ। ਪਾਪੀ ਨੂੰ ਸਜਾ ਮਿਲਦੀ ਹੈ ਪ੍ਰਭੂ ਦੀ ਦਰਗਾਹ ਵਿਚ। ਪਾਪੀ ਨੂੰ ਕੇਵਲ ਸਚਾ ਗੁਰੂ ਹੀ ਪਕੜ ਸਕਦਾ ਹੈ। ਪ੍ਰਭੂ ਦੀ ਦਰਗਾਹ ਵਿਚ ਪਾਪੀਆਂ ਨੂੰ ਸਜਾ ਮਿਲਦੀ ਹੈ।

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ, ਤਿਉ ਮਥੇ ਧ੍ਰਮ ਰਾਇ॥ ੯॥ (ਪੰਨਾ ੧੪੨੫)

ਦਰਅਸਲ ਅਗਿਆਨ ਵੱਸ ਮਨੁੱਖ ਪਾਪ ਤੇ ਪੁੰਨ ਨੂੰ ਸਮਝ ਨਹੀਂ ਸਕਿਆ। ਬਹੁਤ ਸਾਰੇ ਮਜਹਬਾਂ ਤੇ ਮਤਾਂ ਵਲੋਂ ਧਰਮ ਦੇ ਨਾਮ ਤੇ ਪਾਪ ਦਾ ਹੀ ਪ੍ਰਚਾਰ ਜ਼ਿਆਦਾ ਹੋਇਆ ਹੈ ਅਤੇ ਅਜ ਵੀ ਕਰ ਰਹੇ ਹਨ।

ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ॥ (ਪੰਨਾ ੧੩੨੯)

ਧਰਮ ਮੰਦਰਾਂ ਵਿਚ ਧਰਮ ਦੇ ਨਾਮ ਤੇ ਪਸ਼ੂ ਪੰਛੀਆਂ ਦੀਆਂ ਬਲੀਆਂ ਵੀ ਦੇ ਦਿੱਤੀਆਂ ਜਾਂਦੀਆਂ ਹਨ। ਕੁਝ ਪ੍ਰਾਂਤਾਂ ਵਿਚ ਇਹ ਕਿਰਿਆ ਅਜੇ ਵੀ ਹੁੰਦੀ ਹੈ ਤੇ ਲੋਕ ਇਸ ਨੂੰ ਧਰਮ ਦਾ ਕਰਮ ਸਮਝਦੇ ਹਨ। ਸਾਡੇ ਦੇਸ਼ ਵਿਚ ਤਾਂ ਬੰਦਿਆਂ ਦੀ ਬਲੀ ਵੀ ਪੱਥਰ ਦੀਆਂ ਮੂਰਤੀਆਂ ਅਗੇ ਦੇ ਦਿੱਤੀ ਜਾਂਦੀ ਹੈ।

ਪਾਪ ਕੀ ਹੈ, ਪੁੰਨ ਕੀ ਹੈ? ਸੰਖੇਪ ਵਿਚ ਪਾਪ ਤੇ ਪੁੰਨ ਦੀ ਵਿਆਖਿਆ ਏਨੀ ਹੈ ਕਿ ਮਨੁੱਖ ਦੀ ਜਿਸ ਕਿਰਿਆ ਦੁਆਰਾ ਦੂਜੇ ਨੂੰ ਦੁਖ ਮਿਲੇ ਉਹ ਪਾਪ ਹੈ ਅਤੇ ਜਿਸ ਕਿਰਿਆ ਦੁਆਰਾ ਸੁਖ ਮਿਲੇ ਉਹ ਪੁੰਨ ਹੈ। ਜਿਹੜਾ ਆਦਮੀ ਪਾਪ ਪੁੰਨ ਦੀ ਪਛਾਣ ਕਰ ਲੈਂਦਾ ਹੈ, ਉਹ ਪਾਪ ਪੁੰਨ ਦੋਨਾ ਤੋਂ ਉੱਚਾ ਉਠ ਜਾਂਦਾ ਹੈ। ਪਾਪ ਤੇ ਪੁੰਨ ਚੰਗੇ ਤੇ ਮੰਦੇ ਸੰਸਕਾਰਾਂ ਦਾ ਨਾਮ ਹੈ, ਜੋ ਮਨੁੱਖ ਨੂੰ ਬੁਰਾ ਤੇ ਭਲਾ ਬਣਾਉਂਦੇ ਹਨ। ਜ਼ਿੰਦਗੀ ਵਿਚ ਨੇਕੀ ਇਕੱਠੀ ਕਰਨੀ ਹੈ ਅਤੇ ਬਦੀ ਨੂੰ ਮੁਕਾਉਣਾ ਹੈ। ਪਾਪ ਆਦਮੀ ਨੂੰ ਸ਼ੈਤਾਨ ਬ੍ਰਿਤੀਆਂ ਪ੍ਰਦਾਨ ਕਰਦੇ ਹਨ ਅਤੇ ਪੁੰਨ ਆਦਮੀ ਨੂੰ ਦੈਵੀ ਬ੍ਰਿਤੀਆਂ ਪ੍ਰਦਾਨ ਕਰਦੇ ਹਨ। ਸੰਸਕਾਰ ਮਿਟਾਉਣ ਦੀ ਕਲਾ ਜੋ ਹੈ, ਉਹੀ ਸਾਨੂੰ ਸੰਪੂਰਨ "ਮੌਤ ਦੀ ਕਲਾ" ਦਾ ਗਿਆਨ ਦੇਵੇਗੀ। ਕਿਉਂਕਿ ਸੰਪੂਰਨ ਮੌਤ ਸੰਸਕਾਰਾਂ

ਦੀ ਮੌਤ ਹੈ। ਬਦੀ ਦਾ ਮਰਨਾ ਸ਼ੈਤਾਨ ਦਾ ਮਰਨਾ ਹੈ, ਪਰ ਸੰਸਕਾਰਾਂ ਦਾ ਮਿਟਣਾ ਜੀਵਨ ਦਾ ਜਨਮ ਹੈ।

ਅਨੰਤ ਜਨਮਾਂ ਦੇ ਸੰਸਕਾਰ ਪਾਪ ਪੁੰਨ ਬਣ ਕੇ ਜੀਵਾਤਮਾ ਨਾਲ ਬੰਧਨ ਪਾਉਂਦੇ ਰਹਿੰਦੇ ਹਨ। ਅਨੇਕਾਂ ਜਨਮ ਪੱਥਰਾਂ, ਕੀੜਿਆਂ, ਪਤੰਗਿਆਂ, ਹਾਥੀਆਂ, ਮੱਛੀਆਂ, ਹਿਰਨਾਂ, ਘੋੜਿਆਂ ਅਤੇ ਦਰਖਤਾਂ ਬ੍ਰਿਛਾਂ ਦੇ ਰੂਪ ਵਿਚ ਇਸ ਜੀਵਾਤਮਾ ਨੇ ਹੰਢਾਏ ਹਨ। ਮਗਰ ਇਹ ਜੀਵਾਤਮਾ ਸਫਰ ਵਿਚ ਹੈ। ਜਨਮ ਮਿਲਦਾ ਅਤੇ ਫਿਰ ਮੌਤ ਮਿਲਦੀ ਹੈ।

□□□□

ਫਰਿਸ਼ਤੇ ਅਤੇ ਮੌਤ ਦੀ ਕਲਾ

ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥ (ਪੰਨਾ ੧੧੫੯)

ਦੇਵਤਿਆਂ (ਫਰਿਸ਼ਤਿਆਂ) ਦੀ ਤਾਂ ਬੜੀ ਮਹਿਮਾ ਹੈ। ਫਿਰ ਫਰਿਸ਼ਤੇ ਵੀ ਮਨੁੱਖਾ ਸਰੀਰ ਨੂੰ ਕਿਉਂ ਲੋਚਦੇ ਹਨ? ਦਰਅਸਲ ਫਰਿਸ਼ਤੇ ਵੀ ਅਜੇ ਜੋਤੀ ਜੋਤ ਨਹੀਂ ਹੋਏ ਹੁੰਦੇ। ਅਜੇ ਕੇਵਲ ਮਨੁੱਖਾ ਸਰੀਰ ਤੋਂ ਉੱਚਾ ਉਠੇ ਹੁੰਦੇ ਹਨ, ਪਰ ਪ੍ਰਭੂ ਨਾਲ ਮਿਲਾਪ ਨਹੀਂ ਹੋਇਆ ਹੁੰਦਾ। ਪ੍ਰਭੂ ਦੇ ਮਿਲਾਪ ਦਾ ਕੇਵਲ ਇਕ ਹੀ ਮਾਰਗ ਹੈ। ਉਹ ਹੈ ਮਨੁੱਖਾ ਸਰੀਰ। ਫਰਿਸ਼ਤਿਆਂ ਕੋਲ ਸਰੀਰ ਨਹੀਂ ਹੁੰਦਾ। ਉਹਨਾਂ ਕੋਲ ਕੇਵਲ ਜੋਤ ਹੁੰਦੀ ਹੈ। ਯਾਨੀ ਕਿ ਨੂਰ ਹੁੰਦਾ ਹੈ। ਫਰਿਸ਼ਤੇ, ਸਰੀਰ ਤੋਂ ਉੱਚੇ ਹੁੰਦੇ ਹਨ ਅਤੇ ਪਰਮਾਤਮਾ ਤੋਂ ਚਲੇ ਉਹਨਾਂ ਦਾ ਵਜੂਦ ਕੇਵਲ ਨੂਰ (ਪ੍ਰਕਾਸ਼) ਹੁੰਦਾ ਹੈ, ਪਰ ਉਹ ਪ੍ਰਕਾਸ਼ ਪ੍ਰਭੂ ਦੇ ਪ੍ਰਕਾਸ਼ ਵਿਚ ਅਜੇ ਲੀਨ ਨਹੀਂ ਹੋਇਆ ਹੁੰਦਾ। ਇਸ ਕਰਕੇ ਉਹਨਾਂ ਦੀ ਰੂਹ ਭਟਕਦੀ ਹੈ। ਮੰਜ਼ਿਲ ਦੀ ਪ੍ਰਾਪਤੀ ਵਾਸਤੇ ਉਹਨਾਂ ਨੂੰ ਕੋਈ ਮਾਰਗ ਚਾਹੀਦਾ ਹੁੰਦਾ ਹੈ। ਉਹ ਮਾਰਗ ਕੇਵਲ ਮਨੁੱਖਾ ਸਰੀਰ ਹੈ।

ਜਿਵੇਂ ਪਾਣੀ ਦਾ ਸਰੂਪ ਹੈ। ਇਸੇ ਤਰ੍ਹਾਂ ਹੀ ਸਾਡੇ ਮਨ ਦਾ ਸਰੂਪ ਹੈ। ਪਾਣੀ ਦੀ ਪਰਿਭਾਸ਼ਾ ਇਹ ਹੈ ਕਿ ਪਾਣੀ ਹੀ ਬਰਫ਼ ਹੋ ਜਾਂਦਾ ਹੈ ਅਤੇ ਪਾਣੀ ਹੀ ਭਾਫ਼ ਹੋ ਜਾਂਦਾ ਹੈ। ਇਸ ਤਰ੍ਹਾਂ ਪਾਣੀ ਦੇ ਤਿੰਨ ਰੂਪ ਹਨ। ਜੇ ਤਾਂ ਪਾਣੀ ਸਧਾਰਨ ਰੂਪ ਵਿਚ ਹੈ ਤਾਂ, ਉਹ ਧਰਤੀ ਤੇ ਚਲ ਸਕਦਾ ਹੈ। ਪਰ ਨੀਵੇਂ ਪਾਸੇ ਨੂੰ ਪਾਣੀ ਆਪੇ ਹੀ ਵਹਿ ਜਾਂਦਾ ਹੈ। ਜੇ ਪਾਣੀ ਨੂੰ ਉੱਚਾ ਉਠਾਉਣਾ ਹੋਵੇ ਤਾਂ ਫਿਰ ਕੋਈ ਵਿਸ਼ੇਸ਼ ਪ੍ਰੈਸ਼ਰ (ਦਬਾਓ) ਦੀ ਲੋੜ ਪੈਂਦੀ ਹੈ। ਪਰ ਜੇ ਪਾਣੀ ਨੀਵੀਂ ਤੇ ਠੰਢੀ ਥਾਂ ਤੇ ਰੁੱਕ ਜਾਵੇ ਤਾਂ ਉਹ ਗੰਦਾ ਵੀ ਹੋ ਜਾਂਦਾ ਹੈ ਅਤੇ ਬਰਫ਼ ਵੀ ਉਸ ਦੀ ਜੰਮ ਜਾਂਦੀ ਹੈ। ਇਸ ਤਰ੍ਹਾਂ ਪਾਣੀ ਦੇ ਤਿੰਨ ਰੂਪ ਹਨ, ਪਾਣੀ, ਭਾਫ਼ ਅਤੇ ਬਰਫ਼। ਠੀਕ! ਮਨੁੱਖੀ ਜੀਵਨ ਦੇ ਤਿੰਨ ਰੂਪ ਹਨ। ਜੇ ਤਾਂ ਪਾਣੀ ਸਧਾਰਨ ਹੈ ਤਾਂ ਜੀਵਨ ਆਮ ਜੀਵਨ ਹੈ। ਜਿਵੇਂ ਆਮ ਸੰਸਾਰ ਹੈ। ਪਰ ਜੇ ਸੁਰਤੀ (ਚੇਤਨਾ) ਏਨੀ ਨੀਵੀਂ ਤੇ ਗੰਦੀ ਹੋ ਜਾਵੇ ਤਾਂ ਉਹ ਬਰਫ਼ ਵਾਂਗ ਜੰਮ ਜਾਂਦੀ ਹੈ। ਫਿਰ ਐਸੇ ਲੋਕ ਕਿਤੇ ਵੀ ਨਹੀਂ ਪਹੁੰਚ ਸਕਦੇ। ਇਸ ਤਰ੍ਹਾਂ ਦੇ ਲੋਕ ਕੁਝ ਵੀ ਨਹੀਂ ਕਰ ਸਕਦੇ। ਸਧਾਰਨ ਜੀਵਨ ਤੋਂ ਵੀ ਥਲੇ ਹਨ। ਕਿਉਂਕਿ ਪਾਣੀ ਦਾ ਜੰਮਾਦਰੂ ਸੁਭਾਅ ਨੀਵੇਂ ਪਾਸੇ ਨੂੰ ਵਹਿਣਾ ਹੈ। ਨੀਵੇਂ ਪਾਸੇ ਨੂੰ ਜਾਣਾ ਵੈਸੇ ਨਿਮਰਤਾ ਦੀ ਨਿਸ਼ਾਨੀ ਹੈ। ਪਰ ਪਾਣੀ ਨੀਵੇਂ ਤੇ ਗੰਦੇ ਪਾਸੇ ਆਪੇ ਹੀ ਵਹਿ ਤੁਰਦਾ ਹੈ। ਭਾਵ ਕਿ ਮਨੁੱਖੀ ਮਨ ਐਸਾ ਹੈ ਕਿ ਨੀਵੇਂ ਕਿਰਦਾਰ ਵੱਲ ਆਪੇ ਹੀ ਵਿਚਾਰ ਬਣਾ ਲੈਂਦਾ ਹੈ। ਹੋਰ ਇਸ ਸ੍ਰਿਸ਼ਟੀ ਵਿਚ ਚੋਰ ਬਨਾਉਣ ਦੇ ਕੋਈ ਸਕੂਲ ਨਹੀਂ ਹਨ। ਬਦਮਾਸ਼ੀ

ਦੇ ਕੋਈ ਮੰਦਰ ਨਹੀਂ ਹਨ। ਇਨਸਾਨ ਨੂੰ ਚੰਗਾ ਬਣਾਉਣ ਲਈ ਹਜ਼ਾਰਾਂ ਤਰ੍ਹਾਂ ਦੀ ਵਿਦਿਆ ਹੈ। ਮੰਦਰ, ਗੁਰਦੁਆਰੇ, ਠਾਕੁਰ ਦੁਆਰੇ ਤੇ ਹੋਰ ਅਧਿਆਤਮਕ ਪ੍ਰਬੰਧ, ਸਭ ਮਨੁੱਖ ਨੂੰ ਉੱਚਾ ਉਠਾਉਣ ਲਈ ਹਨ। ਪਰ ਮਨੁੱਖ ਨੀਵੇਂ ਕਿਰਦਾਰ ਦਾ ਜਬਰਦਸਤੀ ਬਣ ਜਾਂਦਾ ਹੈ। ਇਸ ਦਾ ਕਾਰਨ ਹੈ ਕਿ ਨੀਵੇਂ ਪਾਸੇ ਵਹਿ ਤੁਰਨ ਦਾ ਮਨ ਦਾ ਜਮਾਂਦਰੂ ਸੁਭਾਅ ਹੈ। ਜੇ ਇਸ ਨੂੰ ਉਪਰ ਉਠਾਉਣਾ ਹੋਵੇ ਤਾਂ, ਵਿਸ਼ੇਸ਼ ਤਪ ਸਾਧਨਾ ਦੀ ਜਰੂਰਤ ਹੈ। ਪਾਣੀ ਨੂੰ ਜੇ ੯੯° ਡਿਗਰੀ ਤਕ ਤਪਾ ਦਿੱਤਾ ਜਾਵੇ ਤਾਂ ਉਹ ਪਾਣੀ ਭਾਫ਼ ਬਣ ਕੇ ਉਪਰ ਉਡਣਾ ਸ਼ੁਰੂ ਹੋ ਜਾਂਦਾ ਹੈ। ਜੇ ਪਾਣੀ ਇਕ ਡਿਗਰੀ ਵੀ ਥਲੇ ਰਹਿ ਜਾਏ ਤਾਂ ਉਹ ਭਾਫ਼ ਨਹੀਂ ਬਣ ਸਕਦਾ। ਠੀਕ ਤਪ ਸਾਧਨਾ ਦੁਆਰਾ ਮਨ ਨੂੰ ਕਾਫ਼ੀ ਕੰਟਰੋਲ ਮਿਲ ਜਾਂਦਾ ਹੈ। ਪਰ ਜੇ ਤਪਸਿਆ ਇਕ ਡਿਗਰੀ ਵੀ ਘੱਟ ਰਹਿ ਗਈ ਤਾਂ ਮਨ ਜੋਤ ਸਰੂਪ ਨਹੀਂ ਹੋ ਸਕਦਾ। ਪਰ ਉਹ ਮਨ ਏਨਾ ਤਾਂ ਕੰਮ ਕਰ ਗਿਆ ਕਿ ਧਰਤੀ ਤੋਂ ਉੱਚਾ ਉਠ ਗਿਆ ਹੈ। ਯਾਨੀ ਕਿ ਆਮ ਦੁਨੀਆਂ ਨਾਲੋਂ ਉਹ ਚੰਗਾ ਇਨਸਾਨ ਹੈ, ਪਰ ਉਹ ਭਗਵਾਨ ਨਹੀਂ ਬਣ ਸਕਿਆ। ਉਸ ਕੋਲ ਤਨ ਨਹੀਂ ਰਿਹਾ, ਪਰ ਸੰਸਾਰ ਤੋਂ ਉੱਚਾ ਹੈ ਅਤੇ ਕਰਤਾਰ ਤੋਂ ਨੀਵਾਂ ਹੈ। ਹੁਣ ਉਹ ਦੇਵ ਹੈ, ਯਾਨੀ ਕਿ ਫਰਿਸ਼ਤਾ ਹੈ। "ਮੌਤ ਦੀ ਕਲਾ" ਤਾਂ ਉਸ ਦੀ ਸਮਝ ਵਿਚ ਆ ਗਈ ਹੈ ਪਰ ਜੀਵਨ (ਪਰਮ ਜੀਵਨ) ਕੀ ਹੈ, ਉਹ ਅਜੇ ਉਸ ਨੂੰ ਨਹੀਂ ਮਿਲਿਆ।

ਇਸ ਤਰ੍ਹਾਂ ਦੇ ਦੇਵ ਲੋਕ (ਫਰਿਸ਼ਤੇ) ਇਸ ਬ੍ਰਹਮੰਡ ਵਿਚ ਭਟਕਦੇ ਰਹਿੰਦੇ ਹਨ। ਇਹ ਬਦ ਰੂਹਾਂ ਨਹੀਂ ਹੁੰਦੀਆਂ। ਇਹ ਚੰਗੀਆਂ ਰੂਹਾਂ ਹੁੰਦੀਆਂ ਹਨ। ਇਹ ਸੰਸਾਰੀ ਲੋਕਾਂ ਨੂੰ ਦੁਖੀ ਨਹੀਂ ਕਰਦੀਆਂ, ਪਰ ਸੁਖ ਜ਼ਰੂਰ ਪ੍ਰਦਾਨ ਕਰਦੀਆਂ ਹਨ। ਨਿਰਮਲ ਮਨ ਵਾਲੇ ਲੋਕਾਂ ਦੇ ਦੁਖਾਂ ਵਿਚ ਸਹਾਇਕ ਹੁੰਦੀਆਂ ਹਨ।

ਆਪ ਨੇ ਭਗਤ ਕਬੀਰ ਸਾਹਿਬ ਦੇ ਜੀਵਨ ਦੀ ਉਹ ਕਥਾ ਸੁਣੀ ਹੋਵੇਗੀ ਕਿ ਕਬੀਰ ਸਾਹਿਬ ਦੇ ਘਰ ਕਿਸੇ ਰਾਜੇ ਜਾਂ ਸੇਠਾਂ ਦਾ ਹੀ ਰੂਪ ਧਾਰ ਕੇ ਆਏ ਫਰਿਸ਼ਤਿਆਂ ਨੇ ਬਹੁਤ ਵੱਡਾ ਲੰਗਰ ਦਾ ਭੰਡਾਰਾ ਕੀਤਾ।

ਖੈਰ! ਕਥਾ ਇਸ ਤਰ੍ਹਾਂ ਹੈ ਕਿ ਕਬੀਰ ਸਾਹਿਬ ਜੀ ਬਨਾਰਸ (ਕਾਸ਼ੀ) ਵਿਚ ਰਹਿਣ ਵਾਲੇ ਸਨ। ਕਰਮ ਕਾਂਡ, ਜਾਤ ਪਾਤ, ਵਰਣਵੰਡ ਅਤੇ ਹੋਰ ਛੂਆ ਛੂਤ ਦੇ ਖਿਲਾਫ ਕਬੀਰ ਜੀ ਬੜਾ ਤਕੜਾ ਪ੍ਰਚਾਰ ਕਰਦੇ ਸਨ। ਪਰ ਉਸ ਵਕਤ ਦੇ ਬ੍ਰਹਮਣਾਂ ਨੂੰ ਇਹ ਬਰਦਾਸ਼ਤ ਨਹੀਂ ਸੀ ਹੁੰਦਾ। ਫਿਰ ਸੁਭਾਵਕ ਹੀ ਸੀ ਕਿ ਬ੍ਰਹਮਣਾਂ ਦੀ ਦੁਸ਼ਮਣੀ ਕਬੀਰ ਸਾਹਿਬ ਨਾਲ ਵਧ ਜਾਂਦੀ ਸੀ। ਵੈਸੇ, ਬ੍ਰਹਮਣਾਂ ਦੀ ਕਬੀਰ ਸਾਹਿਬ ਨਾਲ ਕੋਈ ਵਾਹ ਨਹੀਂ ਸੀ ਜਾਂਦੀ। ਪਰ ਬ੍ਰਹਮਣ ਕਬੀਰ ਸਾਹਿਬ ਨੂੰ ਬਨਾਰਸ ਵਿਚੋਂ ਕੱਢਣਾ ਚਾਹੁੰਦੇ ਸਨ। ਕੀ ਹੋਇਆ, ਕਿ ਇਕ ਦਿਨ ਕੁਝ ਚਲਾਕ ਤੇ ਬਦਮਾਸ਼ ਬ੍ਰਹਮਣਾਂ ਨੇ ਇਕੱਠੇ ਹੋ ਕੇ ਇਕ ਵਿਓਂਤ ਗੁੰਦੀ। ਵਿਓਂਤ ਇਹ ਬਣਾਈ ਗਈ ਕਿ ਕਬੀਰ ਜੀ ਦੇ ਘਰ ਹਮੇਸ਼ਾਂ ਲੰਗਰ ਪਾਣੀ ਚਲਦਾ ਹੀ ਰਹਿੰਦਾ ਸੀ। ਕੋਈ

ਨਾ ਕੋਈ ਅਧਿਆਤਮਕ ਪਾਂਧੀ ਵੀ ਕਬੀਰ ਸਾਹਿਬ ਦੇ ਘਰ ਆਇਆ ਹੀ ਰਹਿੰਦਾ ਸੀ। ਘਮੰਡੀ ਤੇ ਬਦਮਾਸ਼ ਬ੍ਰਹਮਣ ਇਸ ਤੋਂ ਬੜੇ ਦੁਖੀ ਸਨ ਕਿ ਅਸੀਂ ਬੜੇ ਬੜੇ ਧਨਵਾਨ ਵੀ ਏਡਾ ਵੱਡਾ ਇਸ ਤਰ੍ਹਾਂ ਰੋਜਾਨਾ ਲੰਗਰ ਨਹੀਂ ਚਲਾ ਸਕਦੇ, ਪਰ ਇਸ ਗਰੀਬ ਜੁਲਾਹੇ ਕਬੀਰ ਦੀ ਬੜੀ ਮਹਿਮਾ ਹੈ। ਆਖਰ ਇਸ ਕੋਲ ਏਨਾ ਧਨ ਕਿਥੋਂ ਆਉਂਦਾ ਹੈ? ਉਹਨਾਂ ਬਦਮਾਸ਼ ਬ੍ਰਹਮਣਾਂ ਨੇ ਬਕਾਇਦਾ ਇਕ ਸਕੀਮ ਦੇ ਅਧੀਨ ਕਬੀਰ ਸਾਹਿਬ ਦੇ ਨਾਮ ਤੇ ਹਜ਼ਾਰਾਂ ਚਿੱਠੀਆਂ ਦੂਰ ਨੇੜੇ ਦੇ ਆਸ਼ਰਮਾਂ ਵਿਚ ਪਾ ਦਿੱਤੀਆਂ ਕਿ ਫਲਾਣੇ ਦਿਨ ਨੂੰ ਕਬੀਰ ਸਾਹਿਬ ਦੇ ਘਰ ਬਹੁਤ ਵੱਡਾ ਭੰਡਾਰਾ ਹੋਵੇਗਾ। ਉਸ ਭੰਡਾਰੇ ਵਿਚ ਹਰੇਕ ਆਏ ਅਭਿਆਗਤ, ਸੰਤ, ਮਹਾਤਮਾ ਤੇ ਹੋਰ ਗਰੀਬ ਗੁਰਬੇ ਨੂੰ ਪੰਜ-ਪੰਜ ਜੋੜੇ ਵਸਤਰ ਅਤੇ ਪੰਜਾਹ-ਪੰਜਾਹ ਸੋਨੇ ਦੀਆਂ ਅਸ਼ਰਫ਼ੀਆਂ ਦਾਨ ਵਜੋਂ ਵੀ ਦਿੱਤੀਆਂ ਜਾਣਗੀਆਂ। ਠੀਕ ਇਸ ਤਰ੍ਹਾਂ ਹੀ ਹੋਇਆ ਕਿ ਜਿਸ ਦਿਨ ਦੀ ਤਾਰੀਖ ਦਿੱਤੀ ਗਈ ਸੀ, ਉਸ ਦਿਨ ਨੂੰ ਲੋਕਾਂ ਦੀਆਂ ਵਹੀਰਾਂ ਕਬੀਰ ਸਾਹਿਬ ਦੇ ਘਰ ਪਹੁੰਚਣੀਆਂ ਸ਼ੁਰੂ ਹੋ ਗਈਆਂ। ਹੁਣ ਕਬੀਰ ਸਾਹਿਬ ਸਧਾਰਣ ਕਮਾਈ ਕਰਕੇ ਗੁਜਾਰਾ ਕਰਨ ਵਾਲੇ ਮਹਾਂਪੁਰਖ ਸਨ। ਜਦੋਂ ਲੋਕਾਂ ਨੇ ਲਿਆ ਲਿਆ ਕੇ ਉਹ ਚਿੱਠੀਆਂ ਦਿਖਾਈਆਂ ਕਿ ਸਾਨੂੰ ਤਾਂ ਆਪ ਦੀਆਂ ਚਿੱਠੀਆਂ ਮਿਲੀਆਂ ਹਨ। ਤਾਂ ਕਬੀਰ ਸਾਹਿਬ ਜੀ ਸਮਝ ਗਏ ਕਿ ਇਹ ਬਦਮਾਸ਼ ਬ੍ਰਹਮਣਾਂ ਦੀ ਸ਼ਰਾਰਤ ਹੈ। ਹੁਣ ਕਬੀਰ ਸਾਹਿਬ ਜੀ ਕੁਝ ਵੀ ਨਹੀਂ ਸਨ ਕਰ ਸਕਦੇ। ਨਾ ਕਬੀਰ ਸਾਹਿਬ ਦੇ ਘਰ ਵਿਚ ਏਨਾ ਭੋਜਨ ਪਾਣੀ ਸੀ ਅਤੇ ਨਾ ਹੀ ਏਨੇ ਲੋਕਾਂ ਦੇ ਬੈਠਣ ਉਠਣ ਲਈ ਜਗ੍ਹਾ ਸੀ। ਨਾ ਹੀ ਹੁਣ ਕਬੀਰ ਸਾਹਿਬ ਜੀ ਆਏ ਹੋਏ ਲੋਕਾਂ ਨੂੰ ਇਹ ਆਖ ਸਕਦੇ ਸਨ ਕਿ ਤੁਸੀਂ ਮੇਰੇ ਘਰ ਨਾ ਆਵੋ। ਕਿਸ ਕਿਸ ਨੂੰ ਜੁਆਬ ਦੇਂਦੇ। ਇਕ ਹੁੰਦਾ ਤਾਂ ਸੀ, ਇਹ ਤਾਂ ਹਜ਼ਾਰਾਂ ਲੋਕ ਸਨ। ਅਖੀਰ ਕਬੀਰ ਸਾਹਿਬ ਨੇ ਕਰਤਾਪੁਰਖ ਦੇ ਅਗੇ ਮੁਖਾਤਿਬ ਹੋ ਕੇ ਅਰਦਾਸ ਕੀਤੀ ਕਿ ਹੇ ਪ੍ਰਭੂ! ਇਹ ਕ੍ਰਿਤ ਮੇਰੇ ਵੱਸ ਦੀ ਨਹੀਂ। ਹੁਣ ਤੂੰ ਹੀ ਕੁਝ ਕਰ ਤਾਂ ਹੋ ਸਕਦਾ ਹੈ, ਵਰਨਾ ਮੈਂ ਤਾਂ ਸਭ ਕੁਝ ਛੱਡ ਕੇ ਜਾ ਰਿਹਾ ਹਾਂ। ਕਹਿੰਦੇ ਹਨ ਕਿ ਕਬੀਰ ਸਾਹਿਬ ਨੇ ਆਪਣੇ ਲੜਕੇ (ਕਮਾਲੇ) ਨੂੰ ਕਿਹਾ ਕਿ, "ਆ ਪੁੱਤਰ! ਆਪਾਂ ਕਿਤੇ ਬਾਹਰ ਜੰਗਲ ਵਿਚ ਚਲਦੇ ਹਾਂ। ਇਹ ਪ੍ਰਭੂ ਦੀ ਕ੍ਰਿਤ ਹੈ ਤੇ ਪ੍ਰਭੂ ਨੂੰ ਹੀ ਪਤਾ ਹੈ ਕਿ ਉਸ ਨੇ ਕਿਵੇਂ ਸੰਭਾਲਣੀ ਹੈ।" ਇਸ ਤਰ੍ਹਾਂ ਕਹਿ ਕੇ ਕਬੀਰ ਤੇ ਕਮਾਲਾ ਤਾਂ ਬਾਹਰ ਚਲੇ ਗਏ। ਪਰ ਬਾਅਦ ਵਿਚ ਕਹਿੰਦੇ ਹਨ ਕਿ ਬੜੀ ਅਨੋਖੀ ਘਟਨਾ ਵਾਪਰੀ। ਕੋਈ ਦੋ ਆਦਮੀ ਆਏ। ਉਹਨਾਂ ਕੋਲ ਘੋੜੇ ਗੱਡੇ, ਖਚਰਾਂ ਆਦਿ ਤੇ ਬਹੁਤ ਸਾਮਾਨ ਲਦਿਆ ਹੋਇਆ ਸੀ। ਮੋਹਰਾਂ ਦੀਆਂ ਭਰੀਆਂ ਹੋਈਆਂ ਛੱਟਾਂ ਉਹਨਾਂ ਖਚਰਾਂ ਉਪਰ ਲੱਦੀਆਂ ਹੋਈਆਂ ਸਨ। ਉਹਨਾਂ ਕਬੀਰ ਸਾਹਿਬ ਦਾ ਘਰ ਪੁੱਛਿਆ ਤੇ ਕਹਿਣ ਲੱਗੇ ਫਲਾਣੇ ਰਾਜੇ ਨੇ ਇਹ ਸਾਰਾ ਸਾਮਾਨ ਕਬੀਰ ਸਾਹਿਬ ਦੀ ਸੇਵਾ ਵਿਚ ਭੇਜਿਆ ਹੈ। ਆਏ ਹੋਏ ਹਜ਼ਾਰਾਂ

ਮਹਿਮਾਨਾਂ ਦੀ ਸੇਵਾ ਏਸ ਸਮਗਰੀ ਨਾਲ ਕਰਨੀ ਹੈ। ਝੱਟ ਹੀ ਉਹਨਾਂ ਦੇ ਨਾਲ ਆਏ ਹੋਏ ਨੌਕਰਾਂ ਚਾਕਰਾਂ ਨੇ ਲੰਗਰ ਪਾਣੀ ਬਸਤਰਾਂ ਆਦਿ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ। ਲੋਕ ਆਉਂਦੇ ਗਏ ਅਤੇ ਬੜੀਆਂ ਖੁਸ਼ੀਆਂ ਨਾਲ ਕਬੀਰ ਸਾਹਿਬ ਦੀ ਧੰਨਤਾ ਦੇ ਗੁਣ ਗਾਉਂਦੇ ਗਏ।

ਬਦਮਾਸ਼ ਬ੍ਰਹਮਣਾਂ ਨੂੰ ਪਤਾ ਲਗਾ ਤਾਂ ਉਹ ਵੀ ਬੜੇ ਹੈਰਾਨ ਹੋਏ ਕਿ ਇਸ ਗਰੀਬ ਕਬੀਰ ਕੋਲ ਏਨਾ ਧਨ ਕਿਥੋਂ ਆ ਗਿਆ ਹੈ? ਜਾਂ ਬਨਾਰਸ ਵਿਚੋਂ ਜਾਂਦੇ ਹੋਏ ਕੁਝ ਗਰੀਬ ਲੋਕ, ਕਬੀਰ ਸਾਹਿਬ ਦੇ ਘਰ ਹੋਏ ਭੰਡਾਰੇ ਦੀਆਂ ਗੱਲਾਂ ਕਰਦੇ ਕਬੀਰ ਨੂੰ ਮਿਲੇ। ਕਬੀਰ ਸਾਹਿਬ ਪੁੱਛਣ ਲਗੇ ਕਿ, "ਤੁਸੀਂ ਕਿਸ ਕਬੀਰ ਦੀਆਂ ਗੱਲਾਂ ਕਰਦੇ ਹੋ?" ਤਾਂ ਉਹਨਾਂ ਨੇ ਜੁਆਬ ਦਿੱਤਾ ਕਿ "ਅਸੀਂ ਬਨਾਰਸ ਵਿਚ ਰਹਿਣ ਵਾਲੇ ਭਗਤ ਕਬੀਰ ਸਾਹਿਬ ਦੀਆਂ ਗੱਲਾਂ ਕਰਦੇ ਹਾਂ।" ਕਬੀਰ ਸਾਹਿਬ ਸੁਣ ਕੇ ਬੜੇ ਹੈਰਾਨ ਹੋਏ ਕਿ ਮੈਂ ਏਥੇ ਜੰਗਲ ਵਿਚ ਬੈਠਾ ਹਾਂ। ਫਿਰ ਮੇਰੇ ਘਰ ਵਿਚ ਏਨਾ ਵੱਡਾ ਭੰਡਾਰਾ ਕੌਣ ਕਰ ਰਿਹਾ ਹੈ? ਕਬੀਰ ਸਾਹਿਬ ਘਰ ਪਹੁੰਚੇ, ਪਤਾ ਕੀਤਾ ਤਾਂ, ਪਤਾ ਲਗਿਆ ਕਿ ਕੋਈ ਦੋ ਸੌਦਾਗਰ ਬੜੇ ਵੱਡੇ ਆਏ ਹਨ। ਉਹਨਾਂ ਦੇ ਨਾਲ ਕਈ ਉਹਨਾਂ ਦੇ ਨੌਕਰ ਆਏ ਹਨ। ਉਹਨਾਂ ਨੇ ਸੇਵਾ ਜਾਣ ਕੇ ਇਹ ਸਾਰਾ ਪ੍ਰਬੰਧ ਕੀਤਾ ਹੈ। ਕਬੀਰ ਸਾਹਿਬ ਨੇ ਪੁਛਿਆ ਉਹ ਵੱਡੇ ਸੌਦਾਗਰ ਹੁਣ ਕਿਥੇ ਹਨ? ਤਾਂ ਕਿਸੇ ਨੇ ਦਸਿਆ ਕਿ ਬਾਹਰ ਸਾਰੇ ਕੰਮ ਕਾਰ ਦੀ ਸੰਭਾਲ ਕਰ ਰਹੇ ਹਨ। ਤਾਂ ਕਬੀਰ ਸਾਹਿਬ ਜੀ ਨੇ ਉਹਨਾਂ ਦੋ ਮਹਾਂਪੁਰਖਾਂ ਦੇ ਦਰਸ਼ਨ ਕੀਤੇ ਤਾਂ ਉਹਨਾਂ ਦੀ ਦਿੱਬ ਜੋਤੀ ਕਬੀਰ ਸਾਹਿਬ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਦੇਖੀ। ਦੇਖ ਕੇ ਪੁੱਛਿਆ ਮਹਾਂਪੁਰਖੋ! ਤੁਸੀਂ ਕੋਈ ਸੰਸਾਰੀ ਸੌਦਾਗਰ ਨਹੀਂ ਹੋ। ਕ੍ਰਿਪਾ ਕਰਕੇ ਮੈਨੂੰ ਇਹ ਦੱਸਣ ਦੀ ਖੇਚਲ ਕਰੋ ਕਿ ਤੁਸੀਂ ਕੌਣ ਹੋ? ਤਾਂ ਉਹ ਦੋਵੇਂ ਸੌਦਾਗਰਾਂ ਨੇ ਆਪਣਾ ਦਿੱਬ ਸਰੂਪ ਧਾਰਨ ਕਰਕੇ ਕਿਹਾ ਕਿ, "ਅਸੀਂ ਫਰਿਸ਼ਤੇ ਹਾਂ। ਸਾਡਾ ਤਨ ਨਹੀਂ ਹੁੰਦਾ। ਜੋ ਲੋਕਾਂ ਨੂੰ ਤਨ ਦਿਖਾਈ ਦੇਂਦਾ ਹੈ, ਇਹ ਸਾਡਾ ਤਨ ਨਹੀਂ। ਇਹ ਤਨ ਚੰਗੇ ਸੌਦਾਗਰ (ਵਪਾਰੀ) ਲੋਕਾਂ ਦਾ ਹੈ। ਅਸੀਂ ਉਹਨਾਂ ਵਪਾਰੀਆਂ ਦੇ ਸਰੀਰਾਂ ਰਾਹੀਂ ਪ੍ਰਵੇਸ਼ ਕਰਕੇ, ਆਪ ਦੇ ਮੁਸੀਬਤ ਦੇ ਸਮੇਂ ਵਿਚ ਸਹਾਇਤਾ ਕਰਨ ਆਏ ਹਾਂ।" ਕਬੀਰ ਸਾਹਿਬ ਪੁੱਛਣ ਲੱਗੇ ਕੀ, "ਤੁਸੀਂ ਜਦੋਂ ਦੂਜੇ ਲੋਕਾਂ ਦੇ ਸਰੀਰ ਵਿਚ ਪ੍ਰਵੇਸ਼ ਕਰਦੇ ਹੋ ਤਾਂ ਉਹਨਾਂ ਨੂੰ ਤਕਲੀਫ ਨਹੀਂ ਹੁੰਦੀ?" ਤਾਂ ਉਹ ਫਰਿਸ਼ਤੇ ਕਹਿਣ ਲਗੇ "ਨਹੀਂ! ਅਸੀਂ ਨੂਰ (ਪ੍ਰਕਾਸ਼) ਦੇ ਬਣੇ ਹੋਏ ਹਾਂ। ਤਕਲੀਫ ਤਾਂ ਹੁੰਦੀ ਹੈ ਜੇ ਅਸੀਂ ਮੈਲ (ਵਿਕਾਰਾਂ) ਤੋਂ ਬਣੇ ਹੋਈਏ। ਜੋ ਵਿਕਾਰਾਂ ਦੀ ਮੈਲ ਤੋਂ ਰੂਹਾਂ ਬਣਦੀਆਂ ਹਨ। ਉਹ ਬਦ ਰੂਹਾਂ ਹੁੰਦੀਆਂ ਹਨ। ਵਾਸ਼ਨਾ ਪੂਰੀ ਕਰਨ ਵਾਸਤੇ ਦੂਜਿਆਂ ਦੇ ਸਰੀਰ ਇਸਤੇਮਾਲ ਕਰਦੀਆਂ ਹਨ। ਬਦ ਰੂਹਾਂ ਦੂਜਿਆਂ ਦੇ ਤਨ ਦੁਆਰਾ ਦੂਜਿਆਂ ਕੋਲੋਂ ਬੁਰੇ ਤੇ ਗਲਤ ਕਰਮ ਕਰਵਾਉਂਦੀਆਂ ਹਨ। ਬੁਰੀਆਂ ਤੇ ਬਦ ਰੂਹਾਂ, ਬੁਰੇ ਤੇ

ਬਦਮਾਸ਼ ਲੋਕਾਂ ਵਿਚ ਪ੍ਰਵੇਸ਼ ਕਰ ਸਕਦੀਆਂ ਹਨ। ਚੰਗੇ ਤੇ ਨੇਕ ਲੋਕਾਂ ਵਿਚ ਪ੍ਰਕਾਸ਼ (ਨੂਰ) ਜ਼ਿਆਦਾ ਹੁੰਦਾ ਹੈ। ਇਸ ਕਰਕੇ ਉਹ ਪ੍ਰਕਾਸ਼ਮਾਨ ਲੋਕਾਂ ਦੇ ਸਰੀਰ ਵਿਚ ਬਦਰੂਹਾਂ ਨਹੀਂ ਦਾਖਲ ਹੋ ਸਕਦੀਆਂ। ਅਸੀਂ ਜਿਸ ਦੇ ਤਨ ਦੁਆਰਾ ਕਿਸੇ ਕੋਲ ਪਹੁੰਚਣਾ ਹੁੰਦਾ ਹੈ, ਅਸੀਂ ਭਲੇ ਕਰਮ ਲਈ ਪਹੁੰਚਣਾ ਹੁੰਦਾ ਹੈ। ਚੰਗਿਆਈ ਦਾ ਸਾਥ ਦੇਣਾ ਹੁੰਦਾ ਹੈ। ਇਸ ਨਾਲ ਉਸ ਚੰਗੇ ਸਰੀਰ ਦਾ ਵੀ ਭਲਾ ਹੁੰਦਾ ਹੈ, ਜਿਸ ਦੇ ਸਰੀਰ ਨੂੰ ਅਸੀਂ ਇਸਤੇਮਾਲ ਕਰਕੇ ਚੰਗੇ ਲੋਕਾਂ ਦਾ ਸਾਥ ਦੇਂਦੇ ਹਾਂ।"

ਕਬੀਰ ਸਾਹਿਬ, ਉਹਨਾਂ ਫਰਿਸ਼ਤਿਆਂ ਨੂੰ ਪੁਛਣ ਲਗੇ ਕਿ, "ਕੀ ਤੁਸੀਂ ਪ੍ਰਭੂ ਦੀ ਆਗਿਆ ਨਾਲ ਇਹ ਕਰਮ ਕਰਦੇ ਹੋ?" ਤਾਂ ਉਹ ਫਰਿਸ਼ਤੇ ਕਹਿਣ ਲੱਗੇ, "ਹਾਂ! ਪ੍ਰਭੂ ਦੀ ਆਗਿਆ ਏਹੀ ਹੈ ਕਿ ਅਸੀਂ ਨੇਕ ਅਤੇ ਚੰਗਿਆਂ ਦਾ ਸਾਥ ਦੇਈਏ। ਤਾਂ ਕਿ ਇਸ ਸੰਸਾਰ ਵਿਚ ਨੇਕੀ ਤੇ ਚੰਗਿਆਈ ਦੀ ਜਿੱਤ ਹੋਵੇ। ਪਰ ਅਸੀਂ ਪ੍ਰਭੂ ਨੂੰ ਅਜੇ ਤਕ ਦੇਖਿਆ ਨਹੀਂ। ਅਸੀਂ ਪ੍ਰਭੂ ਦੇ ਦਰਬਾਰ ਤੋਂ ਬਾਹਰ ਹੀ ਭਟਕ ਰਹੇ ਹਾਂ।" ਕਬੀਰ ਸਾਹਿਬ ਪੁਛਣ ਲਗੇ ਕਿ, "ਤੁਸੀਂ ਤਾਂ ਫਰਿਸ਼ਤੇ ਹੋ! ਤੁਹਾਨੂੰ ਵੀ ਅਜੇ ਤੱਕ ਪ੍ਰਭੂ ਦੀ ਪ੍ਰਾਪਤੀ ਕਿਉਂ ਨਹੀਂ ਹੋਈ?" ਉਹ ਫਰਿਸ਼ਤੇ ਕਹਿਣ ਲਗੇ ਕਿ, "ਪ੍ਰਭੂ ਦੇ ਘਰ ਦਾ ਰਾਹ, ਮਨੁੱਖਾ ਸਰੀਰ ਹੈ। ਜਿੰਨੀ ਦੇਰ ਤੱਕ ਸਾਨੂੰ ਦੁਬਾਰਾ ਪ੍ਰਭੂ ਦੀ ਕ੍ਰਿਪਾ ਸਦਕਾ ਮਨੁੱਖਾ ਸਰੀਰ ਨਹੀਂ ਮਿਲਦਾ, ਉਨੀ ਦੇਰ ਤਕ ਅਸੀਂ ਇਸੇ ਤਰ੍ਹਾਂ ਹੀ ਬ੍ਰਹਮੰਡ ਵਿਚ ਭਟਕਦੇ ਰਹਾਂਗੇ ਅਤੇ ਚੰਗੇ ਨੇਕ ਤੇ ਪਰਉਪਕਾਰੀ ਮਨੁੱਖਾਂ ਦੀ ਸੇਵਾ ਕਰਦੇ ਰਹਾਂਗੇ।" ਕਬੀਰ ਸਾਹਿਬ ਜੀ ਨੇ ਫਿਰ ਉਹਨਾਂ ਨੂੰ ਪੁੱਛਿਆ ਕਿ, "ਤੁਹਾਨੂੰ ਪ੍ਰਭੂ ਨਾਲ ਮਿਲਣ ਵਾਸਤੇ ਕੀ ਕਰਨਾ ਪਏਗਾ?" ਤਾਂ ਉਹਨਾਂ ਫਰਿਸ਼ਤਿਆਂ ਨੇ ਕਿਹਾ ਕਿ "ਸਾਨੂੰ ਦੁਬਾਰਾ ਮਨੁੱਖਾ ਸਰੀਰ ਧਾਰਨ ਕਰਨਾ ਪਏਗਾ। ਮਨੁੱਖਾ ਜਨਮ ਦੁਆਰਾ ਹੀ ਪਰਮਾਤਮਾ ਨਾਲ ਮਿਲਿਆ ਜਾ ਸਕਦਾ ਹੈ। ਵਰਨਾ ਹੋਰ ਕੋਈ ਮਾਰਗ ਨਹੀਂ ਹੈ। ਇਸ ਕਰਕੇ ਅਸੀਂ ਹਮੇਸ਼ਾਂ ਚੰਗੇ ਤੇ ਨੇਕ ਮਨੁੱਖਾਂ ਦੀ ਸੇਵਾ ਕਰਦੇ ਹਾਂ ਤਾਂ ਕਿ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਸਾਡੇ ਤੇ ਹੋ ਜਾਵੇ ਤੇ ਸਾਨੂੰ ਮਨੁੱਖ ਜਨਮ ਬਖਸ਼ਿਸ਼ ਹੋ ਜਾਵੇ। ਜਦੋਂ ਸਾਨੂੰ ਮਨੁੱਖਾ ਜਨਮ ਪ੍ਰਾਪਤ ਹੋਵੇਗਾ, ਉਦੋਂ ਅਸੀਂ ਆਪਣੀ ਅਧੂਰੀ ਬੰਦਗੀ ਪੂਰੀ ਕਰਕੇ ਪ੍ਰਭੂ ਦੀ ਜੋਤੀ ਵਿਚ ਜੋਤ ਸਮਾ ਸਕਾਂਗੇ। ਇਸ ਵਾਸਤੇ ਜਿੰਨੀ ਦੇਰ ਤੱਕ ਸਾਨੂੰ ਮਨੁੱਖਾ ਸਰੀਰ ਪ੍ਰਾਪਤ ਨਹੀਂ ਹੁੰਦਾ, ਓਨੀ ਦੇਰ ਅਸੀਂ ਮਨੁੱਖ ਜਨਮ ਦੀ ਲੋਚਾ ਕਰਦੇ ਰਹਾਂਗੇ।" ਏਨੀ ਵਿਚਾਰ ਗੋਸ਼ਟ ਕਰਕੇ ਉਹ ਫਰਿਸ਼ਤੇ ਕਬੀਰ ਸਾਹਿਬ ਤੋਂ ਵਿਦਾ ਲੈ ਕੇ ਅਲੋਪ ਹੋ ਗਏ। ਫਿਰ ਉਹ ਕਿਸੇ ਨੂੰ ਨਜ਼ਰੀ ਨਹੀਂ ਆਏ। ਏਸ ਵਾਸਤੇ ਭਗਤ ਕਬੀਰ ਸਾਹਿਬ ਜੀ ਨੇ ਆਪਣੀ ਬਾਣੀ ਦੁਆਰਾ ਇਹ ਬੜਾ ਜ਼ੋਰਦਾਰ ਉਪਦੇਸ਼ ਕੀਤਾ ਹੈ ਕਿ, "ਗੁਰੂ ਦੀ ਸੇਵਾ ਅਤੇ ਨਾਮ ਭਗਤੀ ਦੀ ਭਾਰੀ ਤਪਸਿਆ ਕਰਕੇ ਐ ਬੰਦੇ! ਤੈਨੂੰ ਇਹ ਮਨੁੱਖ ਜਨਮ ਮਿਲਿਆ ਹੈ। ਇਸ ਮਨੁੱਖਾ ਦੇਹੀ ਨੂੰ ਤਾਂ ਦੇਵਤੇ (ਫਰਿਸ਼ਤੇ) ਵੀ ਤਰਸਦੇ ਹਨ। ਉਹ ਵੀ ਮਨੁੱਖਾ ਸਰੀਰ ਤੋਂ ਬਿਨਾਂ ਪ੍ਰਭੂ ਨੂੰ ਨਹੀਂ ਮਿਲ ਸਕਦੇ। ਪਰ ਐ ਬੰਦੇ! ਤੈਨੂੰ ਤਾਂ ਇਹ ਮਨੁੱਖਾ ਜਨਮ ਹੁਣ

ਪ੍ਰਾਪਤ ਹੈ। ਤੂੰ ਤਾਂ ਇਸ ਮਨੁੱਖਾ ਜਨਮ ਦੁਆਰਾ ਪ੍ਰਭੂ ਦਾ ਭਜਨ ਕਰ? ਗੋਬਿੰਦ ਪ੍ਰਭੂ ਦਾ ਭਜਨ ਕਰਕੇ, ਉਸ ਵਿਚ ਜੋਤੀ ਜੋਤ ਹੋ ਜਾ ਅਤੇ ਇਸ ਮਨੁੱਖਾ ਜਨਮ ਦਾ ਪੂਰਾ ਲਾਭ ਲੈ ਲੈ।"

ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥
ਭਜਹੁ ਗੋੁਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥
(ਪੰਨਾ ੧੧੫੯)

ਮਨੁੱਖਾ ਸਰੀਰ ਦਾ ਲਾਭ ਵੀ ਓਨੀ ਦੇਰ ਹੀ ਲਿਆ ਜਾ ਸਕਦਾ ਹੈ, ਜਿੰਨੀ ਦੇਰ ਸਰੀਰ ਉਪਰ ਬੁਢੇਪੇ ਦਾ ਰੋਗ ਨਹੀਂ ਆਇਆ। ਜਦੋਂ ਬੁਢੇਪਾ ਆ ਜਾਂਦਾ ਹੈ ਤਾਂ ਫਿਰ ਬੁਢੇਪਾ ਆਪਣੇ ਆਪ ਵਿਚ ਹੀ ਇਕ ਰੋਗ ਹੋ ਜਾਂਦਾ ਹੈ। ਨਾਮ ਜਪਣਾ ਵੀ ਇੱਕ ਸ਼ਕਤੀ ਦਾ ਕੰਮ ਹੁੰਦਾ ਹੈ। ਭਗਤੀ ਵੀ ਸ਼ਕਤੀ ਤੋਂ ਬਿਨਾਂ ਨਹੀਂ ਹੁੰਦੀ। ਬੁੱਢੇ ਤਨ ਵਿਚ ਤਾਂ ਆਪਣੇ ਆਪ ਨੂੰ ਸੰਭਾਲਣ ਦਾ ਬਲ ਵੀ ਨਹੀਂ ਹੁੰਦਾ। ਫਿਰ ਉਹ ਭਗਤੀ ਕਿਵੇਂ ਕਰੇਗਾ? ਏਸ ਵਾਸਤੇ ਕਬੀਰ ਸਾਹਿਬ ਜ਼ੀ ਉਪਦੇਸ਼ ਕਰਦੇ ਹਨ ਕਿ, "ਐ ਇਨਸਾਨ! ਜਦੋਂ ਤੱਕ ਸਮੇਂ ਦੀ ਮਾਰ ਨੇ ਤੇਰੀ ਜੁਆਨੀ ਨਹੀਂ ਖੋਹੀ। ਜਦੋਂ ਤਕ ਤੇਰੀ ਜ਼ੁਬਾਨ ਤੋਂ ਸ਼ੁਧ ਸ਼ਬਦ ਉਚਾਰਨ ਹੁੰਦੇ ਹਨ। ਬੁਢੇਪੇ ਕਾਰਨ ਜ਼ੁਬਾਨ ਨਹੀਂ ਥਲ ਥਲਾਉਣ (ਬਿਕਲਾਉਣ) ਲਗੀ। ਉਦੋਂ ਤੱਕ, ਉਸ ਅੰਮ੍ਰਿਤ ਨਾਮ ਪਰਮੇਸ਼ਰ, ਸਾਰਿੰਗ ਪਾਣੀ ਨੂੰ ਪ੍ਰਾਪਤ ਕਰਨ ਦਾ ਕੋਈ ਵਸੀਲਾ ਕਰ ਲੈ? ਜੇ ਇਸ ਤੰਦਰੁਸਤ ਸਰੀਰ ਦੇ ਹੁੰਦਿਆਂ ਹੁਣ ਨਾ ਪ੍ਰਾਪਤ ਕੀਤਾ ਤਾਂ ਫਿਰ ਕਦੋਂ ਪ੍ਰਾਪਤ ਕਰੇਂਗਾ? "ਮੌਤ ਦੀ ਕਲਾ" ਰੋਜ਼ ਤੇਰੇ ਸਰੀਰ ਤੇ ਵਰਤ ਰਹੀ ਹੈ। ਅੰਤ ਆ ਗਿਆ ਤਾਂ ਫਿਰ ਨਹੀਂ ਭਜਨ ਹੋ ਸਕਣਾ। ਜੋ ਕੁਝ ਹੁਣ ਕਰ ਸਕਦਾ ਹੈਂ, ਉਸ ਦੀ ਕੋਈ ਸਾਰ ਹੋ ਸਕਦੀ ਹੈ। ਵਰਨਾ ਫਿਰ ਕੇਵਲ ਆਪਣੇ ਕੋਲ ਪਛਤਾਵਾ ਰਹਿ ਜਾਏਗਾ। ਇਹ ਮਨੁੱਖਾ ਜਨਮ ਹੀ ਤੇਰੇ ਕੋਲ ਇਕ ਅੰਮ੍ਰਿਤ ਵੇਲਾ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਬਹੁਤ ਢੰਗ ਤਰੀਕਿਆਂ ਨਾਲ ਇਹੀ ਵਿਚਾਰ ਕੀਤੀ ਹੈ ਕਿ ਮਨੁੱਖਾ ਜਨਮ ਹੀ ਪ੍ਰਭੂ ਨਾਲ ਮਿਲਣ ਲਈ ਦੁਆਰ ਹੈ।"

ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ॥ ੨॥
ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥
ਜੋ ਕਿਛੁ ਕਰਹਿ ਸੋਈ ਅਬ ਸਾਰੁ॥ ਫਿਰਿ ਪਛਤਾਹੁ ਨ ਪਾਵਹੁ ਪਾਰਿ॥ ੩॥......
ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ *(ਪੰਨਾ ੧੧੫੯)*
ਕਹਿ ਕਬੀਰ ਕਿਛੁ ਗੁਨੁ ਬੀਚਾਰਿ॥ ਚਲੇ ਜੁਆਰੀ ਦੁਇ ਹਥ ਝਾਰਿ॥ (ਪੰਨਾ ੧੧੫੮)
ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥(ਪੰਨਾ ੩੭੪)

□□□□

ਮਨੁੱਖ ਤੇ ਮੌਤ ਦੀ ਕਲਾ

ਪੁਰਾਤਨ ਵਿਦਵਾਨ ਮਹਾਂਪੁਰਖਾਂ ਨੇ ਇਸ ਧਰਤੀ ਤੇ ਜੀਵਨ ਜਿਊਣ ਵਾਲੀਆਂ ਚੌਰਾਸੀ ਲੱਖ ਜੂਨਾਂ ਗਿਣੀਆਂ ਹਨ। ਵੈਸੇ: ਅਧੁਨਿਕ ਯੁਗ ਵਿਗਿਆਨ ਦਾ ਯੁੱਗ ਹੈ ਅਤੇ ਵਿਗਿਆਨ ਮੰਨਦਾ ਹੈ ਕਿ ਸ੍ਰਿਸ਼ਟੀ ਵਿਚ ਚੌਰਾਸੀ ਲੱਖ ਜੂਨ ਤੋਂ ਵੀ ਜ਼ਿਆਦਾ ਜੂਨਾਂ ਜਨਮ ਭੋਗਦੀਆਂ ਅਤੇ ਜੰਮਦੀਆਂ ਮਰਦੀਆਂ ਰਹਿੰਦੀਆਂ ਹਨ। ਪਰ ਸ੍ਰਿਸ਼ਟੀ ਵਿਚ ਸਭ ਜੂਨਾਂ ਤੋਂ ਸਰਬੋਤਮ ਜੂਨ ਮਨੁੱਖਾ ਜਨਮ ਹੈ। ਇਹ ਮਨੁੱਖਾ ਜਨਮ ਸਰਬੋਤਮ ਹੈ, ਇਹ ਮੰਨਿਆ ਵੀ ਆਪਣੇ ਆਪ ਨੂੰ ਮਨੁੱਖ ਨੇ ਹੀ ਹੈ। ਦੂਸਰੀ ਕਿਸੇ ਜੂਨ ਦੇ, ਕਿਸੇ ਜੀਵ ਨੂੰ ਮਨੁੱਖ ਨੇ ਨਹੀਂ ਪੁਛਿਆ ਕਿ ਮਨੁੱਖਾ ਜਨਮ ਬਾਰੇ ਤੁਹਾਡੇ ਕੀ ਖਿਆਲ ਹਨ? ਹਾਲਾਂ ਕਿ ਦੂਜੀਆਂ ਜਨਮ ਜੂਨਾਂ ਵਿਚ ਕਈ ਐਸੇ ਗੁਣ ਹਨ, ਜੋ ਮਨੁੱਖ ਵਿਚ ਨਹੀ ਹਨ। ਪੰਛੀ ਜਿਸ ਅਜਾਦੀ ਨਾਲ ਅਕਾਸ਼ ਵਿਚ ਉਡ ਸਕਦੇ ਹਨ। ਏਨੀ ਅਜਾਦੀ ਨਾਲ ਮਨੁੱਖ ਨਹੀਂ ਉਡ ਸਕਦਾ। ਹਾਥੀ ਅਤੇ ਸ਼ੇਰ ਵਰਗੇ ਪਸ਼ੂਆਂ ਵਿਚ ਜਿੰਨਾਂ ਬਲ ਅਤੇ ਵੱਡਾ ਸਰੀਰ ਹੈ, ਓਨਾ ਮਨੁੱਖ ਵਿਚ ਨਹੀਂ ਹੈ। ਹੰਸ, ਮੋਰ ਆਦਿ ਪੰਛੀਆਂ ਦੇ ਬੜੇ ਸੁੰਦਰ ਵਜੂਦ ਹਨ। ਏਨੀ ਸੁੰਦਰਤਾ ਮਨੁੱਖ ਕੋਲ ਨਹੀਂ ਹੈ, ਪਰ ਫਿਰ ਵੀ ਏਸ ਮਨੁੱਖ ਦਾ ਹੀ ਸਭ ਉਪਰ ਕਬਜਾ ਹੈ। ਮਨੁੱਖ ਚੌਰਾਸੀ ਲੱਖ ਜੂਨਾਂ ਦਾ ਸਰਦਾਰ ਹੈ।

ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ *(ਪੰਨਾ ੩੭੪)*

ਇਸ ਸ੍ਰਿਸ਼ਟੀ ਦੇ ਸਰਦਾਰ ਮਨੁੱਖ ਦੇ ਜੀਵਨ ਵਿਚ ਇਕ ਅਨੋਖੀ ਘਟਨਾ ਘਟਦੀ ਹੈ। ਮਨੁੱਖ ਦਾ ਜਨਮ ਜਦੋਂ ਹੁੰਦਾ ਹੈ ਤਾਂ ਰਿਸ਼ਤੇਦਾਰ ਨਾਤੇਦਾਰ ਸਬੰਧੀ ਕੁਟੰਬੀ ਆਦਿ ਸਭ ਵਲੋਂ ਬੜੀਆਂ ਖੁਸ਼ੀਆਂ ਕੀਤੀਆਂ ਜਾਂਦੀਆਂ ਹਨ ਅਤੇ ਵਾਜੇ ਵਜਾਏ ਜਾਂਦੇ ਹਨ। ਜਦੋਂ ਮਨੁੱਖ ਦੇ ਸਰੀਰ ਦਾ ਅੰਤ ਹੁੰਦਾ ਹੈ ਤਾਂ ਉਹਨਾਂ ਹੀ ਸਬੰਧੀਆਂ ਕੁਟੰਬੀਆਂ ਵਲੋਂ ਜਿਹੜੇ ਜਨਮ ਸਮੇਂ ਬੜੀਆਂ ਖੁਸ਼ੀਆਂ ਕਰਦੇ ਹਨ, ਮਰਨ ਸਮੇਂ ਬੜੇ ਰੋਣੇ ਧੋਣੇ ਕੀਤੇ ਜਾਂਦੇ ਹਨ। ਇਹਨਾਂ ਰੋਣਿਆਂ ਦਾ ਮਤਲਬ ਹੈ ਕਿ ਆਰੰਭ ਬਹੁਤ ਚੰਗਾ ਹੋਇਆ ਸੀ, ਪਰ ਅੰਤ ਬਹੁਤ ਬੁਰਾ ਹੋਇਆ ਹੈ। ਜਨਮਿਆ ਤਾਂ ਬੰਦਿਆਂ ਵਾਂਗ ਸੀ, ਪਰ ਮਰਿਆ ਬੰਦਿਆਂ ਵਾਂਗ ਨਹੀਂ। ਯਕੀਨਨ! ਇਸ ਸੰਸਾਰ ਵਿਚ ਮਨੁੱਖ ਨਾਲ ਇਹ ਘਟਨਾ ਇਸ ਤਰ੍ਹਾਂ ਹੀ ਘਟਦੀ ਹੈ। ਜਨਮਦਾ ਹਰੇਕ ਕੋਈ ਬੰਦਿਆਂ ਵਾਂਗ ਹੈ ਪਰ ਮਰਨ ਲਗਿਆਂ ਕੋਈ-ਕੋਈ ਫਰਿਸ਼ਤਿਆਂ ਵਾਂਗ ਮਰਦਾ ਹੈ, ਵਰਨਾ ਬਹੁਤੇ ਪਸ਼ੂਆਂ ਤੇ ਪੰਛੀਆਂ ਵਾਂਗ ਮਰ ਜਾਂਦੇ ਹਨ। ਹਾਲਾਂਕਿ ਪਸ਼ੂਆਂ ਪੰਛੀਆਂ

ਵਿਚੋਂ ਬਹੁਤੇ ਐਸੇ ਮਿਲਦੇ ਹਨ ਕਿ ਜਿਹੜੇ ਮਨੁੱਖਾਂ ਵਾਂਗ ਆਪਣੇ ਫਰਜ਼ ਨਿਭਾਉਂਦਿਆਂ ਹੋਇਆਂ ਮਰਦੇ ਹਨ।

ਨਰੂ ਮਰੈ ਨਰੁ ਕਾਮਿ ਨ ਆਵੈ॥ ਪਸੂ ਮਰੈ ਦਸ ਕਾਜ ਸਵਾਰੈ॥੧॥
ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥
ਮੈ ਕਿਆ ਜਾਨਉ ਬਾਬਾ ਰੇ॥੧॥ ਰਹਾਉ॥
ਹਾਡ ਜਲੇ ਜੈਸੇ ਲਕਰੀ ਕਾ ਤੂਲਾ॥ ਕੇਸ ਜਲੇ ਜੈਸੇ ਘਾਸ ਕਾ ਪੂਲਾ॥੨॥
(ਪੰਨਾ ੮੭੦)

ਪਸੂ ਮਿਲਹਿ ਚੰਗਿਆਈਆ ਖੜ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥
(ਪੰਨਾ ੪੮੯)

□□□□

ਯਮਰਾਜ ਅਤੇ ਮੌਤ ਦੀ ਕਲਾ

ਮੌਤ ਦਾ ਦੁਖ ਬੜਾ ਭਿਆਨਕ ਲਗਦਾ ਹੈ. ਕਦੀ ਮਰਦੇ ਹੋਏ ਆਦਮੀ ਨੂੰ ਦੇਖੋਗੇ ਤਾਂ ਪਤਾ ਲਗੇਗਾ ਕਿ ਉਹ ਬਚਣ ਵਾਸਤੇ ਕਿੰਨੇ ਤਰਲੇ ਲੈਂਦਾ ਹੈ? ਚਾਰ ਚੁਫੇਰੇ ਦੇਖਦਾ ਹੈ ਕਿ ਕੋਈ ਅਗੰਮੀ ਤਾਕਤ ਆਵੇ ਤਾਂ ਮੈਨੂੰ ਬਚਾ ਲਏ? ਵੈਸੇ ਸਾਰੀ ਜ਼ਿੰਦਗੀ ਹੀ ਮਨੁੱਖ ਮੌਤ ਕੋਲੋਂ ਬਚਣ ਦੇ ਉਪਰਾਲੇ ਕਰਦਾ ਹੈ. ਪਰ ਇਸ ਦੇ ਸਾਰੇ ਉਪਰਾਲੇ ਇਸ ਨੂੰ ਮੌਤ ਵੱਲ ਹੀ ਲੈ ਜਾ ਰਹੇ ਹੁੰਦੇ ਹਨ।

ਪੁਰਾਣੀਆਂ ਕਹਾਣੀਆਂ ਵਿਚ ਇਕ ਕਹਾਣੀ ਹੈ। ਕਹਾਣੀ ਤਾਂ ਮਿਥੀ ਹੋਈ ਹੈ, ਪਰ ਹੈ ਬੜੀ ਅਰਥ ਪੂਰਵਕ ਹੈ। ਕਹਿੰਦੇ ਹਨ ਕਿ ਪ੍ਰਭੂ ਨੇ ਇਸ ਸੰਸਾਰ ਦਾ ਪ੍ਰਬੰਧ ਚਲਾਉਣ ਲਈ ਬਹੁਤ ਸਾਰੇ ਫਰਿਸ਼ਤਿਆਂ ਦੀ ਡਿਊਟੀ ਨਿਯਤ ਕੀਤੀ ਹੋਈ ਹੈ। ਬ੍ਰਹਮਾ ਦਾ ਕੰਮ ਸ੍ਰਿਸ਼ਟੀ ਰਚਨਾ ਕਰਨਾ ਹੈ। ਵਿਸ਼ਨੂੰ ਦਾ ਕੰਮ ਸ੍ਰਿਸ਼ਟੀ ਦੀ ਪ੍ਰਤਿਪਾਲਣਾ ਕਰਨਾ ਹੈ। ਸ਼ਿਵਜੀ ਦਾ ਕੰਮ ਸੰਘਾਰ (ਪਰਲੈ) ਕਰਨਾ ਹੈ। ਯਮਰਾਜ ਦਾ ਕੰਮ, ਗੁਪਤ ਚਿੱਤਰ ਨੂੰ ਲੈ ਕੇ ਜੀਵਾਂ ਦੇ ਕਰਮਾਂ ਦਾ ਹਿਸਾਬ ਕਰਕੇ, ਉਹਨਾਂ ਨੂੰ ਧਰਮ ਰਾਜ ਕੋਲ ਪੇਸ਼ ਕਰਨਾ ਹੈ। ਧਰਮ ਰਾਜ ਦਾ ਕੰਮ ਜੀਵ ਦੇ ਚੰਗੇ ਬੁਰੇ ਕਰਮਾਂ ਦਾ ਲੇਖਾ ਜੋਖਾ ਕਰਨਾ ਹੈ ਆਦਿ ਇਸ ਤਰ੍ਹਾਂ ਹੋਰ ਵੀ ਅਨੇਕਾਂ ਹੀ ਵੱਡੇ ਛੋਟੇ ਫਰਿਸ਼ਤੇ ਪ੍ਰਭੂ ਪਿਤਾ ਦੇ ਅਧੀਨ ਕੰਮ ਕਰਦੇ ਹਨ।

ਇਕ ਵਾਰੀ ਦੀ ਘਟਨਾ ਹੈ ਕਿ ਸਾਰੇ ਫਰਿਸ਼ਤਿਆਂ ਨੇ ਰਲ ਕੇ ਇਕ ਪਹਾੜੀ ਉਪਰ ਮੀਟਿੰਗ ਰੱਖੀ। ਉਸ ਮੀਟਿੰਗ ਵਿਚ ਸਾਰੇ ਫਰਿਸ਼ਤੇ ਇਕੱਠੇ ਹੋਣੇ ਸ਼ੁਰੂ ਹੋ ਗਏ। ਸਾਰਿਆਂ ਕੋਲ ਆਪੋ ਆਪਣੀ ਸਵਾਰੀ ਦਾ ਪ੍ਰਬੰਧ ਸੀ। ਕਹਿੰਦੇ ਹਨ ਕਿ ਸ਼ਿਵਜੀ ਨੇ ਕਿਤੇ ਜਾਣਾ ਹੋਵੇ ਤਾਂ ਉਹ ਆਪਣੇ ਨੰਦੀ ਬੈਲਦ ਉਪਰ ਚੜ੍ਹ ਕੇ ਜਾਂਦਾ ਹੈ। ਵਿਸ਼ਨੂੰ ਗਰੁੜ ਉਪਰ ਚੜ੍ਹ ਕੇ ਜਾਂਦਾ ਹੈ। ਗਣੇਸ਼ ਦੀ ਸਵਾਰੀ ਚੂਹਾ ਹੈ। ਕਹਿੰਦੇ ਹਨ ਕਿ ਯਮਰਾਜ (ਅਜ਼ਰਾਈਲ) ਨੇ ਜਦੋਂ ਕਿਸੇ ਜੀਵ ਨੂੰ ਮੌਤ ਦੇ ਹਵਾਲੇ ਕਰਨਾ ਹੋਵੇ ਤਾਂ ਉਹ ਭੈਂਸੇ (ਝੋਟੇ) ਉਪਰ ਚੜ੍ਹ ਕੇ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਸਾਰੇ ਫਰਿਸ਼ਤਿਆਂ ਦੀ ਮੀਟਿੰਗ ਵਿਚ ਸਾਰੇ ਫਰਿਸ਼ਤੇ ਇਕੱਠੇ ਹੋਣੇ ਸ਼ੁਰੂ ਹੋ ਗਏ। ਜਿਸ ਪਹਾੜੀ ਉਪਰ ਮੀਟਿੰਗ ਦਾ ਇਕੱਠ ਸੀ, ਉਸ ਪਹਾੜੀ ਦੇ ਕਿਨਾਰੇ ਤੇ ਇਕ ਬਹੁਤ ਵੱਡਾ ਦਰੱਖਤ ਸੀ। ਸਾਰੇ ਫਰਿਸ਼ਤਿਆਂ ਨੇ ਆਪੋ ਆਪਣੀਆਂ ਸਵਾਰੀਆਂ ਉਸ ਦਰੱਖਤ ਦੇ ਹੇਠਾਂ ਲਿਆ ਖੜੀਆਂ ਕੀਤੀਆਂ। ਸ਼ਿਵਜੀ ਆਇਆ ਤੇ ਉਸ ਨੇ ਆਪਣਾ ਨੰਦੀ ਬੈਲਦ ਲਿਆ ਖੜਾ ਕੀਤਾ।

ਵਿਸ਼ਨੂੰ ਦੀ ਸਵਾਰੀ ਗਰੁੜ ਵੀ ਉੱਡ ਕੇ ਉਸ ਦਰੱਖਤ ਉਪਰ ਬੈਠ ਗਿਆ।

ਦਰੱਖਤ ਉਪਰ ਜਿਥੇ ਗਰੁੜ ਬੈਠਾ ਸੀ, ਉਸ ਦੇ ਨਾਲ ਹੀ ਇਕ ਕਬੂਤਰ ਬੈਠਾ ਸੀ। ਜਦੋਂ ਯਮਰਾਜ ਆਪਣੇ ਭੈਂਸੇ (ਝੋਟੇ) ਉੱਪਰ ਚੜ੍ਹ ਕੇ ਆਇਆ ਤਾਂ ਉਸ ਨੇ ਆਪਣਾ ਭੈਂਸਾ ਦਰੱਖਤ ਹੇਠਾਂ ਖੜ੍ਹਾ ਕਰਦੇ ਸਮੇਂ, ਦਰੱਖਤ ਉੱਪਰ ਬੈਠੇ ਕਬੂਤਰ ਵੱਲ ਦੇਖਿਆ। ਕਬੂਤਰ ਨੇ ਵੀ ਯਮਰਾਜ ਨੂੰ ਆਪਣੇ ਵੱਲ ਦੇਖਦਿਆਂ, ਦੇਖ ਲਿਆ। ਕਬੂਤਰ ਯਮਰਾਜ ਨੂੰ ਆਪਣੇ ਵੱਲ ਦੇਖਦਿਆਂ ਦੇਖ ਕੇ, ਡਰ ਦੇ ਨਾਲ ਘਬਰਾਇਆ ਅਤੇ ਕੰਬਣ ਲਗਾ। ਨਾਲ ਬੈਠੇ ਗਰੁੜ ਨੇ ਕਬੂਤਰ ਨੂੰ ਪੁੱਛਿਆ ਕਿ, "ਤੂੰ ਕਿਉਂ ਏਨਾ ਕੰਬ ਰਿਹਾ ਹੈਂ?" ਕਬੂਤਰ ਕਹਿਣ ਲਗਾ ਕਿ, "ਕੋਈ ਗੱਲ ਨਹੀਂ।" ਗਰੁੜ ਨੇ ਫਿਰ ਪੁਛਿਆ ਕਿ ਆਖਰ ਤੈਨੂੰ ਹੋ ਕੀ ਗਿਆ ਹੈ? ਤੂੰ ਚੰਗਾ ਭਲਾ ਸੈਂ? ਕਬੂਤਰ ਕਹਿਣ ਲਗਾ ਕਿ, "ਯਮਰਾਜ ਆਪਣਾ ਭੈਂਸਾ ਖੜ੍ਹਾ ਕਰਦੇ ਸਮੇਂ ਮੇਰੇ ਵੱਲ ਦੇਖ ਗਿਆ ਹੈ।" ਗਰੁੜ ਕਹਿਣ ਲਗਾ ਕਿ "ਇਸ ਵਿਚ ਕੀ ਹੈ! ਤੂੰ ਕਿਉਂ ਘਬਰਾ ਗਿਆ ਹੈਂ?" ਕਬੂਤਰ ਕਹਿਣ ਲਗਾ ਕਿ, "ਤੈਨੂੰ ਪਤਾ ਹੀ ਨਹੀਂ ਕਿ ਯਮਰਾਜ ਦੇ ਦੇਖਣ ਦਾ ਕੀ ਮਤਲਬ ਹੁੰਦਾ ਹੈ?" ਗਰੁੜ ਕਹਿਣ ਲੱਗਾ ਕਿ, "ਮੈਨੂੰ ਨਹੀਂ ਪਤਾ।" ਕਬੂਤਰ ਕਹਿਣ ਲਗਾ ਕਿ, "ਜਿਸ ਜੀਵ ਦੀ ਮੌਤ ਹੋਣੀ ਹੋਵੇ, ਉਸ ਵੱਲ ਯਮਰਾਜ ਦੇਖਦਾ ਹੈ। ਕਿਉਂਕਿ ਯਮਰਾਜ ਦੀ ਡਿਊਟੀ ਜੀਵਾਂ ਨੂੰ ਪਕੜ ਕੇ ਮੌਤ ਦੇ ਹਵਾਲੇ ਕਰਨਾ ਹੈ।" ਇਹ ਸੁਣ ਕੇ ਗਰੁੜ, ਕਬੂਤਰ ਨੂੰ ਕਹਿਣ ਲਗਾ ਕਿ, "ਤੂੰ ਫਿਕਰ ਨਾ ਕਰ। ਯਮਰਾਜ ਨੂੰ ਅਜੇ ਮੀਟਿੰਗ ਵਿਚ ਕਾਫ਼ੀ ਸਮਾਂ ਲਗ ਜਾਣਾ ਹੈ। ਉਨੀ ਦੇਰ ਵਿਚ ਮੈਂ ਤੈਨੂੰ ਏਨੀ ਦੂਰ ਛੱਡ ਕੇ ਆਉਂਦਾ ਹਾਂ ਕਿ ਯਮਰਾਜ ਤੈਨੂੰ ਲੱਭ ਨਹੀਂ ਸਕੇਗਾ। ਮੇਰੀ ਉਡਾਰੀ ਏਨੀ ਤੇਜ਼ ਹੈ ਕਿ ਵਿਸ਼ਨੂੰ ਨੇ ਜਿਥੇ ਵੀ ਜਾਣਾ ਹੋਵੇ, ਮੈਂ ਮਿੰਟਾਂ ਸੈਕਿੰਟਾਂ ਵਿਚ ਉਸ ਨੂੰ ਆਪਣੀ ਪਿੱਠ ਤੇ ਬਿਠਾ ਕੇ ਲੈ ਜਾਂਦਾ ਹਾਂ। ਤੂੰ ਮੇਰੀ ਪਿੱਠ ਤੇ ਬੈਠ ਤੇ ਮੈਂ ਤੈਨੂੰ ਪੰਜਾਂ ਮਿੰਟਾਂ ਵਿਚ ਹੀ ਕਿਤੇ ਦੂਰ ਛੱਡ ਕੇ ਆਉਂਦਾ ਹਾਂ। ਯਮਰਾਜ ਆਪੇ ਤੈਨੂੰ ਏਥੇ ਇਸ ਦਰੱਖਤ ਉੱਪਰ ਲੱਭਦਾ ਰਹੇਗਾ।" ਕਹਿੰਦੇ ਹਨ ਕਿ ਉਹ ਕਬੂਤਰ ਗਰੁੜ ਦੀ ਪਿੱਠ ਉਪਰ ਬੈਠ ਗਿਆ ਅਤੇ ਗਰੁੜ ਨੇ ਐਸੀ ਉਡਾਨ ਭਰੀ ਕਿ ਝੱਟ ਉਸ ਨੂੰ ਹਜ਼ਾਰਾਂ ਮੀਲ ਦੂਰ ਲੈ ਗਿਆ। ਬਹੁਤ ਦੂਰ ਕਿਸੇ ਹੋਰ ਜਗ੍ਹਾ ਤੇ ਇਕ ਦਰੱਖਤ ਦੀ ਇਕ ਖੋੜ੍ਹ ਵਿਚ ਉਸ ਕਬੂਤਰ ਨੂੰ ਬੈਠਾ ਕੇ ਗਰੁੜ ਕਹਿਣ ਲਗਾ ਕਿ, "ਤੂੰ ਏਸ ਖੋੜ੍ਹ ਵਿਚ ਆਪਣਾ ਘਰ ਬਣਾ ਕੇ ਰਹਿ। ਏਥੇ ਯਮਰਾਜ ਨਹੀਂ ਆ ਸਕਦਾ।" ਕਬੂਤਰ ਨੇ ਗਰੁੜ ਦੀ ਬੜੀ ਮਿਹਰਬਾਨਗੀ ਸਮਝੀ ਤੇ ਬੜੇ ਪ੍ਰੇਮ ਨਾਲ ਧੰਨਵਾਦ ਸਹਿਤ, ਗਰੁੜ ਨੂੰ ਕਬੂਤਰ ਨੇ ਵਿਦਾ ਕੀਤਾ। ਜਦੋਂ ਗਰੁੜ ਵਾਪਿਸ ਆਪਣੇ ਉਸੇ ਹੀ ਟਿਕਾਣੇ ਤੇ ਪਹੁੰਚਿਆ ਤਾਂ ਫਰਿਸ਼ਤਿਆਂ ਦੀ ਮੀਟਿੰਗ ਵੀ ਸੰਪੂਰਨ ਹੋਣ ਵਾਲੀ ਸੀ। ਗਰੁੜ ਉਸੇ ਹੀ ਦਰੱਖਤ ਉਪਰ ਬੈਠ ਗਿਆ। ਮੀਟਿੰਗ ਸੰਪੂਰਨ ਹੋਈ ਤਾਂ ਸਾਰੇ ਫਰਿਸ਼ਤੇ ਆਪੋ ਆਪਣੀ ਸਵਾਰੀ ਲੈਣ ਲਈ ਦਰੱਖਤ ਵੱਲ ਆਏ। ਯਮਰਾਜ ਨੇ ਆਉਂਦਿਆਂ ਹੀ ਦਰੱਖਤ ਦੇ ਉੱਪਰ ਦੇਖਣਾ ਸ਼ੁਰੂ ਕੀਤਾ। ਗਰੁੜ, ਯਮਰਾਜ ਨੂੰ

ਪੁੱਛਣ ਲਗਾ ਕਿ, "ਕੀ ਦੇਖਦੇ ਹੋ?" ਯਮਰਾਜ ਕਹਿਣ ਲੱਗਾ ਕਿ, "ਏਥੇ ਇਕ ਕਬੂਤਰ ਬੈਠਾ ਸੀ! ਮੈਂ ਉਸ ਨੂੰ ਦੇਖਦਾ ਹਾਂ।" ਗਰੁੜ ਕਹਿਣ ਲਗਾ ਕਿ, "ਹੁਣ ਨਹੀਂ ਤੁਸੀਂ ਉਸ ਨੂੰ ਲੱਭ ਸਕਦੇ।" ਯਮਰਾਜ ਕਹਿਣ ਲਗਾ ਕਿਉਂ? ਹੁਣ ਉਹ ਕਿਥੇ ਗਿਆ ਹੈ? ਗਰੁੜ ਕਹਿਣ ਲਗਾ ਕਿ, "ਮੈਂ ਉਸ ਕਬੂਤਰ ਨੂੰ ਏਨੀ ਦੂਰ ਇਕ ਦਰੱਖਤ ਦੀ ਖੋੜ੍ਹ ਵਿਚ ਛੱਡ ਕੇ ਆਇਆ ਹਾਂ ਕਿ ਤੁਸੀਂ ਓਥੇ ਨਹੀਂ ਪਹੁੰਚ ਸਕਦੇ।" ਇਹ ਸੁਣ ਕੇ ਕਹਿੰਦੇ ਹਨ ਕਿ ਯਮਰਾਜ ਬੜਾ ਹੱਸਿਆ।

ਯਮਰਾਜ ਨੂੰ ਗਰੁੜ ਪੁੱਛਦਾ ਹੈ ਕਿ, "ਤੁਸੀਂ ਕਿਉਂ ਹੱਸਦੇ ਹੋ?" ਯਮਰਾਜ ਕਹਿਣ ਲੱਗਾ ਕਿ, "ਜਿਹੜਾ ਕੰਮ ਮੇਰਾ ਸੀ, ਉਹ ਤੂੰ ਹੀ ਕਰਕੇ ਆ ਗਿਆ ਹੈਂ। ਮੈਂ ਤਾਂ ਇਸ ਫਿਕਰ ਵਿਚ, ਉਸ ਕਬੂਤਰ ਨੂੰ ਦੇਖਦਾ ਸਾਂ ਕਿ ਇਸ ਦੀ ਮੌਤ ਏਨੀ ਦੂਰ ਜਾ ਕੇ ਹੋਣੀ ਹੈ। ਪਰ ਇਹ ਕਬੂਤਰ ਬੈਠਾ ਏਥੇ ਹੈ। ਇਸ ਨੂੰ ਮੈਂ ਓਥੇ ਕਿਵੇਂ ਪਹੁੰਚਾਵਾਂਗਾ? ਏਸੇ ਵਾਸਤੇ ਹੀ ਮੈਂ ਉਸ ਕਬੂਤਰ ਵੱਲ ਏਨਾ ਸਮਾਂ ਪਹਿਲਾਂ ਵੇਖਿਆ ਸੀ ਕਿ ਠੀਕ ਸਹੀ ਸਮੇਂ ਸਿਰ ਉਹ ਓਥੇ ਪਹੁੰਚ ਸਕੇ। ਸੋ ਠੀਕ ਸਹੀ ਸਮੇਂ ਨਾਲ ਐ ਗਰੁੜ! ਏਨੀ ਦੂਰ ਉਸ ਨੂੰ ਤੂੰ ਹੀ ਪਹੁੰਚਾ ਸਕਦਾ ਸੈਂ। ਇਸ ਵਾਸਤੇ ਤੇਰੇ ਵਿਚ ਬੈਠ ਕੇ, ਮੈਂ ਹੀ ਉਸ ਨੂੰ ਇਹ ਸਲਾਹ ਦਿੱਤੀ ਸੀ ਕਿ ਮੈਂ ਤੈਨੂੰ ਓਥੇ ਛੱਡ ਆਉਂਦਾ ਹਾਂ, ਜਿਥੇ ਮੌਤ ਨਹੀਂ ਪਹੁੰਚ ਸਕਦੀ।" ਬਸ! ਏਹੀ ਤਾਂ "*ਮੌਤ ਦੀ ਕਲਾ*" ਹੈ।

ਜੈਸੀ ਹੋਇ ਭਵਖੱਤਾ ਤੈਸੀ ਬਣ ਹੈ ਆਇ॥
ਆਪ ਨ ਆਵੈ ਜਹਾਂ ਪੈ, ਤਹਾਂ ਤਹਾਂ ਲੈ ਜਾਇ॥

ਇਹ ਜੀਵ ਮੌਤ ਕੋਲੋਂ ਬਚਣ ਦੇ ਕਿੰਨੇ ਦਰਵਾਜੇ ਲਾਉਂਦਾ ਹੈ, ਉਹ ਸਾਰੇ ਮੌਤ ਵੱਲ ਹੀ ਖੁਲ੍ਹਦੇ ਹਨ। ਆਦਮੀ ਬਹੁਤਾ ਧਨ ਵੀ ਏਸ ਵਾਸਤੇ ਹੀ ਇਕੱਠਾ ਕਰਦਾ ਹੈ, ਕਿਉਂਕਿ ਇਹ ਆਰਥਿਕ ਮੌਤ ਤੋਂ ਡਰਦਾ ਹੈ। ਬਹੁਤੀ ਸ਼ਕਤੀ ਵੀ ਏਸੇ ਵਾਸਤੇ ਇਕੱਠੀ ਕਰਦਾ ਹੈ, ਕਿਉਂਕਿ ਇਸ ਨੂੰ ਦੂਜਿਆਂ ਦਾ ਡਰ ਹੈ ਕਿ ਕਿਤੇ ਕੋਈ ਮਾਰ ਨਾ ਦੇਵੇ। ਕਿਉਂਕਿ ਮੌਤ ਪਤਾ ਨਹੀਂ ਕਿਥੇ ਕਿਸ ਵਿਚ ਛਿਪੀ ਹੋਈ ਹੈ? ਬਹੁਤ ਵਿਦਿਆ ਤੇ ਸਿਆਣਪ ਵੀ ਏਸੇ ਕਰਕੇ ਹਾਸਿਲ ਕਰਦਾ ਹੈ ਕਿ ਕਿਤੇ ਬੌਧਿਕ ਮੌਤ ਨਾ ਹੋ ਜਾਵੇ। ਗੱਲ ਕੀ ਇਹ ਜੀਵ ਮੌਤ ਕੋਲੋਂ ਬਚਣ ਲਈ ਭਾਵੇਂ ਲੱਖਾਂ ਦਰਵਾਜੇ ਲਾਵੇ, ਪਰ ਮੌਤ ਨੇ ਸਾਰੇ ਦਰ ਭੰਨ ਕੇ ਆ ਜਾਣਾ ਹੈ।

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥

(ਸਲੋਕ ਫਰੀਦ ਪੰਨਾ ੧੩੮੩)

ਦਰਅਸਲ ਆਦਮੀ ਨੂੰ ਇਹ ਨਹੀਂ ਪਤਾ ਕਿ ਮੌਤ ਬਾਹਰੋਂ ਨਹੀਂ ਆਉਂਦੀ। ਬਲਕਿ ਪਰਮ ਪਿਤਾ ਪਰਮਾਤਮਾ ਨੇ ਜਿਸ ਦਿਨ ਜੀਵ ਦਾ ਤਨ (ਵਜੂਦ) ਬਣਾਇਆ ਸੀ, ਉਸੇ ਦਿਨ ਹੀ ਮੌਤ ਨੂੰ ਉਸ ਨੇ ਇਸ ਸਰੀਰ ਵਿਚ ਲੁਕਾ ਦਿੱਤਾ ਸੀ। ਮੌਤ ਹਰ ਜੀਵ ਦੇ ਵਿਚ ਹੀ ਲੁਕੀ ਹੋਈ ਹੈ। ਇਹੀ "*ਮੌਤ ਦੀ ਕਲਾ*" ਹੈ। ਬਾਬਾ ਫਰੀਦ ਜੀ

ਨੇ ਇਹ ਬੜਾ ਸੁੰਦਰ ਵਰਨਣ ਕੀਤਾ ਹੈ ਕਿ ਜਿਸ ਦਿਨ ਪ੍ਰਭੂ ਨੇ ਇਸ ਸਰੀਰ ਨੂੰ ਜਨਮ ਦਿੱਤਾ ਸੀ, ਉਸ ਦਿਨ ਹੀ ਨਾਲ ਮੌਤ ਦਾ ਦਿਨ ਵੀ ਲਿਖ ਦਿੱਤਾ ਸੀ। ਜਿਸ ਤਰ੍ਹਾਂ ਕਿਸੇ ਲੜਕੀ ਦੇ ਵਿਆਹ ਬਾਰੇ ਕਿਸੇ ਲੜਕੇ ਨਾਲ ਕੁੜਮਾਈ (ਸ਼ਗਨ) ਦੀ ਗੱਲ ਹੁੰਦੀ ਹੈ। ਫਿਰ ਕਿਹਾ ਜਾਂਦਾ ਹੈ ਕਿ ਹੁਣ ਵਰ ਅਤੇ ਘਰ ਮਿਲ ਗਿਆ ਹੈ।

ਹੁਣ ਇਸ ਦੀ ਬਰਾਤ ਲਈ ਸਾਹੇ ਚਿੱਠੀ ਵੀ ਲਿਖ ਦਿਉ। ਭਾਵ ਕਿ ਜਿਸ ਦਿਨ ਇਸ ਲੜਕੀ ਨੂੰ ਇਸ ਦਾ ਲਾੜਾ (ਵਰ) ਵਿਆਹ ਕੇ ਆਪਣੇ ਘਰ ਲੈ ਜਾਵੇਗਾ, ਉਹ ਦਿਨ ਵੀ ਬੰਨ੍ਹ ਦਿੱਤਾ ਜਾਂਦਾ ਹੈ। ਬਾਬਾ ਫਰੀਦ ਸਾਹਿਬ ਨੇ ਇਸ ਜੀਵਾਤਮਾ ਨੂੰ ਇਕ ਜੋਬਨਵੰਤੀ ਕੁਆਰੀ ਮੁਟਿਆਰ ਕਿਹਾ ਹੈ ਅਤੇ ਮੌਤ ਨੂੰ ਲਾੜਾ (ਵਰ) ਆਖਿਆ ਹੈ। ਸਰੀਰ ਨੂੰ ਉਹ ਘਰ ਆਖਿਆ ਹੈ ਜਿਥੋਂ ਮੌਤ ਰੂਪ ਲਾੜਾ, ਜਿੰਦ ਨੂੰ ਕੱਢ ਕੇ ਲੈ ਜਾਵੇਗਾ। ਸੰਸਾਰ ਦੇ ਵਿਆਹ ਸ਼ਾਦੀਆਂ ਦੇ ਸਾਹੇ ਤਾਂ ਹੋ ਸਕਦਾ ਹੈ ਅੱਗੇ ਪਿਛੇ ਹੋ ਜਾਣ, ਪਰ ਇਹ ਮੌਤ ਦਾ ਦਿਨ ਐਸਾ ਹੈ ਕਿ ਇਸ ਦਿਨ ਨੂੰ ਕੋਈ ਨਹੀਂ ਟਾਲ ਸਕਦਾ।

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥....
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥ ੧॥

(ਸਲੋਕ ਫਰੀਦ, ਪੰਨਾ ੧੩੭੭)

ਬੰਦਾ ਮੌਤ ਕੋਲੋਂ ਬਚਣ ਲਈ ਕੇਵਲ ਬਾਹਰੋਂ ਪ੍ਰਬੰਧ ਕਰਦਾ ਹੈ, ਪਰ ਮੌਤ ਸਰੀਰ ਦੇ ਅੰਦਰ ਛਿਪੀ ਬੈਠੀ ਹੈ। ਜਿਸ ਦਿਨ ਪ੍ਰਭੂ ਨੇ ਸਾਨੂੰ ਜਨਮ ਦਿੱਤਾ ਸੀ, ਜਨਮ ਦੇ ਵਿਚ ਹੀ ਮੌਤ ਵੀ ਛਿਪਾ ਦਿੱਤੀ ਸੀ। ਸਾਨੂੰ ਜਨਮ ਦਿਖਾਈ ਦਿੱਤਾ ਹੈ। ਪਰ ਮੌਤ ਦਿਖਾਈ ਨਹੀਂ ਦਿੱਤੀ। ਦਰਅਸਲ ਪ੍ਰਭੂ ਨੇ ਮੌਤ ਨੂੰ ਏਨਾ ਛੁਪਾ ਕੇ ਰਖਿਆ ਹੈ ਕਿ ਕਿਸੇ ਨੂੰ ਵੀ ਮੌਤ ਦਿਖਾਈ ਨਹੀਂ ਦੇਂਦੀ। ਮੌਤ ਉਸ ਦਿਨ ਹੀ ਦਿਖਾਈ ਦੇਂਦੀ ਹੈ ਜਿਸ ਦਿਨ, ਉਸ ਨੇ ਸਾਨੂੰ ਨਾਲ ਹੀ ਲੈ ਜਾਣਾ ਹੈ। ਉਹ ਇੱਕ ਵਾਰ ਪ੍ਰਗਟ ਹੋ ਗਈ ਤਾਂ ਉਸ ਨੇ ਫਿਰ ਖਾਲੀ ਵਾਪਸ ਨਹੀਂ ਪਰਤਣਾ। ਉਹ ਤਾਂ ਇਸ ਜੀਵ ਨੂੰ ਨਾਲ ਲੈ ਕੇ ਹੀ ਜਾਵੇਗੀ। ਇਸ ਤੋਂ ਪਹਿਲਾਂ ਤਾਂ ਮੌਤ ਬਾਰੇ ਕੇਵਲ ਸੁਣੀ ਸੁਣਾਈ ਕਥਾ ਕਹਾਣੀ ਹੈ। ਜਿਸ ਮੌਤ ਦੀ ਮਲਿਕਾ ਬਾਰੇ ਹੁਣ ਕੇਵਲ ਸੁਣਿਆ ਹੀ ਹੈ, ਜਿਸ ਦਿਨ ਉਹ ਮਲਿਕਾ ਆਪਣਾ ਮੂੰਹ ਆਣ ਦਿਖਾਲਦੀ ਹੈ ਤਾਂ ਫਿਰ ਉਹ ਖਾਲੀ ਨਹੀਂ ਜਾਂਦੀ। ਉਹ ਇਸ ਨਿਮਾਣੀ ਜਿੰਦ ਨੂੰ ਸਰੀਰ ਦੀਆਂ ਹੱਡੀਆਂ ਕੜਕਾ ਕੇ ਕੱਢ ਲੈਂਦੀ

ਹੈ। ਉਸ ਦੇ ਆਉਣ ਦਾ ਦਿਨ ਵੀ ਨਹੀਂ ਟਲਦਾ।

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

ਸੋ ਜੀਵ ਨੂੰ ਆਪਣਾ ਜੀਵਨ ਨਜ਼ਰ ਆਇਆ ਹੈ। ਪਰ ਸਰੀਰ ਦੇ ਜਨਮ ਸਮੇਂ, ਸਰੀਰ ਵਿਚ ਜੋ ਮੌਤ ਪ੍ਰਭੂ ਨੇ ਛੁਪਾ ਕੇ ਨਾਲ ਦਿੱਤੀ ਸੀ, ਉਹ ਨਜ਼ਰ ਨਹੀਂ ਆਈ। ਏਸ ਕਰਕੇ ਹੀ ਲੋਕ ਜਨਮ ਦੀਆਂ ਖੁਸ਼ੀਆਂ ਕਰਦੇ ਹਨ, ਕਿਉਂਕਿ ਮੌਤ ਨਜ਼ਰ ਨਹੀਂ ਆਉਂਦੀ। ਉਹ ਮੌਤ ਕੇਵਲ ਨਿਸ਼ਚਿਤ ਸਮੇਂ ਤੇ ਹੀ ਨਜ਼ਰ ਆਉਂਦੀ ਹੈ। ਮੌਤ ਨੂੰ ਨਾ ਪਛਾਨਣਾ ਤੇ ਜਨਮ ਦੀਆਂ ਖੁਸ਼ੀਆਂ ਦੇ ਵਾਜੇ ਵਜਾ ਕੇ ਸੋਹਿਲੇ ਗਾਉਣਾ ਇਹ ਅਗਿਆਨਤਾ ਹੈ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦਾ ਫੁਰਮਾਣ ਹੈ ਕਿ:

ਜਨਮੇ ਕਉ ਵਾਜਹਿ ਵਾਧਾਏ॥ ਸੋਹਿਲੜੇ ਅਗਿਆਨੀ ਗਾਏ॥
ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ॥੭॥

(ਮਾਰੂ ਮ: ੧, ਪੰਨਾ ੧੦੩੨)

□□□□

ਜਨਮ ਚੱਕਰ ਅਤੇ ਮੌਤ ਦੀ ਕਲਾ

ਬ੍ਰਹਮ ਗਿਆਨੀ ਲੋਕਾਂ ਨੇ ਜਨਮ ਮਰਨ ਦੋਵੇਂ ਵੱਡੇ ਦੁਖ ਮੰਨੇ ਹਨ। ਨਾ ਜਨਮਣਾ ਸੌਖਾ ਹੈ ਅਤੇ ਨਾ ਹੀ ਮਰਨਾ ਸੌਖਾ ਹੈ। ਇਹ ਜੀਵ ਜਿਹੜੇ ਦੁਖ ਦੀਆਂ ਧਾਈਂ ਜਨਮ ਸਮੇਂ ਮਾਰਦਾ ਹੈ। ਉਹ ਮਰਨ ਸਮੇਂ ਦੁਖ ਭੁੱਲ ਚੁਕਿਆ ਹੁੰਦਾ ਹੈ। ਜਿਹੜੇ ਤਰਲੇ ਮਰਨ ਵੇਲੇ ਮਾਰਦਾ ਹੈ, ਉਹ ਜਨਮ ਸਮੇਂ ਭੁੱਲ ਚੁਕਿਆ ਹੁੰਦਾ ਹੈ। ਹਾਲਾਂ ਕਿ ਜਨਮ ਸਮੇਂ ਵੀ ਓਨਾ ਹੀ ਇਹ ਜੀਵ ਦੁਖੀ ਹੁੰਦਾ ਹੈ, ਜਿੰਨਾ ਕਿ ਮੌਤ ਸਮੇਂ। ਪਰ ਮੌਤ ਤੇ ਜਨਮ ਦੇ ਵਿਚਕਾਰਲੇ ਫਾਸਲੇ ਕਰਕੇ ਇਸ ਨੂੰ ਦੋ ਰੂਪ ਜਾਪਦੇ ਹਨ। ਇਕ ਮੌਤ ਦਾ ਅਤੇ ਦੂਜਾ ਜਨਮ ਦਾ। ਹਾਲਾਂ ਕਿ ਜਨਮ ਤੇ ਮੌਤ ਇਕੋ ਸਿੱਕੇ ਦੇ ਦੋ ਪਹਿਲੂ (ਪਾਸੇ ਹਨ) ਜਨਮ ਮਰਨ ਦੇ ਵੱਡੇ ਦੁੱਖ ਤੋਂ ਬਚਣ ਲਈ ਸਿਆਣਿਆਂ ਨੇ ਜੋ ਪ੍ਰਬੰਧ ਕੀਤਾ ਹੈ, ਉਹ ਹੈ ਨਾਮ ਜਪਣਾ। ਇਹ ਵਿਸ਼ਾ ਇਥੇ ਲਿਖਣ ਦਾ ਨਹੀਂ। ਇਸ ਵਾਸਤੇ ਜਨਮ ਮਰਨ ਤੋਂ ਕਿਵੇਂ ਮੋਖਸ਼ ਪਾਇਆ ਜਾ ਸਕਦਾ ਹੈ, ਇਹ ਅੱਗੇ ਜਾ ਕੇ ਵਰਨਣ ਕੀਤਾ ਜਾਵੇਗਾ। ਵੈਸੇ ਇਸ ਵਿਚਾਰ ਦੇ ਨਾਲ, ਮੈਂ ਇਹ ਦਰਸਾਉਣ ਦਾ ਵੀ ਯਤਨ ਕਰ ਰਿਹਾ ਹਾਂ ਕਿ ਮੌਤ ਤੋਂ ਬਾਅਦ ਫਿਰ ਜਨਮ ਹੁੰਦਾ ਹੈ ਅਤੇ ਜਨਮ ਤੋਂ ਬਾਅਦ ਫਿਰ ਮੌਤ ਹੁੰਦੀ ਹੈ। ਇਹ ਸਿਲਸਿਲਾ ਨਿਰੰਤਰ ਸਦਾ ਹੀ ਚਲਦਾ ਰਹਿੰਦਾ ਹੈ। ਕਦੇ ਕਦਾਈਂ ਇਸ ਸਿਲਸਿਲੇ ਦੇ ਅੰਤਰੀਵ ਭੇਦ ਨੂੰ ਜਾਨਣ ਵਾਲੇ ਮਹਾਂਪੁਰਖ ਇਸ ਧਰਤੀ ਤੇ ਪ੍ਰਗਟ ਹੁੰਦੇ ਹਨ। ਉਹ ਬਹੁਤੇ ਨਹੀਂ ਹੁੰਦੇ। ਉਂਗਲਾਂ ਤੇ ਗਿਣੇ ਜਾ ਸਕਣ ਵਾਲੇ ਹੁੰਦੇ ਹਨ। ਉਹਨਾਂ ਦੀ ਬਹੁਤ ਭੀੜ ਨਹੀ ਹੁੰਦੀ। ਮੇਰੇ ਵਿਦਿਆ ਗੁਰੂ ਇਕ ਬਚਨ ਕਰਦੇ ਹੁੰਦੇ ਸਨ ਕਿ ***"ਸਿਆਣੇ ਮਹਾਂਪੁਰਖਾਂ ਦੀ ਬਹੁਤੀ ਭੀੜ ਨਹੀਂ ਹੁੰਦੀ ਅਤੇ ਬਹੁਤੀ ਭੀੜ ਵਿਚ ਬਹੁਤੇ ਸਿਆਣੇ ਨਹੀਂ ਹੁੰਦੇ।"*** ਇਹ ਹਕੀਕਤ ਹੈ ਕਿ ਅੰਤਰੀਵ ਭੇਦ ਨੂੰ ਸਮਝਣ ਵਾਲੇ ਇਹ, ਕਬੀਰ, ਫਰੀਦ, ਰਵਿਦਾਸ ਸਧਨਾ, ਸੈਣ, ਨਾਮਦੇਵ, ਗੁਰੂ ਨਾਨਕ ਆਦਿ ਬਹੁਤੇ ਨਹੀਂ ਮਿਲਦੇ। ਸੋ ਮੈਂ ਆਪ ਨੂੰ ਇਹ ਦਰਸਾਉਣ ਦਾ ਯਤਨ ਕਰ ਰਿਹਾ ਸਾਂ ਕਿ ਜਨਮ ਤੇ ਮਰਨ ਦੋਵੇਂ ਹੀ ਵੱਡੇ ਦੁੱਖ ਹਨ ਅਤੇ ਦੋਵੇਂ ਇਕੋ ਡੋਰੀ ਦੇ ਦੋ ਸ਼ੋਰ ਹਨ। ਜੇ ਜਨਮ ਤੋਂ ਸ਼ੁਰੂ ਹੋਈਏ ਤਾਂ ਮੌਤ ਤੇ ਅੰਤ ਹੋ ਜਾਂਦਾ ਹੈ ਅਤੇ ਜੇ ਮੌਤ ਤੋਂ ਸ਼ੁਰੂ ਹੋਈਏ ਤਾਂ ਜਨਮ ਤੇ ਅੰਤ ਹੋ ਜਾਂਦਾ ਹੈ। ਇਸ ਵਾਸਤੇ ਇਹ ਜਨਮ ਮੌਤ ਦਾ ਸਿਲਸਿਲਾ ਇਸ ਸ੍ਰਿਸ਼ਟੀ ਦਾ ਅਨੰਤ ਕਾਲ ਤੋਂ ਚਲਿਆ ਆ ਰਿਹਾ ਹੈ। ਕਦੇ ਕਦਾਈਂ ਸਦੀਆਂ ਬਾਅਦ ਜਨਮ ਤੇ ਮੌਤ ਦੇ ਅੰਦਰਲੇ ਭੇਦ ਸਮਝਣ ਵਿਚ ਕੋਈ ਬ੍ਰਹਮਗਿਆਨੀ ਮਹਾਂਪੁਰਖ ਸਮਰਥ ਹੁੰਦਾ ਹੈ। ਜਿਹੜਾ ਇਸ ਭੇਦ ਨੂੰ ਸਮਝਣ ਵਿਚ ਸਮਰਥ ਹੋ ਜਾਂਦਾ ਹੈ, ਉਹ ਮੋਖਸ਼ ਨੂੰ ਉਪਲਬਧ ਹੋ

ਜਾਂਦਾ ਹੈ। ਵਰਨਾ ਇਸ ਜਨਮ ਮਰਨ ਦੇ ਨਿਰੰਤਰ ਚਲ ਰਹੇ ਸਿਲਸਿਲੇ ਵਿਚ ਹਰ ਕੋਈ ਚਲੀ ਜਾ ਰਿਹਾ ਹੈ।

ਇਸਲਾਮ ਦੀ ਇਕ ਕਹਾਣੀ ਹੈ। ਕਹਾਣੀ ਤਾਂ ਕੇਵਲ ਮਿਥੀ ਹੋਈ ਹੈ, ਪਰ ਹੈ ਬੜੀ ਭਾਵ ਪੂਰਤ ਕਹਾਣੀ। ਇਸ ਤਰ੍ਹਾਂ ਹੈ ਕਿ ਹਜਰਤ ਇਬਰਾਹੀਮ ਜੰਨਤ (ਬਹਿਸ਼ਤਾਂ) ਨੂੰ ਜਾ ਰਹੇ ਸਨ। ਰਸਤੇ ਵਿਚ ਓਹਨਾਂ ਨੂੰ ਇਕ ਊਠਾਂ ਦੀ ਲੰਘਦੀ ਹੋਈ ਕਤਾਰ ਮਿਲੀ। ਉਹ ਊਠ ਆਪਸ ਵਿਚ ਏਨੇ ਮਿਲ ਕੇ ਚਲ ਰਹੇ ਸਨ ਕਿ ਹਰੇਕ ਊਠ ਨੇ ਆਪਣੀ ਗਰਦਨ ਆਪਣੇ ਤੋਂ ਅਗਲੇ ਊਠ ਦੀ ਪਿੱਠ ਉਪਰ ਧਰੀ ਹੋਈ ਸੀ ਅਤੇ ਚਲ ਰਹੇ ਸਨ। ਉਹਨਾਂ ਦੀ ਕਤਾਰ ਨੂੰ ਪਾਰ ਕਰਨ ਦਾ ਕੋਈ ਮੌਕਾ ਨਹੀਂ ਸੀ ਮਿਲਦਾ। ਹਜਰਤ ਇਬਰਾਹੀਮ ਸੋਚਣ ਲਗੇ ਕਿ ਜਦੋਂ ਇਹ ਊਠਾਂ ਦੀ ਕਤਾਰ ਸਾਰੀ ਅਗੇ ਨਿਕਲ ਜਾਵੇਗੀ, ਮੈਂ ਫਿਰ ਆਪਣੇ ਰਸਤੇ ਚਲ ਪਵਾਂਗਾ। ਪਰ ਹਜਰਤ ਇਬਰਾਹੀਮ ਬੜੇ ਹੈਰਾਨ ਹੋਏ ਕਿ ਹਰੇਕ ਊਠ ਦੇ ਉਪਰ ਇਕ ਇਕ ਬਕਸਾ ਰਖਿਆ ਹੋਇਆ ਸੀ। ਜਿਹੜਾ ਵੀ ਊਠ ਜਾਂ ਊਠਣੀ ਕਤਾਰ ਨੂੰ ਛੱਡਣਾ ਚਾਹੁੰਦਾ ਸੀ, ਉਹ ਆਪਣੇ ਬਕਸੇ ਵਿਚੋਂ ਆਪਣੀ ਸ਼ਕਲ ਦਾ ਇਕ ਹੋਰ ਊਠ ਆਪਣੀ ਥਾਂ ਤੇ ਉਸ ਕਤਾਰ ਵਿਚ ਛੱਡ ਦੇਂਦਾ ਸੀ। ਕਦੇ ਵੀ ਉਹ ਕਤਾਰ ਟੁਟਦੀ ਨਹੀਂ ਸੀ। ਹਜਰਤ ਇਬਰਾਹੀਮ ਨੂੰ ਉਸ ਕਤਾਰ ਦੇ ਸਮਾਪਤ ਹੋਣ ਦੀ ਉਡੀਕ ਵਿਚ ਸੱਤ ਦਿਨ ਓਥੇ ਹੀ ਲਗ ਗਏ, ਪਰ ਕਤਾਰ ਤਾਂ ਉਸੇ ਤਰ੍ਹਾਂ ਨਿਰੰਤਰ ਚਲੀ ਜਾ ਰਹੀ ਸੀ। ਅਚੇਤ ਹੀ ਹਜਰਤ ਇਬਰਾਹੀਮ ਦੇ ਕੋਲ ਅਜ਼ਰਾਈਲ ਆ ਖਲੋਤਾ। ਅਜ਼ਰਾਈਲ, ਹਜਰਤ ਇਬਰਾਹੀਮ ਨੂੰ ਪੁਛਣ ਲੱਗਾ ਕਿ, "ਆਪ ਏਥੇ ਕੀ ਕਰ ਰਹੇ ਹੋ? ਮੇਰੇ ਨਾਲ ਚਲੋ ਮੈਂ ਤੁਹਾਨੂੰ ਲੈਣ ਆਇਆ ਹਾਂ।" ਤਾਂ ਹਜਰਤ ਕਹਿਣ ਲਗੇ ਕਿ, "ਮੈਂ ਤਾਂ ਜੰਨਤ ਨੂੰ ਜਾ ਰਿਹਾ ਸਾਂ, ਪਰ ਇਹ ਊਠਾਂ ਦੀ ਕਤਾਰ ਰਸਤੇ ਵਿਚ ਆ ਗਈ ਹੈ। ਸੋਚਦਾ ਹਾਂ ਇਹ ਊਠਾਂ ਦਾ ਸਿਲਸਿਲਾ ਖਤਮ ਹੋ ਜਾਵੇਗਾ ਤਾਂ ਮੈਨੂੰ ਜੰਨਤ ਦਾ ਰਸਤਾ ਮਿਲ ਜਾਵੇਗਾ ਪਰ ਇਹ ਸਿਲਸਿਲਾ ਖਤਮ ਹੀ ਨਹੀਂ ਹੁੰਦਾ। ਮੈਂ ਇਥੇ ਸੱਤ ਦਿਨਾਂ ਤੋਂ ਖੜਾ ਖੜਾ ਦੁਖੀ ਹੋ ਗਿਆ ਹਾਂ। ਅਜੇ ਇਹ ਕਤਾਰ ਹੀ ਨਹੀਂ ਮੁੱਕੀ ਤੇ ਤੂੰ ਆ ਗਿਆ ਹੈਂ। ਯਾਨੀ ਕਿ ਮੌਤ ਆ ਗਈ ਹੈ। ਮੈਂ ਤਾਂ ਜੰਨਤ ਤਕ ਪਹੁੰਚਣਾ ਚਾਹੁੰਦਾ ਹਾਂ ਪਰ ਮੌਤ ਪਹਿਲਾਂ ਆ ਜਾਂਦੀ ਹੈ। ਅਜ਼ਰਾਈਲ ਕਹਿਣ ਲਗਾ ਕਿ, "ਹਜਰਤ ਜੀ! ਜੇ ਤੁਸੀਂ ਇਸ ਕਤਾਰ ਦੀ ਸਮਾਪਤੀ ਦੀ ਉਡੀਕ ਕਰਦੇ ਰਹੇ ਤਾਂ ਫਿਰ ਤੁਸੀਂ ਜੰਨਤ ਵਿਚ ਕਦੇ ਵੀ ਨਹੀਂ ਪਹੁੰਚ ਸਕੋਗੇ।" ਹਜਰਤ ਇਬਰਾਹੀਮ ਪੁਛਣ ਲਗੇ, ਕਿਉਂ? ਤਾਂ ਅਜ਼ਰਾਈਲ ਨੇ ਜੁਆਬ ਦਿੱਤਾ ਕਿ, "ਮੇਰੇ ਪੜਦਾਦਾ ਜੀ ਮੈਨੂੰ ਦਸਦੇ ਸਨ ਕਿ ਉਹਨਾਂ ਦੇ ਪੜਦਾਦੇ ਨੇ ਉਹਨਾਂ ਨੂੰ ਦਸਿਆ ਸੀ ਕਿ ਇਹ ਕਤਾਰ ਉਹਨਾਂ ਦੇ ਪੜਦਾਦੇ ਦੇ ਪੜਦਾਦੇ ਦੇ ਵੇਲੇ ਤੋਂ ਵੀ ਪਹਿਲਾਂ ਦੀ ਚਲ ਰਹੀ ਹੈ ਅਤੇ ਕਦੀ ਵੀ ਰੁਕੀ ਨਹੀਂ। ਨਾ ਹੀ ਇਹ ਕਦੇ ਰੁਕਣੀ ਹੈ। ਜੇ ਤੁਸੀਂ ਏਸ ਕਤਾਰ ਦੇ ਰੁਕਣ ਦੀ

ਉਡੀਕ ਵਿਚ ਖੜੇ ਰਹੇ ਤਾਂ ਤੁਸੀਂ ਕਦੇ ਵੀ ਜੰਨਤ ਵਿਚ ਨਹੀਂ ਜਾ ਸਕੋਗੇ।" ਹਜਰਤ ਇਬਰਾਹੀਮ ਅਜ਼ਰਾਈਲ ਨੂੰ ਪੁੱਛਦੇ ਹਨ, "ਕਿ ਇਸ ਕਤਾਰ ਦੇ ਨਾ ਸਮਾਪਤ ਹੋਣ ਦਾ ਭੇਦ ਕੀ ਹੈ? ਤਾਂ ਅਜ਼ਰਾਈਲ ਨੇ ਜੁਆਬ ਦਿੱਤਾ ਕਿ ਇਸ ਊਠਾਂ ਦੀ ਕਤਾਰ ਦੇ ਨਾ ਸਮਾਪਤ ਹੋਣ ਦਾ ਭੇਦ, ਇਨ੍ਹਾਂ ਉਪਰ ਰੱਖੇ ਬਕਸਿਆਂ ਵਿਚ ਹੈ। ਤਾਂ ਕਹਿੰਦੇ ਹਨ ਕਿ ਹਜਰਤ ਇਬਰਾਹੀਮ ਨੇ ਕਿਹਾ ਕਿ, "ਅਜ਼ਰਾਈਲ! ਇਕ ਊਠ ਉਪਰੋਂ ਇਕ ਬਕਸਾ ਉਤਾਰ ਕੇ ਲਿਆਉ ਖੋਲ੍ਹ ਕੇ ਦੇਖਿਆ ਜਾਵੇ ਕਿ ਕੀ ਭੇਦ ਹੈ?" ਤਾਂ ਕਹਿੰਦੇ ਹਨ ਕਿ ਅਜ਼ਰਾਈਲ ਨੇ ਇਕ ਊਠ ਉਪਰੋਂ ਇਕ ਬਕਸਾ ਉਤਾਰਿਆ। ਉਸ ਬਕਸੇ ਨੂੰ ਖੋਲ੍ਹ ਕੇ ਦੇਖਿਆ ਤਾਂ ਉਸ ਬਕਸੇ ਵਿਚ ਇਕ ਊਠ ਤੇ ਇਕ ਊਠਣੀ ਬੈਠੇ ਸਨ ਤੇ ਉਹਨਾਂ ਉਪਰ ਇਕ ਇਕ ਬਕਸਾ ਰਖਿਆ ਸੀ। ਇਸ ਤਰ੍ਹਾਂ ਹਰੇਕ ਊਠ ਦੇ ਬਕਸੇ ਵਿਚ ਇਕ ਇਕ ਜੋੜਾ ਊਠ ਊਠਣੀ ਦਾ ਬੈਠਾ ਸੀ ਤੇ ਹਰੇਕ ਉਪਰ, ਉਸ ਦਾ ਬਕਸਾ ਰਖਿਆ ਹੋਇਆ ਸੀ।

ਦਰਅਸਲ ਇਹ ਕਥਾ ਸ੍ਰਿਸ਼ਟੀ ਦੀ ਰਚਨਾ ਦੀ ਸਚਾਈ ਦਾ ਪ੍ਰਮਾਣ ਹੈ। ਊਠਾਂ ਦੀ ਕਤਾਰ ਕੋਈ ਹੋਰ ਕਤਾਰ ਨਹੀਂ, ਬਲਕਿ ਜੀਵਾਂ ਦੇ ਜਨਮ ਮਰਨ ਦੀ ਕਤਾਰ ਹੈ। ਇਸ ਕਤਾਰ ਨੂੰ ਨਿਰੰਤਰ ਜਾਰੀ ਰਖਣ ਵਾਸਤੇ ਹਰੇਕ ਜੀਵ ਸਰੀਰ ਵਿਚ ਹੀ ਪ੍ਰਬੰਧ ਹੈ ਕਿ ਜੀਵ ਤੋਂ ਜੀਵ ਪੈਦਾ ਹੋ ਰਹੇ ਹਨ। ਜਿਹੜਾ ਜੀਵ ਇਸ ਸੰਸਾਰ ਦੀ ਕਤਾਰ ਨੂੰ ਛੱਡਦਾ ਹੈ। ਯਾਨੀ ਕਿ ਮਰ ਜਾਂਦਾ ਹੈ। ਉਹ ਆਪਣੀ ਸੰਤਾਨ ਇਸ ਕਤਾਰ ਵਿਚ ਚਲਦੀ ਛੱਡ ਜਾਂਦਾ ਹੈ। ਜਿਹੜਾ ਜੀਵ ਆਪਣਾ ਸਰੀਰ ਛੱਡਦਾ ਹੈ, ਉਹ ਕਿਤੇ ਜਾਂਦਾ ਨਹੀਂ ਹੈ। ਬਲਕਿ ਕਿਸੇ ਹੋਰ ਸਰੀਰ ਵਿਚ ਪੈਦਾ ਹੋ ਕੇ, ਉਹ ਵੀ ਇਸੇ ਹੀ ਕਤਾਰ ਵਿਚ ਆ ਜਾਂਦਾ ਹੈ। ਕਿਉਂਕਿ ਇਹ ਕਤਾਰ ਸਿੱਧੀ ਲੰਬਾਈ ਵਿਚ ਨਹੀਂ ਚਲਦੀ। ਇਹ ਇਕ ਗੋਲ ਚੱਕਰ ਹੈ, ਜੋ ਕਿਤੇ ਜਾਂਦਾ ਨਹੀਂ, ਕੇਵਲ ਓਥੇ ਹੀ ਘੁੰਮਦਾ ਜਾਂਦਾ ਹੈ। ਇਸ ਕਰਕੇ ਜੀਵ ਦਾ ਜਨਮ ਮਰਨ ਦਾ ਚਕਰ ਮੁੱਕਦਾ ਹੀ ਨਹੀਂ। ਇਹ ਜੀਵ ਨਿਰੰਤਰ ਚੱਕਰ ਵਿਚ ਹੈ। ਇਹ ਸਿਲਸਿਲਾ ਅਨੰਤ ਸਮੇਂ ਤੋਂ ਇਸੇ ਤਰ੍ਹਾਂ ਹੀ ਜਾਰੀ ਹੈ। ਨਾ ਕਦੇ ਮੁਕਿਆ ਸੀ ਅਤੇ ਨਾ ਅਗੋਂ ਮੁਕਣਾ ਹੈ। ਇਸ ਸਿਲਸਿਲੇ ਨੂੰ ਨਿਰੰਤਰ ਚਲਦਾ ਅਤੇ ਨਵਾਂ ਰਖਣ ਲਈ ਕਰਤਾ ਪੁਰਖ ਨੇ ਇਕ ਕਲਾ ਬਣਾਈ ਹੈ ਅਤੇ ਉਸ ਕਲਾ ਦਾ ਨਾਮ ਹੈ "*ਮੌਤ ਦੀ ਕਲਾ*"।

ਉਪਰੋਕਤ ਜੋ ਕਥਾ ਦਰਸਾਈ ਗਈ ਹੈ, ਉਸ ਦੇ ਇਕ ਇਕ ਪਹਿਲੂ ਨੂੰ ਜਰਾ ਸਮਝਣਾ ਪਏਗਾ। ਪਹਿਲੇ ਪਹਿਲੂ ਵਿਚ ਕਿਹਾ ਗਿਆ ਹੈ ਕਿ ਹਜਰਤ ਇਬਰਾਹੀਮ ਜੰਨਤ ਨੂੰ ਜਾ ਰਹੇ ਸਨ ਕਿ ਰਸਤੇ ਵਿਚ ਊਠਾਂ ਦੀ ਕਤਾਰ ਮਿਲ ਪਈ। ਜੋ ਜੰਨਤ ਦੇ ਰਸਤੇ ਵਿਚ ਰੁਕਾਵਟ ਬਣ ਗਈ। ਦਰਅਸਲ ਹਰ ਕੋਈ ਜੋ ਸੰਸਾਰ ਵਿਚ ਆਇਆ ਹੈ, ਉਹ ਇਸ ਸੰਸਾਰ ਵਿਚ ਬੜੇ ਦੁਖ ਅਨੁਭਵ ਕਰਦਾ ਹੈ।

ਨਾਨਕ ਦੁਖੀਆ ਸਭੁ ਸੰਸਾਰੁ॥ *(ਪੰਨਾ ੯੫੪)*

ਜੀਵ ਨੂੰ ਸੁੱਖ ਚਾਹੀਦਾ ਹੈ। ਪਰ ਇਸ ਸੰਸਾਰ ਵਿਚੋਂ ਜਿਥੇ ਵੀ ਸੁੱਖਾਂ ਦੀ, ਇਹ ਜੀਵ ਤਲਾਸ਼ ਕਰਦਾ ਹੈ, ਓਥੋਂ ਹੀ ਅਗੋਂ ਦੁਖ ਪ੍ਰਗਟ ਹੋ ਜਾਂਦਾ ਹੈ। ਇਸ ਕਰਕੇ ਸਾਰਾ ਸੰਸਾਰ ਹੀ ਮਨੁੱਖ ਨੂੰ ਪ੍ਰਤੀਤ ਹੁੰਦਾ ਹੈ ਕਿ ਇਹ ਮੇਰੀ ਜੰਨਤ (ਸੁੱਖ) ਦੇ ਰਸਤੇ ਵਿਚ ਚਲ ਰਹੀ ਕਤਾਰ ਹੈ। ਯਾਨੀ ਕਿ ਰੁਕਾਵਟ ਹੈ। ਹਰ ਜੀਵ ਸੋਚਦਾ ਹੈ ਕਿ ਇਹ ਕਤਾਰ ਪੂਰੀ ਹੋ ਜਾਵੇਗੀ ਤਾਂ ਮੈਨੂੰ (ਜੰਨਤ) ਵਿਚ ਜਾਣ ਲਈ ਰਸਤਾ ਮਿਲੇਗਾ। ਦਰਅਸਲ ਇਹ ਕਤਾਰ ਸੰਸਾਰੀ ਗ੍ਰਿਹਸਤ ਜੰਜਾਲ ਹੈ, ਜਿਸ ਵਿਚ ਹਮੇਸ਼ਾ ਦੁੱਖਾਂ ਦੀ ਕਤਾਰ ਚਲਦੀ ਰਹਿੰਦੀ ਹੈ। ਨਾ ਸੰਸਾਰੀ ਦੁੱਖਾਂ ਦੇ ਜੰਜਾਲ ਮੁੱਕਦੇ ਹਨ ਅਤੇ ਨਾਹੀ ਜੀਵ ਨੂੰ ਜੰਨਤ ਮਿਲਦੀ ਹੈ। ਦਰਅਸਲ ਏਥੇ ਮਨੁੱਖ ਨੂੰ ਭਰਮ ਲਗਦਾ ਹੈ। ਇਸ ਕਤਾਰ ਨੇ ਮੁੱਕਣਾ ਨਹੀਂ। ਇਹ ਜੋ ਮਰਨ ਤੋਂ ਉਪਰੰਤ ਸਵਰਗਵਾਸੀ ਹੋਣ ਦੀਆਂ ਅਰਦਾਸਾਂ ਹੁੰਦੀਆਂ ਹਨ, ਉਹ ਸਭ ਭਰਮ ਹੈ। ਕੋਈ ਜੀਵ ਵੀ ਇਸ (ਕਤਾਰ) ਨੂੰ ਛੱਡ ਕੇ ਗਿਆ ਨਹੀਂ। ਬਲਕਿ *"ਮੌਤ ਦੀ ਕਲਾ"* ਦੁਆਰਾ ਉਹ (ਰੀਨਿਊ) ਨਵਾਂ ਰੂਪ ਧਾਰਨ ਕਰਕੇ ਫਿਰ ਉਸੇ ਹੀ ਕਤਾਰ ਵਿਚ ਸ਼ਾਮਿਲ ਹੋ ਗਿਆ ਹੈ।

ਦੂਸਰਾ ਪਹਿਲੂ ਇਸ ਕਥਾ ਦਾ ਇਹ ਹੈ ਕਿ ਹਜਰਤ ਇਬਰਾਹੀਮ ਇਸ ਕਤਾਰ ਦੇ ਸੰਪੂਰਨ ਹੋਣ ਦੀ ਉਡੀਕ ਕਰ ਰਹੇ ਹਨ। ਦਰਅਸਲ ਹਰ ਜੀਵ ਹੀ ਹਜਰਤ ਇਬਰਾਹੀਮ ਹੈ ਅਤੇ ਇਸ ਸੰਸਾਰ ਵਿੱਚ ਮੋਹ ਪਾਲ ਰਿਹਾ ਹੈ। ਯਾਨੀ ਕਿ ਸੰਸਾਰੀ ਸੁੱਖ ਪੂਰੇ ਹੋ ਜਾਣ ਦੀ ਉਡੀਕ ਕਰ ਰਿਹਾ ਹੈ। ਪਾਉਣਾ ਸੁੱਖ ਨੂੰ ਚਾਹੁੰਦਾ ਹੈ ਜੋ ਕਿ ਪਰਮ ਸੁੱਖ ਹੈ। ਪਰ ਉਡੀਕ ਕਰ ਰਿਹਾ ਹੈ ਸੰਸਾਰੀ ਕਤਾਰ (ਸੰਸਾਰੀ ਕੰਮ) ਪੂਰੇ ਹੋ ਜਾਣਗੇ ਤਾਂ ਫਿਰ ਮੈਂ ਕਰਤਾਰ ਦੀ ਗੱਲ ਕਰਾਂਗਾ। ਦਰਅਸਲ ਉਡੀਕ ਕਰਦਿਆਂ ਹੀ ਸਰੀਰ ਸਾਥ ਛੱਡ ਜਾਂਦਾ ਹੈ ਅਤੇ ਕਿਸੇ ਹੋਰ ਨਵੇਂ ਸਰੀਰ ਦੁਆਰਾ ਮਨੁੱਖ ਫਿਰ ਏਥੇ ਹੀ ਜਨਮ ਪੈਂਦਾ ਹੈ। ਇਹੀ *ਮੌਤ ਦੀ ਕਲਾ* ਹੈ।

ਇਸ ਕਥਾ ਦਾ ਤੀਸਰਾ ਪਹਿਲੂ ਇਹ ਹੈ ਕਿ ਹਜਰਤ ਇਬਰਾਹੀਮ ਸੱਤ ਦਿਨ ਤਕ ਕਤਾਰ ਦੀ ਸੰਪੂਰਨਤਾ ਹੋਣ ਦੀ ਉਡੀਕ ਕਰਦੇ ਰਹੇ। ਦਰਅਸਲ ਦਿਨ ਸੱਤ ਹੀ ਹਨ, ਐਤਵਾਰ ਤੋਂ ਸ਼ਨੀਵਾਰ ਤਕ। ਹਰ ਵਾਰ ਉਹ ਦਿਨ ਫਿਰ ਪਰਤ ਕੇ ਆ ਜਾਂਦੇ ਹਨ ਸੱਤੇ ਦਿਨ ਹੀ ਇਹ ਮਨੁੱਖ ਕਤਾਰ ਦੇ ਪੂਰੀ ਹੋਣ ਦੀ ਉਡੀਕ ਕਰਦਾ ਹੈ। ਯਾਨੀ ਕਿ ਦਿਨ ਤਾਂ ਓਹੀ ਐਤ, ਸੋਮ, ਮੰਗਲ, ਬੁਧ ਆਦਿ ਸੱਤ ਹੀ ਹਨ। ਉਹੀ ਦਿਨ ਦੁਬਾਰਾ ਫਿਰ ਸ਼ੁਰੂ ਹੋ ਜਾਂਦੇ ਹਨ। ਜੀਵ ਨਿਰੰਤਰ ਸੰਸਾਰੀ ਮੋਹ ਪੂਰਾ ਹੋ ਜਾਣ ਦੀ ਉਡੀਕ ਵਿਚ ਹੈ।

ਇਸ ਕਥਾ ਦਾ ਚੌਥਾ ਪਹਿਲੂ ਇਹ ਹੈ ਕਿ ਹਜਰਤ ਇਬਰਾਹੀਮ ਜਦੋਂ ਕਤਾਰ ਦੇ ਮੁੱਕ ਜਾਣ ਦੀ ਉਡੀਕ ਵਿਚ ਖੜ੍ਹੇ ਸਨ ਤਾਂ ਉਹਨਾਂ ਨੂੰ ਅਜ਼ਰਾਈਲ ਫਰਿਸ਼ਤਾ ਆ ਮਿਲਿਆ। ਦਰਅਸਲ ਇਹ ਵੀ ਹਕੀਕਤ ਹੈ ਕਿ ਹਰ ਜੀਵ ਨੂੰ ਇਹ ਉਡੀਕ ਕਰਦਿਆਂ ਕਿ ਸੰਸਾਰੀ ਜੰਜਾਲ ਪੂਰੇ ਹੋ ਜਾਣਗੇ ਤਾਂ ਪਰਮ ਸੁਖ (ਜੰਨਤ) ਦਾ

ਰਸਤਾ ਮਿਲ ਜਾਏਗਾ। ਨਾ ਇਹ ਸੰਸਾਰੀ ਕਤਾਰ ਪੂਰੀ ਹੁੰਦੀ ਹੈ ਅਤੇ ਨਾ ਹੀ ਮਨੁੱਖ ਨੂੰ ਜੰਨਤ ਮਿਲਦੀ ਹੈ ਪਰ ਅਜ਼ਰਾਈਲ ਫਰਿਸ਼ਤਾ ਆ ਜਾਂਦਾ ਹੈ।

ਅਜਰਾਈਲੁ ਫਰੇਸਤਾ ਹੋਸੀ ਆਇ ਤਈ॥ (ਪੰਨਾ ੯੫੩)

ਅਜ਼ਰਾਈਲ ਫਰਿਸ਼ਤਾ ਯਾਨੀ ਕਿ ਮੌਤ ਆ ਜਾਂਦੀ ਹੈ। ਅਜ਼ਰਾਈਲ ਫਰਿਸ਼ਤੇ ਨੂੰ ਇਸਲਾਮ ਵਿਚ ਮੌਤ ਦਾ ਦੂਤ ਮੰਨਿਆ ਜਾਂਦਾ ਹੈ। ਕਥਾ ਦਾ ਪਹਿਲੂ ਹੈ ਕਿ ਹਜਰਤ ਇਬਰਾਹੀਮ ਨੂੰ ਕਤਾਰ ਦੇ ਮੁਕਣ ਦੀ ਉਡੀਕ ਕਰਦਿਆਂ ਆ ਕੇ ਅਜ਼ਰਾਈਲ ਪੁਛਦਾ ਹੈ ਕਿ ਤੁਸੀਂ ਏਥੇ ਕੀ ਕਰ ਰਹੇ ਹੋ? ਚਲੋ ਮੇਰੇ ਨਾਲ ਚਲੋ ਮੈਂ ਤੁਹਾਨੂੰ ਲੈਣ ਆਇਆ ਹਾਂ। ਦਰਅਸਲ ਇਹ ਵੀ ਹਕੀਕਤ ਹੈ ਕਿ ਹਰ ਮਨੁੱਖ ਹੀ ਹਜਰਤ ਇਬਰਾਹੀਮ ਹੈ ਅਤੇ ਇਸ ਸੰਸਾਰੀ ਜੰਜਾਲ ਦੀ ਕਤਾਰ ਦੇ ਮੁੱਕਣ ਦੀ ਉਡੀਕ ਕਰ ਰਿਹਾ ਹੈ। ਪਰ ਅਜ਼ਰਾਈਲ ਫਰਿਸ਼ਤਾ ਆ ਖਲੋਂਦਾ ਹੈ। ਯਾਨੀ ਮੌਤ ਆ ਜਾਂਦੀ ਹੈ, ਪਰ ਸੰਸਾਰੀ ਜੰਜਾਲ ਨਹੀਂ ਮੁਕਦੇ।

ਇਸ ਕਥਾ ਦਾ ਪੰਜਵਾਂ ਪਹਿਲੂ ਹੈ ਕਿ ਅਜ਼ਰਾਈਲ (ਮੌਤ ਦਾ ਫਰਿਸ਼ਤਾ) ਹਜਰਤ ਇਬਰਾਹੀਮ ਨੂੰ ਕਹਿੰਦਾ ਹੈ ਕਿ ਜੇ ਤੁਸੀਂ ਇਸ ਕਤਾਰ ਦੇ ਖਤਮ ਹੋਣ ਦੀ ਉਡੀਕ ਵਿਚ ਰਹੇ ਤਾਂ ਫਿਰ ਤੁਸੀਂ ਜੰਨਤ ਵਿਚ ਕਦੇ ਵੀ ਨਹੀਂ ਜਾ ਸਕੋਗੇ। ਇਹ ਵੀ ਸੱਚ ਹੈ ਕਿ ਅਸੀਂ ਸੰਸਾਰੀ ਜੰਜਾਲਾਂ ਦੀ ਕਤਾਰ ਦੇ ਖਤਮ ਹੋਣ ਦੀ ਉਡੀਕ ਕਰਦੇ ਰਹਿੰਦੇ ਹਾਂ ਅਤੇ ਮੌਤ ਆ ਖਲੋਂਦੀ ਹੈ। ਉਹ ਸਾਨੂੰ ਆ ਪੁੱਛਦੀ ਹੈ ਕਿ ਮੈਂ ਤੁਹਾਨੂੰ ਲੱਭਦੀ ਫਿਰਦੀ ਹਾਂ ਤੁਸੀਂ ਏਥੇ ਕੀ ਕਰ ਰਹੇ ਹੋ? ਸਾਡਾ ਓਹੀ ਜੁਆਬ ਹੁੰਦਾ ਹੈ ਕਿ ਅਸੀਂ ਤਾਂ ਜੰਨਤ ਵਿਚ ਜਾਣਾ ਚਾਹੁੰਦੇ ਹਾਂ। ਪਰ ਇਹ ਸੰਸਾਰ ਦੇ ਕੰਮਾਂ ਦਾ ਜੰਜਾਲ ਏਨਾ ਏ ਕਿ ਇਹ ਮੁੱਕਦਾ ਹੀ ਨਹੀਂ।

ਫਿਰ ਇਸ ਕਥਾ ਦਾ ਛੇਵਾਂ ਪਹਿਲੂ ਇਹ ਹੈ ਕਿ ਅਜ਼ਰਾਈਲ, ਹਜਰਤ ਇਬਰਾਹੀਮ ਨੂੰ ਕਹਿੰਦਾ ਹੈ ਕਿ ਜੇ ਤੁਸੀਂ ਇਸ ਊਠਾਂ ਦੀ ਕਤਾਰ ਦੇ ਖਤਮ ਹੋਣ ਦੀ ਉਡੀਕ ਵਿਚ ਰਹੇ ਤਾਂ ਤੁਸੀਂ ਜੰਨਤ ਵਿਚ ਕਦੇ ਵੀ ਨਹੀਂ ਜਾ ਸਕੋਗੇ। ਦਰਅਸਲ ਜੇ ਅਸੀਂ ਇਸ ਜਨਮ ਮਰਨ ਦੀ ਕਤਾਰ ਅਤੇ ਜੰਜਾਲਾਂ ਦੇ ਊਠਾਂ ਦੀ ਕਤਾਰ ਨੂੰ ਖਤਮ ਹੋਣ ਦੀ ਉਡੀਕ ਕਰਦੇ ਰਹੇ ਤਾਂ ਮਨੁੱਖ ਨੂੰ ਜੰਨਤ ਦਾ ਰਸਤਾ ਕਦੇ ਵੀ ਨਹੀਂ ਮਿਲੇਗਾ। ਇਸ ਕਰਕੇ ਜੇ ਜੰਨਤ ਵਿਚ ਜਾਣਾ ਹੈ ਤਾਂ ਇਸ ਸੰਸਾਰ ਦੇ ਜੰਜਾਲਾਂ ਦੀ ਕਤਾਰ ਵਿਚੋਂ ਹੀ ਕੋਈ ਰਸਤਾ ਲੱਭਣਾ ਪਵੇਗਾ। ਰਸਤਾ ਜਰੂਰ ਹੈ, ਪਰ ਸਾਨੂੰ ਸੰਸਾਰ ਦਿਸਦਾ ਹੈ, ਕਰਤਾਰ ਦਿਸਦਾ ਨਹੀਂ। ਸਾਨੂੰ ਦੁਖ ਦਿਸਦਾ ਹੈ, ਸੁਖ ਨਹੀਂ ਦਿਸਦਾ। ਸਾਨੂੰ ਨਰਕ ਦਿਸਦਾ ਹੈ, ਸਵਰਗ ਦਿਸਦਾ ਨਹੀਂ ਹੈ।

□□□□

ਨਰਕ ਸੁਰਗ ਤੇ ਮੌਤ ਦੀ ਕਲਾ

ਨਰਕ ਸੁਰਗ, ਦੋਜ਼ਖ ਬਹਿਸ਼ਤ ਦੀਆਂ ਇਹ ਜੋ ਕਥਾ ਕਹਾਣੀਆਂ ਅਸੀਂ ਸੁਣਦੇ ਸੁਣਾਉਂਦੇ ਹਾਂ, ਇਹ ਸਾਰੀਆਂ ਦਾ ਸਬੰਧ ਸਾਡੇ ਸਰੀਰ ਨਾਲ ਹੈ। ਕੋਈ ਸਵਰਗ ਜਾਂ ਕੋਈ ਨਰਕ ਅਕਾਸ਼ਾਂ ਵਿਚ ਨਹੀਂ ਹੈ। ਮਰਨ ਤੋਂ ਬਾਅਦ ਜੋ ਇਹ ਕਿਹਾ ਜਾਂਦਾ ਹੈ ਫਲਾਣਾ ਸਵਰਗਵਾਸ ਹੋ ਗਿਆ ਹੈ। ਇਹ ਸਭ ਇਕ ਮਨ ਦੀ ਧਰਵਾਸ ਹੈ ਕਿ ਹੁਣ ਹੋਰ ਕੀ ਕਿਹਾ ਜਾਏ? ਕਿਉਂਕਿ ਮਰਨਾ (ਮੌਤ) ਸ਼ਬਦ ਬੜਾ ਭਿਆਨਕ ਲਗਦਾ ਹੈ। ਇਸ ਕਰਕੇ ਲੋਕ ਸਵਰਗਵਾਸੀ ਲਫ਼ਜ਼ ਦੇ ਨਾਮ ਨਾਲ ਸੰਬੋਧਨ ਕਰਦੇ ਹਨ। ਕਿਸੇ ਨੂੰ ਕਿਹਾ ਜਾਂਦਾ ਹੈ ਕਿ ਇਹ ਸਚਖੰਡ ਵਾਸੀ ਹੋ ਗਿਆ ਹੈ। ਕਿਸੇ ਨੂੰ ਕਿਹਾ ਜਾਂਦਾ ਹੈ ਕਿ ਇਹ ਸਵਰਗਵਾਸੀ ਹੋ ਗਿਆ ਹੈ। ਦਰਅਸਲ ਗੁਰੂ ਤੇ ਪ੍ਰਭੂ ਤੋਂ ਬਿਨਾਂ ਕਿਸੇ ਨੂੰ ਵੀ ਇਹ ਪਤਾ ਨਹੀਂ ਹੁੰਦਾ ਕਿ ਉਹ ਸਚਖੰਡ ਵਾਸੀ ਹੋਇਆ ਹੈ ਕਿ ਝੂਠਖੰਡ ਵਾਸੀ ਹੋਇਆ ਹੈ। ਇਹ ਤਾਂ ਉਸ ਦੇ ਕਰਮਾਂ ਉਪਰ ਨਿਬੇੜਾ ਹੋਣਾ ਹੈ। ਆਪਣੇ ਕਰਮਾਂ ਨੇ ਹੀ ਮਨੁੱਖ ਨੂੰ ਸਵਰਗ ਪ੍ਰਦਾਨ ਕਰਨਾ ਹੈ ਅਤੇ ਆਪਣੇ ਕਰਮਾਂ ਨੇ ਹੀ ਮਨੁੱਖ ਨੂੰ ਨਰਕ ਪ੍ਰਦਾਨ ਕਰਨਾ ਹੈ। ਨਰਕ ਤੇ ਸਵਰਗ ਮਨੁੱਖ ਤੋਂ ਬਾਹਰ ਕਿਤੇ ਵੀ ਨਹੀਂ। ਇਹ ਜੋ ਨਰਕਾਂ ਸਵਰਗਾਂ ਦੀਆਂ ਕਹਾਣੀਆਂ ਇੰਦਰ ਦੇਵਤੇ ਨਾਲ ਜੁੜੀਆਂ ਹੋਈਆਂ ਹਨ, ਇਹ ਸਾਰੀਆਂ ਮਿਥੀਆਂ ਹੋਈਆਂ ਤੇ ਸਰੀਰਕ ਇੰਦਰਿਆਂ ਨਾਲ ਪ੍ਰਮਾਣਿਕ ਲਗਦੀਆਂ ਹਨ। ਸਰੀਰ ਦੇ ਸਾਰੇ ਇੰਦਰਿਆਂ ਦਾ ਰਸ, ਜਿਸ ਮਨੁੱਖ ਨੂੰ ਨਸੀਬ ਹੋਵੇ, ਉਸ ਨੂੰ ਇਹ ਸਾਰਾ ਸੰਸਾਰ ਇਕ ਸਵਰਗ ਲਗਦਾ ਹੈ। ਜਿਸ ਕੋਲ ਆਪਣੇ ਇੰਦਰਿਆਂ ਦੀ ਕਾਮਨਾ ਪੂਰੀ ਕਰਨ ਵਾਸਤੇ ਕੋਈ ਪ੍ਰਬੰਧ ਨਾ ਹੋਵੇ, ਉਸ ਨੂੰ ਸਾਰਾ ਸੰਸਾਰ ਨਰਕ ਲਗਦਾ ਹੈ। ਸੋ ਨਰਕ ਸਵਰਗ ਮਹਿਜ਼ ਇਕ ਸੰਸਾਰਕ ਖੇਡ ਹੈ, ਨਾ ਕਿ ਅਕਾਸ਼ਾਂ ਵਿਚ ਕੋਈ ਇੰਦਰਪੁਰੀ (ਸਵਰਗਪੁਰੀ) ਹੈ, ਜੋ ਮਨੁੱਖ ਨੂੰ ਮਰਨ ਤੋਂ ਬਾਅਦ ਮਿਲੇਗੀ। ਇਸ ਵਹਿਮ ਭਰਮ ਵਿਚ ਕਦੇ ਨਹੀਂ ਰਹਿਣਾ ਚਾਹੀਦਾ ਕਿ ਕੋਈ ਅਕਾਸ਼ਾਂ ਵਿਚ ਸਵਰਗਪੁਰੀ ਹੈ। ਉਥੋਂ ਦਾ ਰਾਜਾ ਇੰਦਰ ਦੇਵਤਾ ਹੈ। ਜੋ ਲੋਕ ਦਾਨ ਪੁੰਨ ਕਰਕੇ ਮਰਦੇ ਹਨ, ਉਹ ਸਵਰਗਾਂ (ਇੰਦਰਪੁਰੀ) ਵਿਚ ਜਾਂਦੇ ਹਨ ਅਤੇ ਜਿਹੜੇ ਲੋਕ ਦਾਨ ਪੁੰਨ ਨਹੀਂ ਕਰਕੇ ਮਰਦੇ, ਉਹ ਨਰਕਾਂ ਵਿਚ ਜਾਂਦੇ ਹਨ। ਦਰਅਸਲ ਇਹ ਇਕ ਅੰਧ ਵਿਸ਼ਵਾਸ਼ ਹੈ ਜੋ ਕਿ ਪੂਜਾ ਦਾ ਧਾਨ ਖਾਣ ਵਾਲਿਆਂ ਵਲੋਂ ਪ੍ਰਚਾਰਿਆ ਤੇ ਪ੍ਰਸਾਰਿਆ ਗਿਆ ਹੈ। ਹੋਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਸਾਰੀ ਜ਼ਿੰਦਗੀ ਬੰਦਾ ਪਾਪ ਕਰਦਾ ਰਹੇ ਤੇ ਮਰਨ ਲਗਿਆਂ ਦਾਨ ਕਰਨ ਲਗ ਜਾਏ ਤਾਂ ਉਹ ਸਵਰਗ ਚਲਾ ਜਾਏਗਾ?

ਇਹ ਤਾਂ ਉਹਨਾਂ ਪੂਜਾਰੀ ਲੋਕਾਂ ਦੀ ਲਾਲਚੀ ਅੱਖ ਨੇ ਦੇਖਿਆ ਕਿ ਆਖਰੀ ਸਮੇਂ ਤੇ ਬੰਦਾ ਮੌਤ ਤੋਂ ਬਹੁਤ ਡਰਦਾ ਹੈ ਅਤੇ ਨੇਕ ਕੰਮ ਅਤੇ ਦਾਨ ਪੁੰਨ ਕਰਦਾ ਹੈ। ਉਸ ਨੂੰ ਇਹ ਵੀ ਡਰ ਦਿੱਤਾ ਜਾਵੇ ਕਿ ਹੁਣ ਤਾਂ ਕੁਝ ਪੁੰਨ ਦਾਨ ਕਰ, ਨਹੀਂ ਤਾਂ ਨਰਕਾਂ ਦੀ ਅੱਗ ਵਿਚ ਸੁਟਿਆ ਜਾਵੇਂਗਾ। ਇਹ ਇਕ ਵੱਡਾ ਅੰਧ ਵਿਸ਼ਵਾਸ਼ ਦਾ ਭਰਮ ਹੈ ਕਿ ਸਵਰਗਾਂ ਦਾ ਰਾਜਾ ਇੰਦਰ ਦੇਵਤਾ ਹੈ। ਉਸ ਨੇ ਅਕਾਸ਼ਾਂ ਵਿਚ ਇੰਦਰਪੁਰੀ (ਸਵਰਗਪੁਰੀ) ਵਸਾਈ ਹੋਈ ਹੈ। ਓਥੇ ਕਈ ਅਪਛਰਾਂ ਨ੍ਰਿਤ (ਨਾਚ) ਕਰਦੀਆਂ ਹਨ। ਕਈ ਕਿੰਨਰ ਗੰਧਰਬ ਆਦਿ ਗਾਇਨ ਕਰਦੇ ਹਨ।

ਦਰਅਸਲ ਕੋਈ ਇੰਦਰਪੁਰੀ (ਸਵਰਗਪੁਰੀ) ਅਕਾਸ਼ਾਂ ਵਿਚ ਨਹੀਂ ਹੈ। ਨਾ ਹੀ ਕੋਈ ਇੰਦਰ ਦੇਵਤਾ ਹੈ। ਮੂਲ ਗੱਲ ਏਨੀ ਹੈ ਕਿ ਜਿਹੜਾ ਮਨੁੱਖ ਇੰਦਰਿਆਂ ਦੇ ਰਸ ਵਿਚ ਹੀ ਸਾਰਾ ਜੀਵਨ ਜਿਉ ਰਿਹਾ ਹੈ, ਉਹ ਇੰਦਰ ਹੈ। ਜਿਸ ਮਨੁੱਖ ਕੋਲ ਇੰਦਰਿਆਂ ਦੇ ਸਾਰੇ ਰਸ ਮੌਜੂਦ ਹਨ, ਉਹ ਇੰਦਰ ਦੇਵਤਾ ਬਣੀ ਬੈਠਾ ਹੈ। ਕੰਨਾਂ ਨਾਲ ਗੀਤ ਸੰਗੀਤ ਸੁਣ ਕੇ ਰਸ ਮਾਣਦਾ ਹੈ ਅਤੇ ਅੱਖਾਂ ਦੁਆਰਾ ਰੂਪ ਦੇਖ ਕੇ ਸੁੰਦਰਤਾ ਦੀ ਮਸਤੀ ਮਾਣਦਾ ਹੈ। ਨੱਕ ਤੇ ਜੁਬਾਨ ਦੁਆਰਾ ਤਰ੍ਹਾਂ-ਤਰ੍ਹਾਂ ਦੀਆਂ ਸੁਗੰਧੀਆਂ ਲੈ ਰਿਹਾ ਹੈ। ਸਪਰਸ਼ ਦੁਆਰਾ ਚਮੜੀ ਦਾ ਰਸ ਲੈ ਰਿਹਾ ਹੈ। ਏਨ੍ਹਾਂ ਸਾਰੇ ਇੰਦਰਿਆਂ ਦੇ ਰਸ ਵਿਚ ਡੁੱਬੇ ਹੋਏ ਨੂੰ ਹੀ ਇੰਦਰ ਆਖਿਆ ਜਾਂਦਾ ਹੈ। ਸੰਸਾਰ ਨੂੰ ਸਾਰੇ ਇੰਦਰਿਆਂ ਦਾ ਸੁੱਖ ਹੀ ਸਵਰਗ ਲਗਦਾ ਹੈ। ਇੰਦਰਿਆਂ ਦਾ ਰਸ, ਸਾਰਾ ਕਾਮ ਦਾ ਰਸ ਹੈ। ਕਾਮ ਬਕਾਇਦਾ ਇਕ ਰਸ ਹੈ। ਗੀਤ ਸੰਗੀਤ ਕੰਨਾਂ ਦਾ ਰਸ ਹੈ। ਭੋਜਨ ਪਦਾਰਥ, ਜੁਬਾਨ ਦਾ ਰਸ ਹੈ। ਖਾ ਕੇ, ਬੋਲ ਕੇ, ਜਾਂ ਸਪਰਸ਼ ਕਰਕੇ ਜੋ ਰਸ ਬਣਦਾ ਹੈ, ਉਹ ਸਭ ਕਾਮ ਦਾ ਰਸ ਹੈ। ਬਕਾਇਦਾ ਇਹ ਕਾਮ ਦਾ ਰਸ ਹੈ। ਜਿਸ ਵਿਚ ਸਾਰਾ ਜਗਤ ਗਲਤਾਨ ਹੈ। ਕਰੀਬਨ-ਕਰੀਬਨ ਸਾਰੀ ਜ਼ਿੰਦਗੀ ਕਾਮਨਾਵਾਂ ਤੇ (ਵਾਸ਼ਨਾਵਾਂ) ਦੇ ਰਸ ਵਿਚ ਹੀ ਬਤੀਤ ਹੁੰਦੀ ਹੈ। ਬੜੀ ਹੈਰਾਨ ਕੁੰਨ ਵਿਚਾਰ ਹੈ ਕਿ ਇਹ ਕਾਮ ਦਾ ਰਸ ਸੁੱਤੇ ਪਿਆਂ ਵੀ ਮਾਣਿਆ ਜਾ ਸਕਦਾ ਹੈ। ਲੋਕ ਸੁੱਤੇ ਪਏ ਵੀ ਕਾਮਨਾਵਾਂ ਦੇ ਹੀ ਸੁਪਨੇ ਲੈ ਰਹੇ ਹੁੰਦੇ ਹਨ। ਜੀਵਨ ਸੁੱਤਾ ਪਿਆ ਹੈ, ਪਰ ਬੰਦਾ ਕਾਮ ਰਸ ਵਿਚ ਗਲਤਾਨ ਹੈ। ਮੁੱਕਦੀ ਗੱਲ ਕਿ ਇੰਦਰਿਆਂ ਦਾ ਰਸ ਸਾਰਾ ਕਾਮ ਰਸ ਹੈ ਅਤੇ ਇੰਦਰਿਆਂ ਦੇ ਰਸ ਵਿਚ ਜਿਉਣ ਵਾਲਾ ਹੀ ਇੰਦਰ ਹੈ। ਇੰਦਰ ਦੇਵਤੇ ਦੇ ਜੀਵਨ ਨਾਲ ਜਿਹੜੀਆਂ ਕਥਾ ਕਹਾਣੀਆਂ ਜੁੜੀਆਂ ਹਨ, ਉਹਨਾਂ ਨੂੰ ਪੜ੍ਹ ਸੁਣ ਕੇ ਤਾਂ ਨਹੀਂ ਲਗਦਾ ਕਿ ਇੰਦਰ ਕੋਈ ਦੇਵਤਾ ਹੋਵੇਗਾ? ਪੁਰਾਣਾਂ ਦੀਆਂ ਮਿਥੀਆਂ ਹੋਈਆਂ ਕਥਾ ਕਹਾਣੀਆਂ ਪੜ੍ਹ ਸੁਣਕੇ ਪਤਾ ਲਗਦਾ ਹੈ ਕਿ ਕੋਈ ਇੰਦਰ ਦੇਵਤਾ ਹੈ ਜੋ ਕਿ ਸਵਰਗ (ਇੰਦਰਪੁਰੀ) ਦਾ ਰਾਜਾ ਹੈ। ਪਰ ਏਨ੍ਹਾਂ ਕਥਾ ਕਹਾਣੀਆਂ ਨੂੰ ਪੜ੍ਹ ਸੁਣ ਕੇ ਇਹ ਅੰਦਾਜਾ ਨਹੀਂ ਲਗਦਾ ਕਿ ਇੰਦਰ ਵਿਚ ਕੋਈ ਦੇਵਤਿਆਂ ਵਾਲੇ ਗੁਣ ਹੋਣਗੇ। ਬਲਕਿ ਏਨ੍ਹਾਂ ਕਥਾ ਕਹਾਣੀਆਂ ਨੂੰ

ਪੜ੍ਹ ਸੁਣ ਕੇ ਇਹ ਅੰਦਾਜਾ ਲਗਦਾ ਹੈ ਕਿ ਇੰਦਰ ਕੋਈ ਮਹਾ ਕਾਮੀ ਪੁਰਸ਼ ਹੋਵੇਗਾ, ਜਿਹੜਾ ਆਪਣੇ ਇੰਦਰਿਆਂ ਦੀ ਵਾਸ਼ਨਾ ਪੂਰੀ ਕਰਨ ਵਾਸਤੇ ਹਰ ਜਾਇਜ ਤੇ ਨਜਾਇਜ਼ ਢੰਗ ਵਰਤ ਲੈਂਦਾ ਹੈ।

ਇੰਦਰ ਦੇ ਜੀਵਨ ਨਾਲ ਜੁੜੀ ਹੋਈ ਇਹ ਇਕ ਕਹਾਣੀ ਹੈ ਕਿ ਗੌਤਮ ਨਾਮ ਦਾ ਮਹਾਨ ਤਪਸਵੀ ਤੇ ਵਿਦਵਾਨ ਰਿਸ਼ੀ ਸੀ। ਉਸ ਦੀ ਧਰਮ ਪਤਨੀ ਬਹੁਤ ਹੀ ਖੂਬਸੂਰਤ ਸੀ। ਉਸ ਦੀ ਖੂਬਸੂਰਤੀ ਇੰਦਰ ਨੇ ਦੇਖੀ ਤੇ ਉਹ ਮੋਹਿਤ ਹੋ ਗਿਆ। ਗੌਤਮ ਰਿਖੀ ਦੀ ਇਸਤ੍ਰੀ ਦਾ ਨਾਮ ਅਹੱਲਿਆ ਸੀ। ਅਹੱਲਿਆ ਨੂੰ ਪ੍ਰਾਪਤ ਕਰਨ ਲਈ ਇੰਦਰ ਨੇ ਬੜੇ ਯਤਨ ਕੀਤੇ। ਪਰ ਕੋਈ ਯਤਨ ਸਫਲ ਨਾ ਹੋਇਆ। ਜਦੋਂ ਕੋਈ ਯਤਨ ਸਫਲ ਨਾ ਹੋਇਆ ਤਾਂ ਉਸ ਨੇ ਆਪਣੀ ਸਫਲਤਾ ਲਈ ਚੰਦਰਮਾ ਨੂੰ ਆਪਣੇ ਨਾਲ ਭਾਈਵਾਲ ਬਣਾਇਆ। ਚੰਦਰਮਾ ਨੇ ਕੁਕੜ (ਮੁਰਗੇ) ਦਾ ਭੇਸ ਬਣਾ ਲਿਆ ਅਤੇ ਇੰਦਰ ਨੇ ਗੌਤਮ ਰਿਖੀ ਦਾ ਹੀ ਭੇਸ ਧਾਰਨ ਕਰ ਲਿਆ। ਕੁਕੜ ਨੇ ਸਮੇਂ ਤੋਂ ਪਹਿਲਾਂ ਹੀ ਬਾਂਗ ਦੇ ਦਿੱਤੀ। ਗੌਤਮ ਨੇ ਸਮਝਿਆ ਕਿ ਮੇਰੇ ਇਸ਼ਨਾਨ ਪਾਨ ਕਰਨ ਦਾ ਸਮਾਂ ਹੋ ਗਿਆ ਹੈ। ਗੌਤਮ ਆਪਣੇ ਬਿਸਤਰੇ ਤੋਂ ਉਠਿਆ ਤੇ ਨਦੀ ਤੇ ਇਸ਼ਨਾਨ ਕਰਨ ਵਾਸਤੇ ਚਲਾ ਗਿਆ। ਇੰਦਰ ਗੌਤਮ ਦੇ ਭੇਸ ਵਿਚ ਅਹੱਲਿਆ ਦੇ ਬਿਸਤਰੇ ਵਿੱਚ ਚਲਾ ਗਿਆ। ਆਪਣੀ ਕਾਮ ਵਾਸ਼ਨਾ ਪੂਰੀ ਕਰਨ ਲਗਾ ਹੋਇਆ ਸੀ ਕਿ ਉਪਰੋਂ ਹੀ ਗੌਤਮ ਰਿਖੀ ਆ ਗਿਆ। ਇਹ ਕੁਝ ਦੇਖ ਕੇ ਗੌਤਮ ਬਹੁਤ ਰੋਸ਼ ਵਿਚ ਆਇਆ। ਇੰਦਰ ਨੂੰ ਕਹਿਣ ਲਗਾ ਕਿ ਤੂੰ ਕਿਹੜੇ ਸਵਰਗ ਦਾ ਰਾਜਾ ਹੈਂ? ਤੂੰ ਤਾਂ ਇੰਦਰੀ ਦੇ ਰਸ ਦਾ ਭੁੱਖਾ ਹੈਂ। ਯਾਨੀ ਕਿ ਤੂੰ ਕਾਮ ਦਾ ਭੁੱਖਾ ਇਕ ਕਾਮੀ ਪੁਰਸ਼ ਹੈਂ। ਕਹਿੰਦੇ ਹਨ ਕਿ ਗੌਤਮ ਰਿਖੀ ਦਾ ਮਨ ਬੜਾ ਕਲਪਿਆ ਅਤੇ ਸਤ ਗਿਆ। ਕਲਪਦੇ ਮਨ ਤੋਂ ਗੌਤਮ ਰਿਖੀ ਨੇ ਇੰਦਰ ਨੂੰ ਕਿਹਾ, ਇੰਦਰ! ਤੂੰ ਇਕ ਇੰਦਰੀ ਤੇ (ਭਗ) ਵਾਸਤੇ ਇਥੇ ਝੱਖ ਮਾਰਦਾ ਫਿਰਦਾ ਹੈਂ। ਤੈਨੂੰ ਕਿਤੇ ਹਜਾਰ ਭਗਾਂ ਹੋ ਜਾਣ ਤੇ ਤੂੰ ਓਥੇ ਹੀ ਝੱਖਾਂ ਮਾਰਦਾ ਰਹੇਂ। ਕਹਿੰਦੇ ਹਨ ਸਹਿਜ ਵਿਚ ਪੁੱਜੇ ਹੋਏ ਗੌਤਮ ਰਿਖੀ ਦੇ ਸਹਿਜ ਮਨ ਵਿਚੋਂ ਰੋਸ਼ ਨਾਲ ਸਾੜ ਬਣ ਕੇ ਨਿਕਲੇ ਹੋਏ ਇਹ ਸ਼ਬਦ ਇੰਦਰ ਨੂੰ ਸਰਾਪ ਬਣ ਕੇ ਚਿੰਬੜ ਗਏ। ਸੱਚ ਹੀ ਇੰਦਰ ਦਾ ਸਰੀਰ ਭਗਾਂ ਦੇ ਰੂਪ ਵਿਚ ਥਾਂ-ਥਾਂ ਤੋਂ ਫੁੱਟ ਗਿਆ। ਸ਼ਰਮ ਦੇ ਮਾਰੇ ਹੋਏ ਇੰਦਰ ਨੂੰ ਕੋਈ ਥਾਂ ਨਹੀਂ ਸੀ ਲੱਭਦੀ ਕਿ ਜਿਥੇ ਉਹ ਲੁੱਕ ਜਾਵੇ। ਉਸ ਦੀ ਜ਼ਿੰਦਗੀ ਪਛਤਾਵੇ ਨਾਲ ਭਰ ਗਈ। ਪਛਤਾਵੇ ਤੇ ਸ਼ਰਮ ਦਾ ਮਾਰਿਆ ਹੋਇਆ ਇੰਦਰ ਮਾਨ ਸਰੋਵਰ ਦੇ ਇਕ ਬਗੀਚੇ ਵਿਚ ਲੁਕ ਕੇ ਸਮਾਂ ਗੁਜਾਰਦਾ ਰਿਹਾ। ਏਸ ਵਿਥਿਆ ਨੂੰ ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਵਿਚ ਵੀ ਦਰਸਾਇਆ ਹੈ:

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥

(ਪ੍ਰਭਾਤੀ ਮ: ੧, ਪੰਨਾ ੧੩੪੪)

ਇਹ ਸਾਰੀ ਕਥਾ ਮੈਂ ਏਸ ਕਰਕੇ ਦਰਸਾਈ ਹੈ ਕਿ ਇੰਦਰ ਦੇਵਤੇ ਦੀ ਇਸ ਕਰਤੂਤ ਨੂੰ ਪੜ੍ਹ ਸੁਣ ਕੇ ਤਾਂ ਕੋਈ ਸਿਆਣਾ ਆਦਮੀ ਇੰਦਰ ਨੂੰ ਦੇਵਤਾ ਨਹੀਂ ਮੰਨ ਸਕਦਾ। ਹੁਣ ਜਿਹੜਾ ਆਪ ਹੀ ਨਰਕ ਦੀ ਅੱਗ ਵਿਚ ਸੜ ਰਿਹਾ ਹੈ, ਉਹ ਫਿਰ ਸਵਰਗਾਂ ਦਾ ਰਾਜਾ ਕਿਵੇਂ ਹੋ ਸਕਦਾ ਹੈ? ਨਾਲੇ ਫਿਰ ਜੇ ਇਸ ਤਰ੍ਹਾਂ ਦੇਵਤੇ ਹੁੰਦੇ ਹੋਣਗੇ ਤਾਂ ਫਿਰ ਬਦਮਾਸ਼ ਕਿਹੋ ਜਿਹੇ ਹੁੰਦੇ ਹੋਣਗੇ।

ਵੈਸੇ ਇਸ ਭਾਰਤ ਦੇ ਲੋਕਾਂ ਦੀ ਆਦਿ ਕਾਲ ਤੋਂ ਬਦਕਿਸਮਤੀ ਇਹ ਰਹੀ ਹੈ ਕਿ ਏਥੇ ਚੰਗਿਆਈ ਦੇ ਨਾਮ ਤੇ ਹਮੇਸ਼ਾ ਬੁਰਿਆਈ ਦਾ ਹੀ ਰਾਜ ਰਿਹਾ ਹੈ। ਧਰਮ ਦੇ ਨਾਮ ਤੇ ਵੀ ਜ਼ਿਆਦਾ ਪਾਪੀਆਂ ਨੇ ਹੀ ਰਾਜ ਕੀਤਾ ਹੈ। ਸਿਰਮੌਰ ਭਗਤ ਕਬੀਰ ਸਾਹਿਬ ਬਨਾਰਸ (ਕਾਸ਼ੀ) ਦੇ ਰਹਿਣ ਵਾਲੇ ਸਨ। ਬਨਾਰਸ (ਕਾਸ਼ੀ) ਨੂੰ ਹੀ ਉਸ ਵਕਤ ਦੀ ਸਭ ਤੋਂ ਪਵਿੱਤਰ ਪੁਰੀ ਮੰਨਿਆ ਜਾਂਦਾ ਸੀ। ਪਰ ਜਿੰਨੀ ਅਪਵਿੱਤਰਤਾ (ਪਾਪ) ਓਸ ਵਕਤ ਤੇ ਏਸ ਮਹਾਂ ਨਗਰ ਵਿਚ ਹੁੰਦੀ ਸੀ, ਹੋਰ ਕਿਤੇ ਵੀ ਨਹੀਂ ਸੀ ਹੁੰਦੀ। ਬਨਾਰਸ ਵਿਚੋਂ ਹੀ ਗੰਗਾ ਵਹਿੰਦੀ ਹੈ। ਏਸ ਪੁਰੀ ਬਨਾਰਸ ਦੇ ਪੂਜਾਰੀ ਪੰਡਿਆਂ ਨੇ ਬੜੇ ਪਾਮਰ ਢੰਗ ਨਾਲ, ਉਸ ਵਕਤ ਇਕ ਪ੍ਰਚਾਰ ਕਰ ਰਖਿਆ ਸੀ, ਕਿ ਜਿਸ ਦਾ ਆਮ ਗਰੀਬ ਤੇ ਅੰਧ ਵਿਸ਼ਵਾਸ਼ੀ ਲੋਕਾਂ ਉਪਰ ਬੜਾ ਅਸਰ ਸੀ। ਉਹ ਪ੍ਰਚਾਰ ਇਹ ਸੀ ਕਿ ਕਾਸ਼ੀ (ਬਨਾਰਸ) ਵਿਚ ਬੜਾ ਪ੍ਰਸਿੱਧ ***"ਵਿਸ਼ੇਸ਼ਵਰ ਨਾਥ"*** ਨਾਮ ਦਾ ਇਕ ਮੰਦਰ ਹੈ। ਇਸ ਮੰਦਰ ਵਿਚ ਮੰਦਰ ਦੇ ਹੈਂਡ ਪੂਜਾਰੀ ਪੰਡਿਆਂ ਨੇ ਇਕ ਬਹੁਤ ਵੱਡਾ "ਆਰਾ" ਰਖਿਆ ਹੋਇਆ ਸੀ, ਜਿਸ ਦਾ ਨਾਮ ਸੀ ***"ਸ਼ਿਵ ਕਰਵਤਰ"***। ਇਸ ਆਰੇ ਬਾਰੇ ਆਮ ਲੋਕਾਂ ਵਿਚ ਇਹ ਉਪਦੇਸ਼ ਦ੍ਰਿੜ ਕਰਵਾਇਆ ਗਿਆ ਸੀ ਕਿ ਇਸ "ਵਿਸ਼ੇਸ਼ਵਰ ਨਾਥ" ਨਾਮ ਦੇ ਮੰਦਰ ਨੂੰ ਭਗਵਾਨ ਸ਼ਿਵਜੀ ਦਾ ਵਿਸ਼ੇਸ਼ 'ਵਰ' ਪ੍ਰਾਪਤ ਹੈ। ਕਿਉਂਕਿ ਪੰਡਿਆਂ ਨੇ ਲੋਕਾਂ ਨੂੰ ਕਿਹਾ ਸੀ ਕਿ ਇਸ ਬਨਾਰਸ (ਕਾਸ਼ੀ) ਸ਼ਹਿਰ ਨੂੰ ਭਗਵਾਨ ਸ਼ਿਵਜੀ ਨੇ ਆਪ ਵਸਾਇਆ ਹੈ ਅਤੇ ਇਸ "ਵਿਸ਼ੇਸ਼ਵਰ ਨਾਥ" ਦੇ ਮੰਦਰ ਨੂੰ ਵਿਸ਼ੇਸ਼ 'ਵਰ' ਪ੍ਰਦਾਨ ਕੀਤਾ ਹੈ। ਇਸ ਮੰਦਰ ਵਿਚ ਜੋ ਵੱਡਾ ਲਕੜਾਂ ਚੀਰਨ ਵਾਲਾ ਆਰਾ ਪਿਆ ਹੈ, ਉਹ ਆਰਾ ਨਹੀਂ ਬਲਕਿ ਸ਼ਿਵਜੀ ਦੇ ਹੱਥ ਦਾ ਹਥਿਆਰ ਹੈ, ਜਿਸ ਨਾਲ ਭਗਵਾਨ ਸ਼ਿਵਜੀ ਆਪਣੇ ਸ਼ਰਧਾਲੂ ਨੂੰ ਕੱਟ ਕੇ ਸਵਰਗਾਂ ਨੂੰ ਭੇਜਦੇ ਹਨ। ਹੁਣ ਉਸ ਥਾਂ ਦੇ ਪੂਜਾਰੀ ਪੰਡਿਆਂ ਨੇ ਉਸ "ਵਿਸ਼ੇਸ਼ਵਰ ਨਾਥ" ਮੰਦਰ ਅਤੇ "ਕਰਵਤਰ" "ਆਰੇ" ਬਾਰੇ ਖੂਬ ਇਹ ਪ੍ਰਚਾਰ ਕਰ ਰਖਿਆ ਸੀ ਕਿ ਜਿਹੜਾ ਕੋਈ ਵੀ ਆਪਣੀ ਸਰਬੰਸ ਦੌਲਤ, 'ਵਿਸ਼ੇਸ਼ਵਰ' ਮੰਦਰ ਵਿਚ ਦਾਨ ਕਰਕੇ, ਸ਼ਿਵਜੀ ਭਗਵਾਨ ਦੇ 'ਸ਼ਿਵ ਕਰਵਤਰ' ਆਰੇ ਨਾਲ ਆਪਣੇ ਆਪ ਨੂੰ

ਚਿਰਵਾਏਗਾ। ਉਸ ਨੂੰ ਸਿਧਾ ਸ਼ਿਵਪੁਰ (ਸਵਰਗ) ਵਿਚ ਵਾਸਾ ਮਿਲੇਗਾ। ਇਸ ਪ੍ਰਚਾਰ ਦਾ ਸਦਕਾ, ਅਨੇਕਾਂ ਹੀ ਅੰਧ ਵਿਸ਼ਵਾਸ਼ੀ ਲੋਕ ਉਸ "ਸ਼ਿਵ ਕਰਵਤਰ" ਤੇ ਆਪਣੇ ਪਰਵਾਰ ਵਲੋਂ ਸਤਾਏ ਹੋਏ ਆਉਂਦੇ ਸਨ ਤੇ ਏਸ "ਸ਼ਿਵ ਕਰਵਤਰ" ਆਰੇ ਹੇਠ "ਖੁਦਕੁਸ਼ੀ" ਕਰਕੇ ਖਲਾਸੀ ਪਾ ਲੈਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਓਸ 'ਸ਼ਿਵ ਕਰਵਤਰ' ਆਰੇ ਉੱਪਰ ਬੜਾ ਕਟਾਖਸ਼ ਕੀਤਾ ਹੈ। ਉਹ ਕਹਿੰਦੇ ਹਨ ਕਿ ਜੇ ਆਰੇ ਨਾਲ ਖੁਦਕੁਸ਼ੀ ਕਰਕੇ ਪਰਮਗਤੀ ਮਿਲਦੀ ਹੈ ਤਾਂ ਫਿਰ ਨਾਮ ਜਪਣ ਦੀ ਕੀ ਲੋੜ ਹੈ? ਮਨ ਪਵਿੱਤਰ ਕਰਕੇਂ ਪ੍ਰਭੂ ਨੂੰ ਸਮਪਰਤ ਹੋਣ ਨਾਲ ਹੀ ਪਰਮਗਤੀ ਹੁੰਦੀ ਹੈ। ਆਰੇ ਨਾਲ ਆਪਣੇ ਸਰੀਰ ਨੂੰ ਅੱਧ ਵਿਚੋਂ ਕਟਵਾ ਲੈਣ ਨਾਲ ਮਨ ਨਹੀਂ ਕਟਿਆ ਜਾਂਦਾ।

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥ *(ਪੰਨਾ ੬੨)*

ਕਬੀਰ ਜੀ ਨੇ ਵੀ ਬਾਣੀ ਵਿਚ ਬਕਾਇਦਾ ਉਸ ਕਾਸ਼ੀ ਦਾ ਜਿਕਰ ਕੀਤਾ ਹੈ, ਜਿਸ ਕਾਸ਼ੀ ਵਿਚ ਸਵਰਗ ਦੇ ਨਾਮ ਤੇ ਏਹ ਸਭ ਨਿਰਦਈ ਕਰਮ ਹੁੰਦਾ ਸੀ।

ਲੋਗੁ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥
(ਪੰਨਾ ੩੩੫)

ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਕਾਸ਼ੀ ਦੇ ਪੂਜਾਰੀ ਪੰਡਿਆਂ ਨੂੰ ਪੁਛਿਆ ਕਿ ਤੁਸੀਂ ਮਨੁੱਖ ਨੂੰ ਜਿਉਂਦੇ ਜੀ ਆਰੇ ਨਾਲ ਚੀਰ ਕੇ ਦਸਦੇ ਹੋ ਕਿ ਇਹ ਧਰਮ ਦਾ ਕੰਮ ਅਸੀਂ ਕੀਤਾ ਹੈ। ਫਿਰ ਤੁਸੀਂ ਮੈਨੂੰ ਇਹ ਦਸੋ ਕਿ ਆਦਮੀ ਨੂੰ ਆਰੇ ਨਾਲ ਚੀਰ ਦੇਣਾ ਜੇ ਧਰਮ ਹੈ, ਤਾਂ ਫਿਰ ਪਾਪ ਕੀ ਹੁੰਦਾ ਹੈ? ਆਰੇ ਨਾਲ ਚੀਰਨ ਵਾਲੇ ਲੋਕ ਆਪਣੇ ਆਪ ਨੂੰ ਮੁਨੀਵਰ (ਸੰਤ) ਕਹਾਉਂਦੇ ਹੋ ਤਾਂ ਫਿਰ ਦਸੋ ਕਿ ਕਸਾਈ ਕਿਹੋ ਜਿਹੇ ਹੁੰਦੇ ਹਨ?

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥
(ਪੰਨਾ ੧੧੦੩)

ਸੋ ਇਹ ਸਾਰਾ ਕੁਝ ਦਰਸਾਉਣ ਤੋਂ ਮੇਰਾ ਮਤਲਬ ਹੈ ਕਿ ਇਸ ਭਾਰਤ ਦੇਸ਼ ਵਿਚ ਇਹ ਆਦਿ ਕਾਲ ਤੋਂ ਹੀ ਹੋ ਰਿਹਾ ਹੈ। ਜਿਹੜਾ ਸਭ ਤੋਂ ਵੱਡਾ ਬਦਮਾਸ਼ ਹੁੰਦਾ ਹੈ, ਓਹੀ ਸਭ ਤੋਂ ਵੱਡਾ ਭਲਾਮਾਣਸ (ਸੰਤ) ਅਖਵਾਉਂਦਾ ਹੈ। ਇੰਦਰ ਦੇਵਤੇ ਦੀ ਕਥਾ ਦਰਸਾ ਰਿਹਾ ਸਾਂ ਕਿ ਇਹੋ ਜਿਹੇ ਦੇਵਤੇ ਹੁੰਦੇ ਹਨ ਤੇ ਉਹ ਵੀ ਸਵਰਗ ਦੇ ਰਾਜੇ ਤਾਂ ਫਿਰ ਬਦਮਾਸ਼ ਜਾਂ ਨਰਕਾਂ ਦੇ ਰਾਜੇ ਕਿਹੋ ਜਿਹੇ ਹੁੰਦੇ ਹਨ?

ਇਹ ਜੋ ਇੰਦਰ ਦੇਵਤੇ ਦੇ ਜੀਵਨ ਦੀਆਂ ਕਥਾ ਕਹਾਣੀਆਂ ਪ੍ਰਚਲਤ ਹਨ,

ਇਹਨਾਂ ਨੂੰ ਪੜ੍ਹ ਸੁਣ ਕੇ ਤਾਂ ਨਹੀਂ ਲਗਦਾ ਕਿ ਇੰਦਰ ਕੋਈ ਦੇਵਤਾ ਜਾਂ ਸਵਰਗ ਦਾ ਰਾਜਾ ਹੋਵੇਗਾ। ਇਹ ਪੜ੍ਹ ਸੁਣ ਕੇ ਤਾਂ ਲਗਦਾ ਹੈ ਕਿ ਇੰਦਰ ਕੋਈ ਮਹਾਂ ਵਿਸ਼ਈ ਕਾਮੀ ਪੁਰਸ਼ ਹੋਵੇਗਾ, ਜੋ ਆਪਣੀ ਵਾਸ਼ਨਾ ਪੂਰੀ ਕਰਨ ਵਾਸਤੇ ਕੋਈ ਵੀ ਬਦਮਾਸ਼ੀ ਕਰ ਲੈਂਦਾ ਹੋਵੇਗਾ।

ਹਾਂ, ਇੰਦਰ ਸ਼ਬਦ ਤੋਂ ਕੁਝ ਹੋਰ ਅਰਥ ਲਏ ਜਾ ਸਕਦੇ ਹਨ। ਮਨੁੱਖੀ ਸਰੀਰ ਦੇ ਜਿਨ੍ਹਾਂ ਅੰਗਾਂ ਦੁਆਰਾ ਕਾਮਨਾਵਾਂ ਤੇ ਵਾਸ਼ਨਾਵਾਂ ਦੇ ਰਸ ਮਾਣੇ ਜਾਂਦੇ ਹਨ, ਉਹਨਾਂ ਸਾਰੇ ਅੰਗਾਂ ਨੂੰ ਇੰਦਰੇ ਆਖਿਆ ਜਾਂਦਾ ਹੈ। ਇੰਦਰਿਆਂ ਦੁਆਰਾ ਜਿੰਨਾਂ ਰਸ ਭੋਗਿਆ ਜਾਂਦਾ ਹੈ, ਉਹ ਸਾਰਾ ਕਾਮ ਦਾ ਹੀ ਰਸ ਹੁੰਦਾ ਹੈ। ਅੱਖਾਂ ਦੁਆਰਾ ਰੂਪ ਦੇਖ ਕੇ ਰਸ ਬਣਦਾ ਹੈ। ਜ਼ੁਬਾਨ ਦੁਆਰਾ ਖਾ ਕੇ ਰਸ ਬਣਦਾ ਹੈ। ਸਰੀਰ ਨਾਲ ਸਰੀਰ ਦੇ ਸਪਰਸ਼ ਦਾ ਰਸ ਬਣਦਾ ਹੈ। ਕੰਨਾਂ ਦੁਆਰਾ ਗੀਤ ਸੰਗੀਤ ਸੁਣ ਕੇ ਰਸ ਬਣਦਾ ਹੈ। ਇਹ ਸਾਰੇ ਰਸ ਸਰੀਰ ਦੇ ਤਲ ਦੇ ਰਸ ਹਨ ਅਤੇ ਕਾਮ ਦੇ ਹੀ ਰਸ ਹਨ। ਇਹ ਸਾਰੇ ਕਾਮ ਦੇ ਰਸ ਇੰਦਰਿਆਂ ਦੁਆਰਾ ਹੀ ਮਾਣੇ ਜਾ ਸਕਦੇ ਹਨ। ਹਰ ਇੰਦਰੇ ਦਾ ਆਪਣਾ ਰਸ ਹੈ। ਹੁਣ ਇਸ ਸੰਸਾਰ ਵਿਚ ਰਹਿੰਦਿਆਂ ਜਿਸ ਨੂੰ ਇਹ ਸਰੀਰ ਦੇ ਸਾਰੇ ਰਸ ਪ੍ਰਾਪਤ ਹੋ ਜਾਣ, ਉਸ ਨੂੰ ਸਮਝਿਆ ਜਾਂਦਾ ਹੈ ਕਿ ਇਹ ਸਵਰਗਾਂ ਵਿਚ ਜਿਉ ਰਿਹਾ ਹੈ। ਹੋਰ ਸਵਰਗਾਂ ਦੀ ਕੀ ਕਲਪਨਾ ਹੈ? ਇਹੀ ਕਿ ਸਵਰਗਾਂ ਵਿਚ ਅਪਸ਼ਰਾਂ ਨਿਰਤ ਕਰਦੀਆਂ ਹਨ। ਕਿੰਨਰ ਗੰਧਰਬ ਗੀਤ ਸੰਗੀਤ ਗਾਇਨ ਕਰਦੇ ਹਨ। ਸਵਰਗ ਵਿੱਚ ਸ਼ਰਾਬ ਦੇ ਚਸ਼ਮੇ ਵਗਦੇ ਹਨ। ਇਹ ਸਵਰਗ ਦੀ ਕਲਪਨਾ ਹੈ। ਜਿਹੜਾ ਇਸ ਤਰ੍ਹਾਂ ਦਾ ਸਵਰਗ ਕਲਪਿਆ ਹੈ, ਉਸ ਦੇ ਰਾਜੇ ਨੂੰ ਇੰਦਰ ਦੇਵਤਾ ਕਲਪਿਆ ਹੈ।

ਦਰਅਸਲ ਮੂਲ ਗੱਲ ਏਨੀ ਲਗਦੀ ਹੈ ਕਿ ਜੋ ਇੰਦਰਿਆਂ ਦੇ ਰਸ ਵਿਚ ਜਿਉ ਰਿਹਾ ਹੈ, ਉਹ ਇੰਦਰ ਹੈ। ਜਿਸ ਕੋਲ ਇੰਦਰਿਆਂ ਦੇ ਸਾਰੇ ਰਸ ਮੌਜੂਦ ਹਨ, ਉਹ ਇੰਦਰ ਹੈ। ਸੰਸਾਰ ਦਾ ਸਵਰਗ ਤਾਂ ਏਹੀ ਹੈ ਕਿ ਜਿਥੇ ਸਰੀਰਕ ਸੁਖ ਸਾਰੇ ਪ੍ਰਾਪਤ ਹੋਵਣ। ਇਸ ਸੰਸਾਰ ਵਿਚ ਜਿਸ ਕੋਲ ਸਰੀਰਕ ਇੰਦਰਿਆਂ ਦੇ ਕੋਈ ਰਸ ਮੌਜੂਦ ਨਹੀਂ, ਉਹ ਤਾਂ ਪਰਮ ਦੁਖੀ ਹੁੰਦਾ ਹੈ। ਉਸ ਵਾਸਤੇ ਤਾਂ ਸੰਸਾਰ ਨਰਕ ਹੈ। ਪਰ ਇਹ ਜੋ ਸੰਤ ਲੋਕ ਹਨ, ਇਹ ਨਰਕ ਸਵਰਗ ਤੋਂ ਬਹੁਤ ਉਚੇ ਹੁੰਦੇ ਹਨ। ਇਹ ਨਹੀਂ ਮੰਨਦੇ ਕਿ ਨਰਕ ਕੀ ਹੈ। ਸਵਰਗ ਕੀ ਹੈ? ਸੰਤ ਲੋਕ ਨਾਮ ਅਭਿਆਸ ਦੁਆਰਾ ਆਪਣੀ ਸੁਰਤ ਨੂੰ ਏਨਾ ਉੱਚਾ ਕਰ ਲੈਂਦੇ ਹਨ ਕਿ ਉਹ ਦੁੱਖਾਂ (ਨਰਕਾਂ) ਤੋਂ ਤਾਂ ਉੱਚਾ ਉਠਦੇ ਹੀ ਹਨ, ਉਹ ਸੁੱਖਾਂ (ਸਵਰਗਾਂ) ਤੋਂ ਵੀ ਉੱਚਾ ਉਠ ਜਾਂਦੇ ਹਨ। ਸੰਸਾਰ ਦਾ ਸੁਖ ਤੇ ਸਵਰਗ ਕੇਵਲ ਇੰਦਰਿਆਂ ਦਾ ਸੁੱਖ ਹੈ।

ਸੰਸਾਰ ਨੂੰ ਇੰਦਰਿਆਂ ਦਾ ਰਸ ਹੀ ਸਵਰਗ ਲਗਦਾ ਹੈ। ਪਰ ਸੰਤ ਲੋਕ ਇਸ ਨਰਕ ਸਵਰਗ ਦੇ ਰੂਪਾਂ ਸੁਖਾਂ ਤੋਂ ਬਹੁਤ ਉੱਚੇ ਹੁੰਦੇ ਹਨ। ਜਿਥੇ ਦੁੱਖ ਸੁੱਖ ਤੇ ਨਰਕ

ਸਵਰਗ ਦਾ ਅਨੁਭਾਵ ਹੁੰਦਾ ਹੈ, ਓਥੇ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ। ਪਰਮ ਅਨੰਦ ਕੇਵਲ ਪ੍ਰਭੂ ਦੇ ਚਰਨ ਕਮਲਾਂ ਦੀ ਮੌਜ ਹੈ। ਸਿਰਮੌਰ ਭਗਤ ਕਬੀਰ ਸਾਹਿਬ ਦਾ ਬਹੁਤ ਸੁੰਦਰ ਫੁਰਮਾਣ ਹੈ:

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥ ੧੨੦॥

(ਪੰਨਾ ੧੩੭੦)

ਸੰਸਾਰ ਦਾ ਸੁਖ ਵਾਸ਼ਨਾ ਦਾ ਸੁਖ ਹੈ। ਏਹੀ ਜੰਨਤ ਦੇ ਰਸਤੇ ਵਿਚ ਹਜਰਤ ਇਬਰਾਹੀਮ ਵਾਸਤੇ ਰੁਕਾਵਟ ਹੈ। ਇਹ ਕਾਮਨਾਵਾਂ ਤੇ ਵਾਸ਼ਨਾਵਾਂ ਨਾ ਪੂਰੀਆਂ ਹੁੰਦੀਆਂ ਹਨ ਅਤੇ ਨਾ ਹੀ ਰਾਮ ਰਸ ਦਾ ਮਾਰਗ ਮਿਲਦਾ ਹੈ। ਜੰਨਤ ਯਾਨੀ ਕਿ ਆਪਣੇ ਆਪ ਦੇ ਅੰਦਰਲੇ ਪਰਮ ਰਸ ਦਾ ਮਾਰਗ। ਸੰਤ ਲੋਕ ਨਰਕ ਸਵਰਗ ਦੀ ਦੁਨੀਆਂ ਤੋਂ ਬਹੁਤ ਉੱਚੇ ਉੱਠ ਜਾਂਦੇ ਹਨ। ਸੰਤ ਲੋਕ ਕਾਮਨਾਵਾਂ ਦੇ ਸੁਖ ਤੋਂ ਤਾਂ ਉੱਚਾ ਉਠ ਹੀ ਜਾਂਦੇ ਹਨ, ਪਰ ਉਹ ਦੁੱਖਾਂ ਨੂੰ ਵੀ ਦੁੱਖ ਨਹੀਂ ਮੰਨਦੇ। ਸੰਤ ਲੋਕਾਂ ਨੂੰ ਦੁਖ ਵੀ ਦੁਖੀ ਨਹੀਂ ਕਰਦੇ ਅਤੇ ਸੁਖਾਂ ਨਾਲ ਵੀ ਕੋਈ ਸਨੇਹ ਨਹੀਂ ਹੁੰਦਾ। ਸੰਤ ਲੋਕਾਂ ਨੂੰ ਸੁਖਾਂ ਨਾਲ ਵੀ ਕੋਈ ਲਗਾਉ ਨਹੀਂ ਰਹਿੰਦਾ ਅਤੇ ਦੁਖਾਂ ਵਿਚ ਵੀ ਦੁਖੀ ਨਹੀਂ ਹੁੰਦੇ। ਉਹੀ ਪਰਮ ਸੰਤ ਹੁੰਦਾ ਹੈ ਜੋ ਸੁਖਾਂ ਦੁਖਾਂ ਤੋਂ ਉੱਚਾ ਉਠ ਜਾਵੇ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥

(ਪੰਨਾ ੬੩੩)

ਸਮੁੱਚੀ ਦੁਨੀਆਂ ਦੇ ਅਧਿਆਤਮਕ ਲੋਕਾਂ ਤੇ ਧਾਰਮਿਕ ਗ੍ਰੰਥਾਂ ਵਿਚ ਨਰਕ ਸਵਰਗ ਦੀ ਵਜਾਹਤ ਮਿਲਦੀ ਹੈ। ਇਸਲਾਮੀ ਮੱਤਾਂ ਵਿਚ ਨਰਕ ਸਵਰਗ ਨੂੰ ਬਹਿਸ਼ਤ ਤੇ ਦੋਜ਼ਖ ਆਖਿਆ ਜਾਂਦਾ ਹੈ। ਭਾਰਤ ਦੇ ਸਾਰੇ ਰਿਸ਼ੀਆਂ ਮੁਨੀਆਂ ਨੇ ਅਤੇ ਧਾਰਮਿਕ ਗ੍ਰੰਥਾਂ ਨੇ ਨਰਕ ਸਵਰਗ ਦੀ ਮਨੌਤ ਨੂੰ ਮੰਨਿਆ ਹੈ।

ਇਹ ਠੀਕ ਹੈ ਕਿ ਸਵਰਗ (ਸੁਖ) ਦੀ ਚਾਹਤ ਹਰ ਪ੍ਰਾਣੀ ਦੇ ਪ੍ਰਾਣਾਂ ਵਿਚ ਮੌਜੂਦ ਹੈ। ਹਰੇਕ ਪ੍ਰਾਣੀ ਸਵਰਗ ਚਾਹੁੰਦਾ ਹੈ। ਸਵਰਗ (ਸੁਖ) ਦੀ ਖਾਤਰ ਮਨੁੱਖ ਬੜੇ ਉਪਰਾਲੇ ਕਰਦਾ ਹੈ। ਭਾਰਤ ਵਿਚ ਇਸ ਸਵਰਗ ਦੀ ਖਾਹਿਸ਼ ਇਸ ਤਰ੍ਹਾਂ ਪੂਰੀ ਕੀਤੀ ਜਾਂਦੀ ਹੈ, ਕਿ ਜਿਉਂਦੇ ਜੀਅ ਜੇ ਕੋਈ ਸਵਰਗ (ਸੁਖ) ਪ੍ਰਾਪਤ ਨਹੀਂ ਕਰ ਸਕਿਆ ਤਾਂ ਮਰ ਜਾਣ ਪਿਛੋਂ ਫਿਰ ਸਾਰੇ ਰਿਸ਼ਤੇਦਾਰ, ਨਾਤੇਦਾਰ, ਸਾਕਦਾਰ, ਸਬੰਧੀ ਕੁਟੰਬੀ ਆਦਿ ਕਹਿ ਦੇਂਦੇ ਹਨ ਕਿ ਇਹ ਸਵਰਗਾਂ ਵਿਚ ਚਲਾ ਗਿਆ ਹੈ। ਯਾਨੀ ਕਿ ਸਵਰਗ ਵਾਸੀ ਹੋ ਗਿਆ ਹੈ। ਕੋਈ ਸਨਮਾਨਯੋਗ ਸ਼ਬਦ ਵਰਤੇਗਾ ਤਾਂ ਕਹੇਗਾ ਕਿ ਇਹ ਸਚਖੰਡ ਚਲਾ ਗਿਆ ਹੈ। ਦਰਅਸਲ ਜਿਸ ਨੂੰ ਜਿਉਂਦੇ ਜੀ ਇਹ ਪਤਾ ਨਹੀਂ ਲਗਿਆ ਕਿ ਸਚਖੰਡ ਕੀ ਹੈ? ਤੇ ਝੂਠਖੰਡ ਕੀ ਹੈ? ਉਹ ਮਰਨ ਪਿਛੋਂ

ਕਿਵੇਂ ਸਚਖੰਡ ਵਾਸੀ ਹੋ ਗਿਆ ਹੈ? ਵੈਸੇ ਤਾਂ ਇਹ ਜੀਵਨ ਪ੍ਰਭੂ ਨੇ ਦਿੱਤਾ ਹੀ ਏਸ ਵਾਸਤੇ ਹੈ ਕਿ ਬੰਦਾ ਸਚਖੰਡ ਵਾਸੀ (ਸਵਰਗਵਾਸੀ) ਬਣ ਸਕੇ, ਪਰ ਲੋਕ ਮਰ ਗਏ ਦੇ ਨਾਮ ਨਾਲ ਇਹ ਲਕਬ ਜੋੜ ਛੱਡਦੇ ਹਨ। ਵੈਸੇ ਮਨੁੱਖ ਦੇ ਪ੍ਰਾਣਾਂ ਵਿਚ ਬੜੀ ਤੜਪ ਹੈ ਕਿ ਮੈਨੂੰ ਸਚਖੰਡ (ਸਵਰਗ) ਮਿਲੇ। ਪਰ ਕੋਈ ਕਦੇ ਕਦਾਈਂ ਏਨੀ ਨਾਮ ਦੀ ਮੁਸ਼ੱਕਤ ਕਰਦਾ ਹੈ ਤਾਂ ਉਹ ਸਚਖੰਡ ਵਾਸੀ ਹੋ ਜਾਂਦਾ ਹੈ। ਵਰਨਾ ਬਹੁਤੀ ਦੁਨੀਆਂ ਮਰ ਹੀ ਜਾਂਦੀ ਹੈ। ਮਰਨਾ ਹੋਰ ਗੱਲ ਹੈ ਅਤੇ ਸਚਖੰਡ ਵਾਸੀ (ਜੋਤੀ ਜੋਤ) ਹੋਣਾ ਹੋਰ ਗੱਲ ਹੈ।

ਦਰਅਸਲ ਇਹ ਨਰਕ ਸਵਰਗ ਹੈ ਕੀ? ਜਿਵੇਂ ਦਿਨ ਦੇ ਮੁਕਾਬਲੇ ਰਾਤ ਹੈ। ਖੁਸ਼ੀਆਂ ਦੇ ਮੁਕਾਬਲੇ ਗਮੀਆਂ ਹਨ। ਜਨਮ ਦੇ ਮੁਕਾਬਲੇ ਮੌਤ ਹੈ। ਏਸੇ ਤਰ੍ਹਾਂ ਹੀ ਸਵਰਗ ਦੇ ਮੁਕਾਬਲੇ ਨਰਕ ਹੈ। ਭਾਰਤ ਦੇ ਧਾਰਮਿਕ ਲੋਕ ਤੇ ਗ੍ਰੰਥਾਂ ਵਿਚ ਜਿਹੜੀ ਸਵਰਗ ਦੀ ਵਜਾਹਤ ਕੀਤੀ ਹੈ, ਉਹ ਸਮਝਣ ਯੋਗ ਹੈ। ਇਹ ਗੱਲ ਵੱਖਰੀ ਹੈ ਕਿ ਕਪੋਲ ਕਲਪਨਾਵਾਂ ਬੜਿਆਂ ਨੇ ਕੀਤੀਆਂ ਹਨ, ਪਰ ਹਕੀਰਤ ਨੂੰ ਘਟ ਸਮਝਿਆ ਹੈ। ਸਵਰਗ ਵਾਸਤਵਿਕ ਵਿਚ ਕਿਸ ਨੂੰ ਕਹਿੰਦੇ ਹਨ? ਇਸ ਨੂੰ ਸਮਝਣ ਦੀ ਬੜੀ ਘੱਟ ਕੋਸ਼ਿਸ਼ ਕੀਤੀ ਗਈ ਹੈ। ਸਵਰਗਾਂ, ਬਹਿਸ਼ਤਾਂ ਤੇ ਜੰਨਤਾਂ ਦੀ ਕਪੋਲ ਕਲਪਨਾ ਬੜੀ ਕੀਤੀ ਗਈ ਹੈ। ਬਹਿਸ਼ਤ ਜਾਂ ਜੰਨਤ ਦਾ ਹਕੀਕੀ ਰੂਪ ਕੀ ਹੈ, ਇਸ ਬਾਰੇ ਬਹੁਤ ਘਟ ਸਮਝਿਆ ਤੇ ਸਮਝਾਇਆ ਗਿਆ ਹੈ। (ਜੰਨਤਾਂ) ਸਵਰਗ ਬਾਰੇ ਜੋ ਫੋਕੀਆਂ ਕਲਪਨਾਵਾਂ ਕੀਤੀਆਂ ਗਈਆਂ ਹਨ, ਉਹਨਾਂ ਨੂੰ ਸੰਤ ਲੋਕਾਂ ਅਤੇ ਆਧੁਨਿਕ ਜ਼ਮਾਨੇ ਦੇ ਵਿਚਾਰਕਾਂ ਨੇ ਰੱਦ ਕਰ ਦਿੱਤਾ ਹੈ। ਮਿਰਜ਼ਾ ਗਾਲਿਬ ਕਹਿੰਦੇ ਹਨ ਕਿ:

ਹਮ ਜਾਨਤੇ ਹੈਂ ਜੰਨਤ ਕੀ ਹਕੀਕਤ ਕੋ,
ਲੇਕਿਨ, ਦਿਲ ਬਹਿਲਾਨੇ ਕੋ ਗਾਲਿਬ
ਯੇਹ ਖਿਆਲ ਅੱਛਾ ਹੈ॥

(ਗਾਲਿਬ)

ਕਰੀਬਨ ਕਰੀਬਨ ਜੋ ਜੰਨਤ (ਬਹਿਸ਼ਤਾਂ) ਬਾਰੇ ਖਿਆਲ ਦਿੱਤੇ ਜਾਂਦੇ ਹਨ, ਉਹ ਦਿਲ ਬਹਿਲਾਵਾ ਅੱਛਾ ਹੈ। ਪਰ ਸਭ ਖਿਆਲੀ ਜੰਨਤਾਂ ਹਨ। ਹਕੀਕਤ ਕੁਝ ਨਹੀਂ। ਇਸਲਾਮੀ ਲੋਕਾਂ ਨੇ ਬਹਿਸ਼ਤਾਂ ਬਾਰੇ ਖਿਆਲ ਕਲਪਿਆ ਹੈ ਕਿ ਜੰਨਤ ਵਿਚ ਸ਼ਰਾਬ ਦੀਆਂ ਬੋਤਲਾਂ ਹੀ ਨਹੀਂ, ਬਲਕਿ ਚਸ਼ਮੇ ਵਹਿੰਦੇ ਹਨ। ਨਿਰੀ ਪੀਣ ਨੂੰ ਹੀ ਨਹੀਂ, ਬਲਕਿ ਨਹਾਉਣ ਨੂੰ ਵੀ ਸ਼ਰਾਬ ਹੀ ਮਿਲਦੀ ਹੈ।

ਬਹਿਸ਼ਤੇ ਹੂਰੋ ਗਿਲਮਾ ਇਵਜ਼ੇ ਰਾਇਤ, ਮੈ ਨਾ ਮਾਨੂੰਗਾ॥
ਇਨਹੀ ਬਾਤੋਂ ਸੇ ਐ ਵਾਇਜ਼, ਜਾਈਫ ਇਮਾਨ ਹੋਤਾ ਹੈ॥

(ਗਾਲਿਬ)

ਮਿਰਜਾ ਗਾਲਿਬ ਕਹਿੰਦੇ ਹਨ ਕਿ ਜੇ ਜੰਨਤ ਵਿਚ ਇਸ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਹੁੰਦੀਆਂ ਹਨ, ਤਾਂ ਫਿਰ ਇਹ ਧਰਮ (ਇਮਾਨ) ਨੂੰ ਕਮਜ਼ੋਰ ਕਰਨ ਵਾਲੀ ਗੱਲ ਹੈ। ਜੇ ਮੰਨ ਲਿਆ ਜਾਵੇ ਕਿ ਸਵਰਗ ਵਿਚ ਪਰੀਆਂ ਹਨ, ਹੂਰਾਂ ਹਨ, ਸ਼ਰਾਬ ਹੈ। ਫਿਰ ਤਾਂ ਸ਼ਰਾਬ ਪੀ ਜਾਉ ਤੇ ਰਾਗ ਰੰਗ ਦੀਆਂ ਮਹਿਫਲਾਂ ਵਿਚ ਗਲਤਾਨ ਰਹੋ। ਸਰ ਮੁਹੰਮਦ ਇਕਬਾਲ ਕਹਿੰਦੇ ਹਨ ਕਿ ਜੇ ਏਹੀ ਜੰਨਤ ਹੈ, ਤਾਂ ਤੇ ਫਿਰ ਇਹ ਜੰਨਤ ਦੀ ਹਕੀਕਤ ਨੂੰ ਮਲੀਆ ਮੇਟ ਕਰਨ ਵਾਲੀ ਗੱਲ ਹੈ। ਇਹ ਤਾਂ ਸਵਰਗ ਨੂੰ ਵੀ ਨਰਕ ਬਨਾਉਣ ਵਾਲੀ ਗੱਲ ਹੈ। ਏਥੇ ਇਸ ਸੰਸਾਰ ਵਿਚ ਤਾਂ ਸ਼ਰਾਬ ਤੇ ਬੜੀ ਬੰਦਸ਼ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਿ ਸ਼ਰਾਬ ਬੜੀ ਬੁਰੀ ਚੀਜ਼ ਹੈ। ਸ਼ਰਾਬ ਬੰਦੇ ਦੀ ਜ਼ਿੰਦਗੀ ਨੂੰ ਨਰਕ ਬਣਾ ਕੇ ਰਖ ਦੇਂਦੀ ਹੈ। ਸ਼ਰਾਬ ਨਾਲ ਬੰਦੇ ਦੀ ਜ਼ਿੰਦਗੀ ਤਬਾਹ ਹੋ ਜਾਂਦੀ ਹੈ। ਜਿਹੜੀ ਸ਼ਰਾਬ ਇਸ ਜ਼ਮੀਨ ਤੇ ਹਰਾਮ ਹੈ, ਉਹ ਸ਼ਰਾਬ ਜੰਨਤ ਵਿਚ ਜਾ ਕੇ ਕਿਵੇਂ ਹਲਾਲ ਹੋ ਸਕਦੀ ਹੈ? ਵੈਸੇ ਤੁਸੀਂ ਯਕੀਨ ਕਰਿਓ, ਸ਼ਰਾਬ ਵਿਚ ਉਹ ਸਾਰੀ ਕਰਾਮਾਤ ਹੈ, ਕਿ ਜਿਸ ਬੰਦੇ ਨੂੰ ਕੋਈ ਬਰਬਾਦ ਨਹੀਂ ਕਰ ਸਕਦਾ, ਉਸ ਨੂੰ ਸ਼ਰਾਬ ਦੀ ਲਤ ਲਗ ਜਾਏ ਤਾਂ ਕੱਖਾਂ ਤੋਂ ਹੌਲਾ ਕਰਕੇ ਰਖ ਦੇਂਦੀ ਹੈ। ਮੈਂ ਇਕ ਸੂਫੀ ਸੰਤਾਂ ਦੀ ਪੋਥੀ ਵਿਚ ਕਥਾ ਪੜ੍ਹੀ ਸੀ। ਉਹ ਸ਼ਰਾਬ ਦੀ ਹਕੀਕਤ ਨੂੰ ਬੜਾ ਸੁਹਣਾ ਸਪੱਸ਼ਟ ਕਰਦੀ ਹੈ।

ਇਕ ਵਾਰ ਇਕ ਬੜੇ ਨੇਕ ਮਹਾਂਪੁਰਖਾਂ ਕੋਲ ਇਕ ਆਦਮੀ ਆਇਆ। ਉਸ ਆਦਮੀ ਨੇ ਉਹਨਾਂ ਸੰਤਾਂ ਨੂੰ ਕਿਹਾ ਕਿ, "ਮੈਂ ਤੁਹਾਡੇ ਆਸ਼ਰਮ ਵਿਚ ਇਕ ਰਾਤ ਰਹਿਣਾ ਚਾਹੁੰਦਾ ਹਾਂ।" ਉਹਨਾਂ ਸੰਤਾਂ ਨੇ ਕਿਹਾ, "ਕਿਉਂ ਨਹੀਂ? ਜੀ ਸਦਕੇ ਰਹੋ। ਆਸ਼ਰਮ ਵਿਚ ਆਪ ਨੂੰ ਭੋਜਨ, ਪਾਣੀ, ਬਿਸਤਰਾ ਆਦਿ ਸਭ ਕੁਝ ਮਿਲੇਗਾ।" ਉਸ ਆਦਮੀ ਨੇ ਬੜੀ ਖੁਸ਼ੀ ਪ੍ਰਗਟ ਕੀਤੀ । ਸੰਤਾਂ ਦਾ ਧੰਨਵਾਦ ਕੀਤਾ। ਸੰਤਾਂ ਨੇ ਉਸ ਆਦਮੀ ਨੂੰ ਭੋਜਨ ਪਾਣੀ ਛਕਾਇਆ ਤੇ ਬਿਸਰਾਮ ਵਾਸਤੇ ਬਿਸਤਰਾ ਮੰਜਾ ਆਦਿ ਦਿੱਤਾ। ਰਾਤ ਸੌਣ ਤੋਂ ਪਹਿਲਾਂ ਉਹ ਸੰਤ ਕੁਝ ਸਮਾਂ ਆਪਣੇ ਆਸਣ ਉਪਰ ਚੌਕੜਾ ਮਾਰ ਕੇ ਸਿਮਰਨ ਵਿਚ ਲੀਨ ਹੋ ਗਏ। ਉਹ ਆਦਮੀ ਵੀ ਥੋੜੇ ਸਮੇਂ ਬਾਅਦ ਆਪਣੇ ਮੰਜੇ ਤੋਂ ਉੱਠ ਕੇ ਸੰਤਾਂ ਦੇ ਆਸਣ ਦੇ ਸਾਹਮਣੇ ਆ ਕੇ ਚੌਕੜਾ ਮਾਰ ਕੇ ਬੈਠ ਗਿਆ। ਸੰਤਾਂ ਨੇ ਸੋਚਿਆ ਕਿ ਇਹ ਵੀ ਭਲਾ ਲੋਕ ਹੈ। ਸਿਮਰਨ ਕਰਨ ਬੈਠ ਗਿਆ ਹੈ, ਚੰਗੀ ਗਲ ਹੈ। ਉਹ ਸੰਤ ਤਾਂ ਜਿੰਨਾਂ ਚਿਰ ਪਹਿਲਾਂ ਬੈਠ ਕੇ ਸਿਮਰਨ ਸਾਧਨਾ ਕਰਦੇ ਸਨ, ਓਨਾ ਚਿਰ ਬੈਠ ਕੇ ਸਿਮਰਨ ਸਾਧਨਾ ਕੀਤੀ ਅਤੇ ਫਿਰ ਉੱਠ ਖਲੋਤੇ। ਪਰ ਉਸ ਆਦਮੀ ਨੇ ਤਾਂ ਐਸੀ ਸਮਾਧੀ ਲਾਈ ਕਿ ਸਾਰੀ ਰਾਤ ਉਠਿਆ ਹੀ ਨਾ। ਉਹ ਸੰਤ ਬੜੇ ਹੈਰਾਨ ਹੋਏ ਕਿ ਇਸ ਆਦਮੀ ਦੀ ਸਮਾਧੀ ਕਿੰਨੀ ਲੰਬੀ ਹੈ। ਨਾ ਇਹ ਪਿਸ਼ਾਬ ਕਰਨ ਲਈ ਉੱਠਦਾ ਹੈ ਅਤੇ ਨਾ ਇਸ ਨੂੰ ਪਿਆਸ ਹੀ ਸਤਾਉਂਦੀ ਹੈ। ਹਾਜਤ ਲਈ ਵੀ ਨਹੀ ਉੱਠਦਾ। ਪਈ ਇਸ ਦੀ ਤਾਂ ਤਪੱਸਿਆ

ਬੜੀ ਕਠਨ ਹੈ। ਅਗਲੇ ਦਿਨ ਉਸ ਆਦਮੀ ਨੂੰ ਉਹਨਾਂ ਮਹਾਂਪੁਰਖਾਂ ਨੇ ਪੁਛਿਆ "ਮਿੱਤਰਾ! ਬੰਦਗੀ ਲਈ ਤਾਂ ਮੈਂ ਵੀ ਰੋਜ਼ ਬੈਠਦਾ ਹਾਂ, ਪਰ ਤੇਰੀ ਸਮਾਧੀ ਬਹੁਤ ਲੰਬੀ ਹੈ। ਤੂੰ ਤਾਂ ਸਾਰੀ ਰਾਤ ਹੀ ਸਮਾਧੀ ਲਾਈ ਰੱਖਦਾ ਹੈਂ। ਕੀ ਤੈਨੂੰ ਪਾਣੀ ਦੀ ਪਿਆਸ ਨਹੀਂ ਲਗਦੀ?" ਉਹ ਆਦਮੀ ਕਹਿਣ ਲਗਾ, "ਨਹੀਂ।" ਸੰਤ ਫਿਰ ਪੁਛਦੇ ਹਨ ਕਿ, "ਤੈਨੂੰ ਬਾਹਰ ਅੰਦਰ ਜਾਣ ਦੀ ਹਾਜਿਤ ਵੀ ਨਹੀਂ ਹੁੰਦੀ?" ਉਹ ਆਦਮੀ ਕਹਿਣ ਲਗਾ, 'ਨਹੀਂ।' ਉਹ ਸੰਤ ਕਹਿਣ ਲਗੇ ਉਹ ਜੁਗਤੀ ਮੈਨੂੰ ਵੀ ਦੱਸ, ਜਿਸ ਨਾਲ ਮੈਂ ਵੀ ਏਨੀ ਲੰਬੀ ਸਮਾਧੀ ਲਾ ਸਕਾਂ? ਉਹ ਆਦਮੀ ਕਹਿਣ ਲਗਾ ਸੰਤ ਜੀ! ਮੈਂ ਇਕ ਗੁਨਾਹ ਕੀਤਾ ਹੈ। ਤੁਸੀਂ ਵੀ ਕੋਈ ਗੁਨਾਹ ਕਰ ਲਉ? ਤੁਹਾਡਾ ਵੀ ਰੋਟੀ ਪਾਣੀ ਅਤੇ ਬਾਹਰ ਅੰਦਰ ਜਾਣਾ ਛੁੱਟ ਜਾਵੇਗਾ। ਸੰਤ ਕਹਿਣ ਲਗੇ ਨਾ ਬਈ ਨਾ। ਮੈਂ ਕੋਈ ਗੁਨਾਹ ਨਹੀਂ ਕਰ ਸਕਦਾ। ਉਹ ਆਦਮੀ ਕਹਿਣ ਲਗਾ ਕਿ ਫਿਰ ਸਮਾਧੀ ਲਾਉਣ ਦੀ ਜੁਗਤ ਦਾ ਵੀ ਪਤਾ ਨਹੀਂ ਲਗਣਾ। ਉਹ ਸੰਤ ਕਹਿਣ ਲਗੇ ਕੋਈ ਨਿੱਕਾ ਮੋਟਾ ਗੁਨਾਹ ਦੱਸ ਜਿਹੜਾ ਮੈਂ ਕਰ ਸਕਾਂ? ਉਸ ਆਦਮੀ ਨੇ ਆਪਣੀ ਬਗਲ ਵਿਚੋਂ ਛੁਰੀ ਕੱਢ ਕੇ ਆਖਿਆ ਕਿ ਐ ਛੁਰੀ ਲੈ ਜਾ ਤੇ ਕਿਸੇ ਦਾ ਢਿੱਡ ਪਾੜ ਦੇਹ। ਆਪੇ ਤੂੰ ਗੁਨਾਹਗਾਰ ਹੋ ਜਾਵੇਂਗਾ। ਉਹ ਸੰਤ ਤਾਂ ਕੰਨਾਂ ਨੂੰ ਹੱਥ ਲਾ ਲਾ ਕੇ ਤੋਬਾ ਤੋਬਾ ਕਰਨ ਲਗੇ। ਉਹ ਕਹਿਣ ਲਗੇ ਕਿ ਕੋਈ ਨਿੱਕਾ ਗੁਨਾਹ ਦੱਸ? ਇਹ ਤਾਂ ਘੋਰ ਬੱਜਰ ਗੁਨਾਹ ਹੈ। ਇਹ ਮੈਥੋਂ ਨਹੀਂ ਹੋ ਸਕਣਾ। ਫਿਰ ਉਸ ਆਦਮੀ ਨੇ ਕਿਹਾ ਕਿ ਤੁਹਾਡੇ ਆਸ਼ਰਮ ਤੋਂ ਨੇੜੇ ਹੀ ਇਕ ਘਰ ਹੈ। ਉਸ ਘਰ ਵਿਚ ਇਕ ਖ਼ੂਬਸੂਰਤ ਜੁਆਨ ਮੁਟਿਆਰ ਰਹਿੰਦੀ ਹੈ। ਉਸ ਦਾ ਘਰ ਵਾਲਾ ਬਾਹਰ ਕੰਮ ਲਈ ਗਿਆ ਹੋਇਆ ਹੈ, ਉਸ ਦੀ ਇਜ਼ਤ ਲੁਟ ਲਉ। ਇਹ ਵੀ ਗੁਨਾਹ ਹੈ। ਉਹ ਸੰਤ ਫਿਰ ਕੰਨਾਂ ਨੂੰ ਹੱਥ ਲਾ-ਲਾ ਕੇ ਤੋਬਾ ਤੋਬਾ ਕਰਨ ਲਗੇ। ਕਹਿਣ ਲਗੇ ਕਿ ਮਿੱਤਰਾ! ਇਹ ਬੱਜਰ ਪਾਪ ਮੇਰੇ ਕੋਲੋਂ ਨਹੀਂ ਹੋ ਸਕਣੇ। ਮੈਨੂੰ ਤਾਂ ਕੋਈ ਉਹ ਗੁਨਾਹ ਦੱਸ ਜਿਸ ਨਾਲ ਕਿਸੇ ਦਾ ਦਿਲ ਨਾ ਦੁਖਾਉਣਾ ਪਵੇ? ਉਸ ਆਦਮੀ ਨੇ ਆਪਣੀ ਬੁੱਕਲ ਵਿਚ ਇਕ ਸ਼ਰਾਬ ਦੀ ਬੋਤਲ ਲੁਕਾ ਕੇ ਰੱਖੀ ਹੋਈ ਸੀ। ਜਦੋਂ ਸੰਤਾਂ ਨੇ ਕਿਹਾ ਕਿ ਮੈਨੂੰ ਤਾਂ ਕੋਈ ਉਹ ਗੁਨਾਹ ਦੱਸ, ਜਿਸ ਨਾਲ ਕਿਸੇ ਦਾ ਦਿਲ ਨਾ ਦੁਖਾਉਣਾ ਪਵੇ, ਤਾਂ ਉਸ ਆਦਮੀ ਨੇ ਆਪਣੀ ਬੁੱਕਲ ਵਿਚੋਂ ਸ਼ਰਾਬ ਦੀ ਬੋਤਲ ਕੱਢ ਕੇ ਅੱਗੇ ਰੱਖ ਦਿੱਤੀ। ਆਖਿਆ ਕਿ ਹੈ ਇਹ ਵੀ ਬ-ਜਾਤ-ਏ ਗੁਨਾਹ। ਪਰ ਇਸ ਨਾਲ ਕਿਸੇ ਦਾ ਦਿਲ ਨਹੀਂ ਦੁਖਾਉਣਾ ਪੈਂਦਾ। ਇਸ ਵਿਚੋਂ ਪੀ ਜਾਓ? ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਪਵੇਗੀ, ਫਿਰ ਇਹ ਹੀ ਸਭ ਕੁਝ ਕਰੇਗੀ।

ਭਰਾ ਹੈ ਜ਼ਹਿਰ ਸ਼ੀਸ਼ੇ ਮੇਂ, ਛਿਪੀ ਹੈ ਆਗ ਪਾਨੀ ਮੇਂ॥
ਇਸੇ ਜਿਸ ਨੇ ਭੀ ਅਪਨਾਇਆ ਫਿਰ ਵੋ ਨਾ ਬਚੇ ਜ਼ਿੰਦਗਾਨੀ ਮੇਂ॥

ਕਹਿੰਦੇ ਹਨ ਕਿ ਸ਼ਰਾਬ ਦੀ ਬੋਤਲ ਦੇਖ ਕੇ ਉਹ ਤਪੱਸਵੀ ਸੰਤ ਕਹਿਣ ਲਗੇ

ਕਿ ਠੀਕ ਹੈ! ਮੈਂ ਇਹ ਪੀਣ ਦਾ ਗੁਨਾਹ ਕਰ ਲੈਂਦਾ ਹਾਂ। ਉਸ ਆਦਮੀ ਨੇ ਬੋਤਲ ਵਿਚੋਂ ਇਕ ਗਲਾਸੀ ਭਰ ਕੇ ਦਿੱਤੀ। ਸੰਤਾਂ ਨੇ ਪੀ ਲਈ। ਫਿਰ ਦੂਜੀ ਗਲਾਸੀ ਭਰ ਕੇ ਦਿੱਤੀ। ਸੰਤਾਂ ਨੇ ਪੀ ਲਈ। ਫਿਰ ਤੀਜੀ ਗਲਾਸੀ ਭਰ ਕੇ ਦਿੱਤੀ ਤਾਂ ਸੰਤਾਂ ਨੇ ਪੀ ਕੇ ਪੁਛਿਆ ਕਿ ਤੂੰ ਇਕ ਪਹਿਲਾਂ ਗੱਲ ਦਸਦਾ ਸੈਂ। ਉਹ ਆਦਮੀ ਪੁਛਦਾ ਹੈ ਕਿ ਕਿਹੜੀ? ਸੰਤ ਕਹਿੰਦੇ ਹਨ ਕਿ ਤੂੰ ਕਹਿੰਦਾ ਸੈਂ ਕਿ ਏਥੇ ਨਾਲ ਹੀ ਘਰ ਵਿਚ ਇਕ ਜੁਆਨ ਖੂਬਸੂਰਤ ਔਰਤ ਇਕੱਲੀ ਰਹਿੰਦੀ ਹੈ? ਉਹ ਆਦਮੀ ਕਹਿਣ ਲਗਾ ਕਿ ਉਹ ਅਜੇ ਵੀ ਇਕੱਲੀ ਹੈ। ਸੰਤ ਕਹਿਣ ਲਗ ਪਏ ਕਿ ਮੈਂ ਉਸ ਕੋਲ ਜਾਵਾਂ? ਉਸ ਆਦਮੀ ਨੇ ਫਿਰ ਉਹ ਛੁਰੀ ਫੜਾਉਂਦਿਆਂ ਹੋਇਆ ਕਿਹਾ ਕਿ ਜਾਉ। ਉਹ ਸੰਤ ਜੀ, ਸ਼ਰਾਬ ਦੇ ਨਸ਼ੇ ਵਿਚ ਚੂਰ ਹੋਏ, ਛੁਰੀ ਹੱਥ ਵਿਚ ਫੜੀ ਅਤੇ ਉਸ ਘਰ ਚਲੇ ਗਏ। ਨਾ ਆਪਣਾ ਜਤ ਸਤ ਛਡਿਆ ਤੇ ਨਾ ਉਸ ਸਤਵੰਤੀ ਔਰਤ ਦਾ। ਜਦੋਂ ਉਹ ਸੰਤ ਜੀ ਵਾਪਿਸ ਆਉਣ ਲਗੇ ਤਾਂ ਉਪਰੋਂ ਹੀ ਉਸ ਔਰਤ ਦਾ ਪਤੀ ਆ ਗਿਆ। ਸੰਤ ਨੇ ਆਪਣਾ ਗੁਨਾਹ ਲੁਕਾਉਣ ਲਈ ਉਸਦੇ ਘਰ ਵਾਲੇ ਦੇ ਢਿੱਡ ਵਿਚ ਛੁਰੀ ਮਾਰ ਦਿੱਤੀ। ਉਹ ਵਿਚਾਰਾ ਥਾਂ ਹੀ ਢੇਰੀ ਹੋ ਗਿਆ।

ਉਹ ਸੰਤ, ਸ਼ਰਾਬ ਪੀਣ ਤੋਂ ਪਹਿਲਾਂ ਜਿਹੜੇ ਗੁਨਾਹਾਂ ਨੂੰ ਬੱਜਰ ਗੁਨਾਹ ਸਮਝਦਾ ਸੀ, ਉਹ ਸ਼ਰਾਬ ਪੀ ਕੇ ਸਾਰੇ ਹੀ ਕਰ ਲਏ। ਹੁਣ ਸਭ ਤੋਂ ਵੱਡਾ ਬੱਜਰ ਗੁਨਾਹ ਤਾਂ ਸ਼ਰਾਬ ਹੋਈ, ਜਿਸ ਨੂੰ ਪੀ ਕੇ ਆਦਮੀ, ਆਦਮੀ ਨਹੀਂ ਰਹਿੰਦਾ, ਬਲਕਿ ਸ਼ੈਤਾਨ ਹੋ ਜਾਂਦਾ ਹੈ। ਗੁਰਦੇਵ ਦਾ ਫੁਰਮਾਣ ਹੈ ਕਿ ਐਸੇ ਨਸ਼ੇ ਨੂੰ ਤੂੰ ਮਤ ਛੂਹ ਜਿਸ ਨੂੰ ਸੇਵਨ ਕਰਕੇ ਤੂੰ ਇਨਸਾਨ ਦੀ ਥਾਂ ਸ਼ੈਤਾਨ ਹੋ ਜਾਵੇਂ।

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ *(ਪੰਨਾ ੫੫੪)*

ਮੈਂ ਨਰਕ ਸਵਰਗ ਜਾਂ ਦੋਜ਼ਖਾਂ ਬਹਿਸ਼ਤਾਂ ਦੀ ਹਕੀਕਤ ਦਰਸਾ ਰਿਹਾ ਸਾਂ ਕਿ ਜੋ ਧਾਰਮਿਕ ਲੋਕ ਇਹ ਮੌਲਵੀ ਮੁਲਾਣੇ ਕਾਜ਼ੀ ਪੰਡਿਤ ਭਾਈ ਪੁਜਾਰੀ ਆਦਿ ਮਰਨ ਤੋਂ ਬਾਅਦ ਜਿਸ ਜੰਨਤ ਜਾਂ ਸਵਰਗ ਦੀ ਕਲਪਣਾ ਕਰਦੇ ਹਨ ਕਿ ਜੰਨਤ (ਸਵਰਗ) ਵਿਚ ਸ਼ਰਾਬ ਦੇ ਚਸ਼ਮੇ ਵਗਦੇ ਹਨ। ਪੀਣ ਲਈ ਹੀ ਨਹੀਂ, ਨਹਾਉਣ ਲਈ ਵੀ ਸ਼ਰਾਬ ਹੀ ਮਿਲਦੀ ਹੈ। ਪਰੀਆਂ ਅਤੇ ਹੂਰਾਂ ਮਿਲਦੀਆਂ ਹਨ। ਸ਼ਰਾਬ ਪੀ ਜਾਓ ਤੇ ਰਾਗ ਰੰਗ ਵਿਚ ਗਲਤਾਨ ਰਹੋ। ਜੇ ਮੰਨ ਲਿਆ ਜਾਵੇ ਕਿ ਇਹੀ ਜੰਨਤ (ਸਵਰਗ) ਦੀ ਪ੍ਰਭਾਸ਼ਾ ਹੈ, ਤਾਂ ਇਸ ਤੋਂ ਵੱਧ ਜੰਨਤ ਦੀ ਬੇ-ਇਜ਼ਤੀ ਹੋਰ ਕੀ ਹੋ ਸਕਦੀ ਹੈ? ਇਸ ਦੁਨੀਆਂ ਦੀ ਜ਼ਮੀਨ ਤੇ ਤਾਂ ਸਾਰੇ ਮੱਤਾਂ (ਧਰਮਾਂ) ਵਲੋਂ ਸ਼ਰਾਬ ਨੂੰ ਨਰਕ ਦਾ ਘਰ ਆਖਿਆ ਹੈ। ਉਪਰੋਕਤ ਕਹਾਣੀ ਮੈਂ ਏਸੇ ਵਾਸਤੇ ਦਰਸਾਈ ਹੈ ਕਿ ਜਿਹੜਾ ਸੰਤ ਸ਼ਰਾਬ ਪੀਣ ਤੋਂ ਪਹਿਲਾਂ ਜਿਨ੍ਹਾਂ ਗੁਨਾਹਾਂ ਨੂੰ ਬੱਜਰ ਗੁਨਾਹ ਕਹਿ ਰਿਹਾ ਸੀ। ਓਹੀ ਸੰਤ ਸ਼ਰਾਬ ਪੀ ਕੇ ਪਰਲੇ ਦਰਜੇ ਦਾ ਬਦਮਾਸ਼ ਬਣ ਗਿਆ ਹੈ। ਸੋ ਏਸ ਦੁਨੀਆਂ ਵਿਚ ਤਾਂ ਬੰਦੇ ਨੂੰ ਪਾਪ ਅਤੇ ਨਰਕ ਤੋਂ ਬਚਾਉਣ ਲਈ ਸ਼ਰਾਬ ਤੇ

ਬੰਦਸ਼ ਲਾਈ ਜਾਂਦੀ ਹੈ। ਪਰ ਓਹੀ ਸ਼ਰਾਬ ਦੇ ਚਸ਼ਮੇ ਜੰਨਤ (ਸਵਰਗ) ਵਿਚ ਵਗਦੇ ਹਨ। ਜੇ ਇਹ ਸ਼ਰਾਬ ਇਸ ਜ਼ਮੀਨ ਤੇ ਜਿਉਂਦੇ ਜੀਅ ਹਰਾਮ ਹੈ ਤਾਂ ਫਿਰ, ਉਹੀ ਸ਼ਰਾਬ ਮਰਨ ਪਿਛੋਂ ਜੰਨਤਾਂ ਵਿਚ ਜਾ ਕੇ ਕਿਵੇਂ ਹਲਾਲ ਹੋ ਸਕਦੀ ਹੈ? ਇਸ ਵਾਸਤੇ ਸਿਆਣੇ ਤੇ ਦੂਰ-ਅੰਦੇਸ਼ ਵਿਚਾਰਕਾਂ ਨੇ ਇਸ ਨਰਕ ਸਵਰਗ ਨੂੰ ਕਲਪਨਾਵਾਂ ਦਾ ਖਿਆਲੀ ਪਲਾਉ ਹੀ ਆਖਿਆ ਹੈ।

ਵਾਸਤਵਿਕ ਵਿਚ ਸਵਰਗ ਤੇ ਨਰਕ ਜਾਂ ਜੰਨਤ ਤੇ ਦੋਜ਼ਖ ਕੀ ਹੈ? ਸਵਰਗ ਸ਼ਬਦ ਨੂੰ ਸੰਧੀ ਛੇਦ ਕਰੋ। "ਸਵੈ+ਵਰਗ" ਸਵੈ ਦਾ ਅਰਥ ਹੈ ਆਪਣਾ ਆਪਾ। ਸਵੈ+ਵਰਗ ਯਾਨੀ ਕਿ ਜਿਥੇ ਸਭ ਕੁਝ ਆਪਣੇ ਵਰਗਾ ਹੀ ਹੋਵੇ, ਉਹ ਸਵਰਗ ਹੈ। ਓਥੇ ਮਨੁੱਖ ਨੂੰ ਖੁਸ਼ੀ ਹੁੰਦੀ ਹੈ। ਜਿਥੇ ਸਭ ਕੁਝ ਆਪਣੇ ਵਰਗਾ ਹੀ ਹੋਵੇ। ਜਿਥੇ ਸਭ ਕੁਝ ਆਪਣੇ ਨਾਲ ਤਾਲਮੇਲ ਖਾਂਦਾ ਹੋਵੇ। ਸਾਰੇ ਆਪਣੇ ਜਾਪਣ ਉਥੇ ਸਕੂਨ ਮਿਲਦਾ ਹੈ। ਚੈਨ ਤੇ ਸ਼ਾਂਤੀ ਆਉਂਦੀ ਹੈ। ਦਿਲ ਦਿਮਾਗ ਤੇ ਕੋਈ ਬੋਝ ਨਹੀਂ ਰਹਿੰਦਾ। ਆਖਰ ਸਵਰਗ ਦੀ ਇਹ ਪ੍ਰਭਾਸ਼ਾ ਹੈ ਕਿ ਓਥੇ ਬੜੀ ਸ਼ਾਂਤੀ ਹੈ। ਸਭ ਕੁਝ ਆਪਣੇ ਆਪ ਦੇ ਅਨੁਕੂਲ ਹੈ। ਕੋਈ ਬੇਗਾਨਾ ਨਹੀਂ। ਕੋਈ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਉਹ ਸਵਰਗ ਹੈ।

ਨਰਕ ਕੀ ਹੈ?

ਜਿਥੇ ਸਭ ਕੁਝ ਓਪਰਾ ਹੋਵੇ, ਪਰਾਇਆ ਹੋਵੇ। ਜਿਥੇ ਕਿਸੇ ਨਾਲ ਕੋਈ ਸਬੰਧ ਨਾ ਬਣਦਾ ਹੋਵੇ। ਕਿਸੇ ਤਰ੍ਹਾਂ ਵੀ ਕੋਈ ਜੋੜ ਨਾ ਜੁੜੇ, ਓਥੇ ਮਨੁੱਖ ਆਪਣੇ ਆਪ ਨੂੰ ਤਨਹਾ ਅਨੁਭਵ ਕਰਦਾ ਹੈ। ਇਕੱਲਾ ਮਹਿਸੂਸ ਕਰਦਾ ਹੈ। ਜਿਥੇ ਮਨੁੱਖ ਨੂੰ ਇਹ ਅਨੁਭਵ ਹੋਵੇ ਕਿ ਮੇਰੇ ਨਾਲ ਕੁਝ ਵੀ ਮੇਲ ਨਹੀਂ ਖਾਂਦਾ, ਇਕੱਲਾ ਰਹਿ ਗਿਆ ਹਾਂ। ਬਿਲਕੁਲ ਟੁੱਟ ਕੇ ਰਹਿ ਗਿਆ ਹਾਂ, ਬੱਸ! ਏਸੇ ਨੂੰ ਨਰਕ ਕਹਿੰਦੇ ਹਨ।

ਨਰਕਾਂ ਤੇ ਸਵਰਗਾਂ ਬਾਰੇ ਮੈਂ ਇਕ ਛੋਟੀ ਕਹਾਣੀ ਕਿਤੋਂ ਸੁਣੀ ਹੋਈ ਹੈ। ਸੁਣਿਆ ਹੈ ਕਿ ਨਰਕ ਤੇ ਸਵਰਗ ਦੋਵੇਂ ਇਕੋ ਥਾਂ ਤੇ ਬਣੇ ਹਨ ਅਤੇ ਦੋਵਾਂ ਦੀ ਵਿਚਕਾਰਲੀ ਕੰਧ ਸਾਂਝੀ ਹੈ। ਕਹਿੰਦੇ ਹਨ ਕਿ ਇਕ ਵਾਰ ਉਹ ਵਿਚਕਾਰਲੀ ਸਾਂਝੀ ਦੀਵਾਰ ਕਿਸੇ ਕਾਰਨ ਡਿੱਗ ਪਈ। ਨਰਕਾਂ ਤੋਂ ਸਵਰਗਾਂ ਵਿਚ ਪਹੁੰਚਣ ਦਾ ਰਸਤਾ ਖੁਲ੍ਹ ਗਿਆ, ਰਸਤਾ ਖੁਲ੍ਹਣ ਦੀ ਦੇਰ ਸੀ ਕਿ ਜਿੰਨੇ ਨਰਕਾਂ ਵਿਚ ਪਾਪੀ ਲੋਕ ਵਸਦੇ ਸਨ, ਉਹ ਸਾਰੇ ਆਪੋ ਆਪਣੇ ਸਾਮਾਨ ਚੁੱਕ ਕੇ ਸਵਰਗਾਂ ਵਿਚ ਪ੍ਰਵੇਸ਼ ਕਰ ਗਏ। ਜਦੋਂ ਸਵਰਗਾਂ ਵਿਚ ਸਾਰੇ ਪਾਪੀ ਆਣ ਵੜੇ, ਤਾਂ ਸਾਰੇ ਸਵਰਗਾਂ ਵਿਚ ਬੜਾ ਸ਼ੋਰ ਗੁਲ ਹੋਣ ਲਗਾ। ਮਾਨੋ ਕਿ ਸਾਰਾ ਸਵਰਗ ਹੀ ਨਰਕ ਹੋ ਗਿਆ ਹੈ। ਦਰਅਸਲ ਨਰਕ ਬਣ ਹੀ ਜਾਏਗਾ, ਜਿਥੇ ਪਾਪੀ ਲੋਕ ਇਕੱਠੇ ਹੋ ਜਾਣ, ਓਥੇ ਨਰਕ ਹੋ ਹੀ ਜਾਂਦਾ ਹੈ। ਜਿਹੜੇ ਪੁੰਨੀ ਲੋਕ ਸਵਰਗਾਂ ਵਿਚ ਪਹਿਲਾਂ ਰਹਿੰਦੇ ਸਨ, ਉਹ ਸਾਰੇ ਪਾਪੀਆਂ ਦੇ ਸਵਰਗ ਵਿਚ ਆ ਜਾਣ ਕਰਕੇ ਬੜੇ ਦੁਖੀ ਹੋਏ। ਉਹਨਾਂ

ਨੂੰ ਆਪਣਾ ਦੁਖ ਨਵਿਰਤ ਕਰਨ ਲਈ ਕੋਈ ਉਪਾਅ ਨਾ ਸੁੱਝੇ। ਅਖੀਰ ਇਕ ਬਜ਼ੁਰਗ ਧਰਮਾਤਮਾ ਨੇ ਸਲਾਹ ਦਿੱਤੀ ਕਿ ਜੇ ਤੁਸੀਂ ਅਮਨ ਚੈਨ ਨਾਲ ਰਹਿਣਾ ਹੈ ਤਾਂ, ਆਪੋ ਆਪਣਾ ਸਾਮਾਨ ਲੈ ਕੇ ਨਰਕਾਂ ਵਿਚ ਚਲੇ ਜਾਉ? ਕਿਉਂਕਿ ਨਰਕਾਂ ਵਾਲੀ ਜਗ੍ਹਾ ਪਾਪੀਆਂ ਨੇ ਸਾਰੀ ਖਾਲੀ ਕਰ ਦਿੱਤੀ ਹੈ। ਉਸ ਧਰਮਾਤਮਾ ਬਜ਼ੁਰਗ ਦੀ ਸਲਾਹ ਸਾਰੇ ਸਵਰਗ ਵਾਸੀਆਂ ਨੂੰ ਬੜੀ ਚੰਗੀ ਲਗੀ। ਇਸ ਵਾਸਤੇ ਸਾਰੇ ਸਵਰਗ ਵਾਸੀ ਆਪੋ ਆਪਣਾ ਸਾਮਾਨ ਲੈ ਕੇ ਨਰਕਾਂ ਵਾਲੀ ਖਾਲੀ ਜਗ੍ਹਾ ਵਿਚ ਪਹੁੰਚ ਗਏ। ਅਜੇ ਗਏ ਹੀ ਸਨ ਕਿ ਉਹ ਨਰਕਾਂ ਸਵਰਗਾਂ ਦੀ ਸਾਂਝੀ ਕੰਧ ਦੁਬਾਰਾ ਫਿਰ ਉਸਰ ਗਈ। ਥੋੜੀ ਦੇਰ ਬਾਅਦ ਜਿੰਨੇ ਪਾਪੀ ਸਵਰਗਾਂ ਵਿਚ ਗਏ ਸਨ, ਉਹ ਸਾਰੇ ਆਪਸ ਵਿਚ ਮਾਰਨ ਕਟਣ ਲਗੇ। ਕੋਈ ਉਥੇ ਕਿਸੇ ਦੀ ਨਹੀਂ ਸੁਣਦਾ। ਆਪਸ ਵਿਚ ਲੜਦੇ ਮਾਰਦੇ ਕਟਦੇ ਸਨ। ਉਹਨਾਂ ਵਿਚੋਂ ਇਕ ਪਾਪੀ ਜਿਉੜਾ ਕਹਿਣ ਲਗਾ ਕਿ ਅਸੀਂ ਤੇ ਸੁਣਿਆ ਸੀ ਕਿ ਸਵਰਗਾਂ ਵਿਚ ਬੜੀਆਂ ਸੁਖ ਸਹੂਲਤਾਂ ਹਨ, ਪਰ ਏਥੇ ਤਾਂ ਨਰਕਾਂ ਨਾਲੋਂ ਵੀ ਹਾਲਤ ਬਦਤਰ ਹੈ। ਦੂਜਾ ਕਹਿਣ ਲਗਾ ਕਿ ਜਦੋਂ ਅਸੀਂ ਨਰਕਾਂ ਵਿਚੋਂ ਨਿਕਲ ਕੇ ਸਵਰਗਾਂ ਵਿਚ ਆਏ ਸਾਂ, ਤਾਂ ਨਰਕਾਂ ਵਾਲਾ ਸਾਰਾ ਸਾਮਾਨ ਚੁੱਕ ਕੇ ਨਾਲ ਲੈ ਆਏ ਸਾਂ। ਜਿਹੜਾ ਸਾਮਾਨ ਸਵਰਗਾਂ ਦੀਆਂ ਸੁੱਖ ਸਹੂਲਤਾਂ ਦਾ ਸੀ, ਉਹ ਸਵਰਗਵਾਸੀ ਸਵਰਗਾਂ ਤੋਂ ਚੁੱਕ ਕੇ ਨਰਕਾਂ ਵਿਚ ਲੈ ਗਏ ਹਨ। ਇਸ ਕਰਕੇ ਨਰਕਾਂ ਵਿਚ ਸਾਰੀਆਂ ਸਵਰਗਾਂ ਵਾਲੀਆਂ ਸੁੱਖ ਸਹੂਲਤ ਮੁਹਈਆਂ ਹੋ ਗਈਆਂ ਹਨ ਅਤੇ ਸਵਰਗਾਂ ਵਿਚ ਸਾਰੀਆਂ ਨਰਕਾਂ ਵਾਲੀਆਂ ਹਾਲਤਾਂ ਲਾਗੂ ਹੋ ਗਈਆਂ ਹਨ। ਨਰਕ, ਸਵਰਗ ਹੋ ਗਏ ਹਨ ਅਤੇ ਸਵਰਗ ਨਰਕ ਹੋ ਗਏ ਹਨ।

ਦਰਅਸਲ ਇਸ ਕਹਾਣੀ ਵਿਚ ਬੜਾ ਮਹੱਤਵ ਪੂਰਨ ਰਹੱਸ ਛਿਪਿਆ ਹੈ ਹਕੀਕਤ ਇਹ ਹੈ ਕਿ ਨਰਕ ਸਵਰਗ ਕੋਈ ਅਕਾਸ਼ੀ ਟਿਕਾਣਾ ਨਹੀਂ, ਬਲਕਿ ਨਰਕ ਤੇ ਸਵਰਗ ਬੰਦੇ ਦੇ ਮਨ ਦੀਆਂ ਹਾਲਤਾਂ ਹਨ। ਨਰਕਾਂ ਬਾਰੇ ਸਧਾਰਨ ਲੋਕਾਂ ਦੀ ਇਹ ਰਾਇ ਹੈ ਕਿ ਨਰਕਾਂ ਵਿਚ ਜੀਵ ਮਹਾਂ ਦੁਖੀ ਹੁੰਦਾ ਹੈ। ਸਵਰਗ ਬਾਰੇ ਇਹ ਰਾਇ ਹੈ ਕਿ ਸਵਰਗਾਂ ਵਿਚ ਜੀਵ ਮਹਾਂ ਸੁਖੀ ਹੁੰਦਾ ਹੈ। ਦਰਅਸਲ ਦੁੱਖ ਸੁੱਖ ਨਾਲ ਜੁੜੀ ਹੋਈ ਬੰਦੇ ਦੇ ਮਨ ਦੀ ਅਵਸਥਾ ਦਾ ਨਾਮ ਨਰਕ ਤੇ ਸਵਰਗ ਹੈ। ਜਿਸ ਦੇ ਮਨ ਦੀ ਅਵਸਥਾ ਸੁਖ ਵਾਲੀ ਹੈ, ਉਹ ਜਿਥੇ ਵੀ ਜਾਵੇਗਾ ਸਵਰਗ ਬਣਾ ਦੇਵੇਗਾ। ਕਿਉਂਕਿ ਉਸ ਦੇ ਮਨ ਵਿਚ ਚੰਗੇ ਸੰਸਕਾਰ ਬਣ ਗਏ ਹਨ, ਜੋ ਸਵਰਗ ਨੂੰ ਜਨਮ ਦੇਂਦੇ ਹਨ। ਇਹੀ ਸਵਰਗਾਂ ਦਾ ਸਾਮਾਨ ਹੈ। ਜੋ ਜਿਥੇ ਬੰਦਾ ਜਾਂਦਾ ਹੈ, ਉਥੇ ਹੀ ਉਸ ਦਾ ਸਵਰਗ ਨਾਲ ਜਾਂਦਾ ਹੈ। ਕਿਉਂਕਿ ਬੰਦੇ ਨੇ ਜਿਥੇ ਜਾਣਾ ਹੈ, ਮਨ ਤਾਂ ਬੰਦੇ ਦਾ ਨਾਲ ਹੀ ਜਾਏਗਾ। ਮਨ ਨੇ ਹੀ ਸਵਰਗ ਨੂੰ ਜਨਮ ਦੇਣਾ ਹੈ ਅਤੇ ਮਨ ਨੇ ਹੀ ਨਰਕ ਨੂੰ ਜਨਮ ਦੇਣਾ ਹੈ। ਜਿਥੇ ਵੀ ਜਾਵੇਗਾ ਬੰਦਾ, ਆਪਣੇ ਮਨ ਦੇ ਮੁਤਾਬਕ ਹੀ ਜੀਵਨ

ਜੀਵੇਗਾ। ਇਸ ਕਰਕੇ ਜਿਸ ਦੇ ਮਨ ਵਿਚ ਸੱਚ, ਸੰਤੋਖ, ਸਿਦਕ ਹੈ। ਸਹਿਜ, ਸ਼ਾਂਤੀ ਤੇ ਸਬਰ ਸ਼ੁਕਰ ਹੈ, ਉਹ ਜਿਥੇ ਵੀ ਜਾਵੇਗਾ, ਉਥੇ ਹੀ ਸਵਰਗ ਬਣਾ ਦੇਵੇਗਾ। ਪਰ ਜਿਸ ਬੰਦੇ ਦੇ ਮਨ ਵਿਚ ਕੂੜ, ਕਪਟ, ਕਲੇਸ਼, ਕਠੋਰਤਾ ਅਤੇ ਕਰੂਰਤਾ ਹੈ, ਉਹ ਬੰਦਾ ਭਾਵੇਂ ਬਹਿਸ਼ਤਾਂ ਵਿਚ ਚਲਾ ਜਾਵੇ, ਉਹ ਬਹਿਸ਼ਤਾਂ ਨੂੰ ਵੀ ਦੋਜ਼ਖ ਬਣਾ ਕੇ ਰੱਖ ਦੇਵੇਗਾ। ਇਸ ਤਰ੍ਹਾਂ ਦੇ ਬੰਦੇ ਭਾਵੇਂ ਕਿੰਨੀ ਵੀ ਸੋਹਣੀ, ਸੁੰਦਰ ਤੇ ਸੱਚੀ ਸੁੱਚੀ ਥਾਂ ਤੇ ਚਲੇ ਜਾਣ, ਉਹ ਉਥੇ ਵੀ ਨਰਕ ਬਣਾ ਕੇ ਰੱਖ ਦੇਣਗੇ। ਦਰਅਸਲ ਹਕੀਕਤ ਇਹ ਹੈ, ਕਿ ਮਨ ਬੰਦੇ ਦਾ ਆਪਣਾ ਹੈ ਅਤੇ ਮਨ ਵਿਚ ਹੀ ਨਰਕ ਹੈ ਅਤੇ ਮਨ ਵਿਚ ਹੀ ਸਵਰਗ ਹੈ। ਜਿਥੇ ਜਾਏਗਾ, ਮਨ ਬੰਦੇ ਦਾ ਨਾਲ ਹੀ ਜਾਏਗਾ। ਇਸ ਕਰਕੇ ਬੰਦਾ ਜਿਥੇ ਜਾਂਦਾ ਹੈ, ਆਪਣਾ ਨਰਕ ਤੇ ਆਪਣਾ ਸਵਰਗ ਨਾਲ ਹੀ ਲੈ ਕੇ ਜਾਂਦਾ ਹੈ।

ਇਕ ਹੋਰ ਵੀ ਮਿਥੀ ਹੋਈ ਧਾਰਨਾ ਪ੍ਰਚਲਤ ਹੈ ਕਿ ਨਰਕ ਸਵਰਗ ਕਈ ਕਿਸਮਾਂ ਦੇ ਹਨ? ਕਿਸੇ ਨੇ ਸੱਤ ਪ੍ਰਕਾਰ ਦੇ ਨਰਕ ਮਿਥੇ ਹਨ ਤੇ ਕਿਸੇ ਅਠਾਰਾਂ ਪ੍ਰਕਾਰ ਦੇ। ਕਈਆਂ ਇਕੀ ਪ੍ਰਕਾਰ ਦੇ ਨਰਕ ਮਿਥੇ ਹੋਏ ਹਨ। ਨਰਕ ਕਿੰਨੇ ਵੀ ਪ੍ਰਕਾਰ ਦੇ ਹੋਣ, ਦਰਅਸਲ ਇਸ ਦਾ ਇਕ ਹੀ ਅਰਥ ਹੈ ਕਿ ਮਨੁੱਖ ਆਪਣੇ ਮਨ ਦੁਆਰਾ ਕਈ ਪ੍ਰਕਾਰ ਦੇ ਦੁਖ ਸਹੇੜਦਾ ਹੈ ਅਤੇ ਕਈ ਤਰ੍ਹਾਂ ਨਾਲ ਦੁਖੀ ਹੁੰਦਾ ਹੈ। ਦੁੱਖ ਕੁਝ ਮਨ ਦੇ ਹਨ ਅਤੇ ਕੁਝ ਤਨ ਦੇ ਹਨ। ਮੂਲ ਮਨ ਹੀ ਹੈ ਅਤੇ ਮਨ ਹੀ ਮੂਲ ਦੁਖਾਂ ਨੂੰ ਸਹੇੜਦਾ ਹੈ। ਇਸ ਕਰਕੇ ਮਨ ਹੀ ਮਹਾਂ ਦੁਖੀ ਹੁੰਦਾ ਹੈ।

ਏਸੇ ਤਰ੍ਹਾਂ ਹੀ ਸਵਰਗਾਂ ਦੀ ਕਲਪਨਾ ਹੈ। ਸਵਰਗ ਵੀ ਕਈ ਪ੍ਰਕਾਰ ਦੇ ਮਿਥੇ ਗਏ ਹਨ। ਇਸ ਦਾ ਵੀ ਇਕ ਹੀ ਅਰਥ ਹੈ ਕਿ ਮਨ ਕਈ ਪ੍ਰਕਾਰ ਦੇ ਸ਼ੁਭ ਸੰਸਕਾਰ ਸੰਗ੍ਰਹਿ ਕਰਦਾ ਹੈ। ਇਸ ਕਰਕੇ ਮਨ ਨੂੰ ਸੁੱਖ ਵੀ ਕਈ ਪ੍ਰਕਾਰ ਦਾ ਪ੍ਰਾਪਤ ਹੁੰਦਾ ਹੈ। ਇਹ ਸੁਖ ਵੀ ਕੁਝ ਮਨ ਦੇ ਤਲ ਦੇ ਹਨ ਅਤੇ ਕੁਝ ਤਨ ਦੇ ਤਲ ਦੇ ਹਨ। ਪਰ ਸਾਰੇ ਸੁਖ ਵੀ ਮਨ ਦੇ ਤਲ ਉਪਰ ਹੀ ਅਨੁਭਵ ਕੀਤੇ ਜਾਂਦੇ ਹਨ। ਮਨ ਨੂੰ ਕੁਝ ਮਾਨਸਿਕ ਸੁਖ ਮਿਲਦੇ ਹਨ ਅਤੇ ਕੁਝ ਸਰੀਰਕ ਸੁੱਖਾਂ ਦੀ ਭੁਖ ਵੀ ਮਨ ਨੂੰ ਹੀ ਹੈ। ਜਦੋਂ ਮਨੁੱਖੀ ਮਨ, ਮਨ ਦੇ ਤਲ ਉਪਰ ਅਤੇ ਤਨ ਦੇ ਤਲ ਉਪਰ ਪੂਰਨ ਸੁਖੀ ਹੁੰਦਾ ਹੈ, ਤਾਂ ਮਨ ਮਹਾਂ ਸੁਖੀ ਹੁੰਦਾ ਹੈ। ਇਹ ਅਸਲ ਸਵਰਗ ਹੈ।

ਪਰ ਜੇ ਗੁਰਬਾਣੀ ਦੇ ਅਧਾਰ ਤੇ ਗੱਲ ਸਮਝਾਂਗੇ ਤਾਂ ਗੁਰਬਾਣੀ ਮਨੁੱਖ ਨੂੰ ਇਸ ਮਨ ਦੇ ਨਰਕ ਸਵਰਗ ਤੋਂ ਬਹੁਤ ਉੱਚਾ ਟਿਕਾਣਾ ਦਰਸਾਉਂਦੀ ਹੈ। ਇਹ ਜੋ ਮਨ ਦੇ ਤਲ ਤੇ ਦੁਖ ਤੇ ਸੁਖ ਜਾਂ ਨਰਕ ਤੇ ਸਵਰਗ ਅਨੁਭਵ ਕੀਤੇ ਜਾਂਦੇ ਹਨ, ਇਨ੍ਹਾਂ ਦੁੱਖਾਂ ਸੁੱਖਾਂ ਨਾਲ ਮਨ ਦੀ ਹਾਲਤ ਪਲ ਪਲ ਬਦਲਦੀ ਹੈ। ਇਹਨਾਂ ਦੁੱਖਾਂ ਵਿਚ ਆਦਮੀ ਕਾਇਰ ਜਾਪਦਾ ਹੈ ਅਤੇ ਸੁੱਖਾਂ ਵਿਚ ਘੁਮੰਡੀ, ਅਭਿਮਾਨੀ ਤੇ ਹੰਕਾਰੀ ਜਾਪਦਾ ਹੈ। ਪਰ ਜੋ ਗੁਰਬਾਣੀ ਦਰਸਾਉਂਦੀ ਹੈ, ਉਹ ਨਰਕਾਂ ਸਵਰਗਾਂ ਜਾਂ ਦੁੱਖਾਂ ਤੇ ਸੁੱਖਾਂ ਤੋਂ ਬਹੁਤ ਉੱਚਾ ਟਿਕਾਣਾ ਹੈ। ਜਦੋਂ ਉਸ ਮੰਜ਼ਿਲ ਦੀ ਪ੍ਰਾਪਤੀ ਹੁੰਦੀ ਹੈ ਤਾਂ

ਓਥੇ ਦੁਖਾਂ ਦਾ ਅਭਾਵ ਹੁੰਦਾ ਹੀ ਹੈ, ਪਰ ਓਸ ਅਵਸਥਾ ਵਿਚ ਸੁਖਾਂ ਦਾ ਵੀ ਅਭਾਵ ਹੋ ਜਾਂਦਾ ਹੈ। ਜਿਥੇ ਦੁਖ ਤੇ ਸੁਖ ਦੋਵਾਂ ਦਾ ਅਭਾਵ ਹੋ ਜਾਵੇ, ਓਥੇ ਪਰਮਾਨੰਦ ਪ੍ਰਗਟ ਹੁੰਦਾ ਹੈ। ਗੁਰਮਤਿ ਵਿਚ ਉਸ ਪਰਮਾਨੰਦ ਨੂੰ ਸਚਖੰਡ ਕਿਹਾ ਹੈ। ਉਹ ਪ੍ਰਭੂ ਦੇ ਚਰਨਾਂ ਦਾ ਟਿਕਾਣਾ ਹੈ। ਭਗਤ ਕਬੀਰ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਕਿ ਮੈਂ ਨਰਕਾਂ ਸਵਰਗਾਂ ਨੂੰ ਨਾਹੀਂ ਮੰਨਦਾ। ਮੇਰੀ ਸੁਰਤ ਨੂੰ ਹੁਣ ਉਹ ਟਿਕਾਣਾ ਮਿਲਿਆ ਹੈ, ਜਿਥੇ ਪ੍ਰਭੂ ਦੇ ਚਰਨ ਕਮਲਾਂ ਦੀ ਮੌਜ ਪ੍ਰਾਪਤ ਹੁੰਦੀ ਹੈ।

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥ ੧੨੦॥

(ਸਲੋਕ ਕਬੀਰ, ਪੰਨਾ ੧੩੭੦)

ਏਸ ਅਵਸਥਾ ਵਿਚ ਪਹੁੰਚ ਜਾਣ ਵਾਲਾ ਮਹਾਂਪੁਰਖ ਤੱਤੀ ਤਵੀ ਉੱਪਰ ਬੈਠ ਕੇ ਵੀ ਬੜੇ ਪ੍ਰੇਮ ਨਾਲ ਆਪਣੇ ਪ੍ਰੀਤਮ ਦੀ ਖੁਸ਼ੀ ਹਾਸਿਲ ਕਰਦਾ ਹੈ। ਤੱਤੀ ਤਵੀ ਤੇ ਬੈਠ ਕੇ ਵੀ ਇਸ ਤਰ੍ਹਾਂ ਪ੍ਰੇਮ ਗੀਤ ਗਾ ਸਕਦਾ ਹੈ, ਜਿਵੇਂ ਸੋਹਣੀ ਸੇਜਾ ਉਪਰ ਆਪਣੇ ਪ੍ਰੀਤਮ ਦੇ ਗਲ ਬਾਹਾਂ ਪਾ ਕੇ ਗਾਈਦਾ ਹੈ। ਗੁਰੂ ਅਰਜਨ ਦੇਵ ਜੀ ਨੂੰ ਜਦੋਂ ਤੱਤੀ ਤਵੀ ਤੇ ਬੈਠਾਇਆ ਗਿਆ ਤਾਂ, ਉਹ ਇਹ ਸ਼ਬਦ ਏਸ ਵਜਦ ਵਿਚ ਹੀ ਗਾਂਦੇ ਰਹੇ ਸਨ ਕਿ ਜਿਵੇਂ ਪ੍ਰੇਮੀ ਦੇ ਸਾਹਮਣੇ ਉਸ ਦਾ ਪ੍ਰੀਤਮ ਬੈਠਾ ਹੋਵੇ, ਤੇ ਉਸ ਨੂੰ ਕਿਹਾ ਜਾ ਰਿਹਾ ਹੋਵੇ ਕਿ ਦੇਖ! ਤੇਰੀ ਖੁਸ਼ੀ ਵਾਸਤੇ ਮੈਨੂੰ ਇਹ ਤੱਤੀ ਤਵੀ ਵੀ ਕਿੰਨੀ ਚੰਗੀ ਲਗਦੀ ਹੈ। ਤੂੰ ਭਾਵੇਂ ਆਪਣਾ ਸਾਖਸ਼ਾਤ ਰੂਪ ਲੈ ਕੇ ਸਾਹਮਣੇ ਨਾ ਵੀ ਆਵੇਂ, ਪਰ ਮੈਂ ਤੈਨੂੰ ਨਿਰਾਕਾਰ ਰੂਪ ਵਿਚ ਵੀ ਓਨਾ ਹੀ ਪ੍ਰੇਮ ਕਰਦਾ ਹਾਂ ਜਿੰਨਾ ਕਿ ਸਾਖਸ਼ਾਤ ਰੂਪ ਵਿੱਚ।

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ *(ਪੰਨਾ ੩੯੪)*

ਦਰਅਸਲ ਮਨੁੱਖੀ ਤਨ ਦੇ ਵਿਚ ਹੀ ਇਕ ਐਸਾ ਟਿਕਾਣਾ ਹੈ, ਜਿਥੇ ਦੁੱਖ ਤੇ ਸੁਖ ਅਨੁਭਵ ਹੁੰਦੇ ਹਨ। ਇਹ ਦੁਖ ਤੇ ਸੁਖ ਹੀ ਮਨੁੱਖ ਦੇ ਨਰਕ ਤੇ ਸਵਰਗ ਹਨ। ਪਰ ਦੁਖ ਤੇ ਸੁਖ ਦਾ ਅਭਾਵ ਹੁੰਦਾ ਹੈ ਤਾਂ ਮਨੁੱਖ ਬੇ-ਪ੍ਰਵਾਹ ਹੋ ਜਾਂਦਾ ਹੈ। ਉਸ ਵਕਤ ਉਸ ਨੂੰ ਸਚਖੰਡ ਮਿਲਦਾ ਹੈ। ਉਸ ਹਾਲਤ ਵਿਚ ਉਹ ਨਰਕ ਤੇ ਸਵਰਗ ਦੋਨਾਂ ਦਾ ਹੀ ਖੰਡਨ ਕਰ ਦੇਂਦਾ ਹੈ ਅਤੇ ਕਿਸੇ ਦੀ ਮੁਹਤਾਜੀ ਤੋਂ ਬਹੁਤ ਉਪਰ ਹੋ ਜਾਂਦਾ ਹੈ।

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥

(ਪੰਨਾ ੯੬੯)

ਰੱਬ ਦੇ ਬੰਦੇ ਨਰਕ ਸਵਰਗ ਦੀ ਦੁਨੀਆਂ ਤੋਂ ਬਹੁਤ ਉੱਚਾ ਜਿਉਂਦੇ ਹਨ।

ਉਹਨਾਂ ਨੂੰ ਨਰਕ ਸਵਰਗ ਅਤੇ ਦੁਖ ਸੁਖ ਦੀ ਦੁਨੀਆਂ ਦਾ ਕੋਈ ਲੋਭ ਨਹੀਂ ਹੁੰਦਾ ਤੇ ਨਾ ਹੀ ਕੋਈ ਡਰ ਹੁੰਦਾ ਹੈ। ਇਕ ਕਥਾ ਮੈਂ ਸੂਫੀ ਸੰਤਾਂ ਦੀ ਪੋਥੀ ਵਿਚ ਪੜ੍ਹੀ ਸੀ। ਇਕ ਔਰਤ ਸੂਫੀ ਸੰਤਾਂ ਵਿਚ ਸੰਤ ਹੋਈ ਹੈ। ਉਸ ਦਾ ਨਾਮ ਰੈਬਾਂ (ਰਾਬੀਯਾ) ਸੀ। ਮੁਸਲਮਾਨਾਂ ਵਿਚ ਇਹ ਨਾਮ ਉਸ ਲੜਕੀ ਨੂੰ ਦਿੱਤਾ ਜਾਂਦਾ ਹੈ, ਜੋ ਆਪਣੇ ਮਾਂ ਬਾਪ ਦੀ ਛੇਵੀਂ ਸੰਤਾਨ ਹੋਵੇ, ਤੇ ਹੋਵੇ ਵੀ ਲੜਕੀ। ਜਿਵੇਂ ਆਪਣੇ ਪੰਜਾਬ ਵਿਚ ਸਭ ਤੋਂ ਪਹਿਲੀ ਸੰਤਾਨ ਨੂੰ ਜੇਠੀ ਸੰਤਾਨ ਆਖਿਆ ਜਾਂਦਾ ਹੈ। ਇਵੇਂ ਹੀ ਇਸਲਾਮ ਵਿਚ ਛੇਵੀਂ ਸੰਤਾਨ ਨੂੰ ਰਾਬੀਯਾ ਆਖਿਆ ਜਾਂਦਾ ਹੈ। ਇਕ ਮੁਸਲਮਾਨ ਲੜਕੀ ਰਾਬੀਯਾ ਹੀ ਉਸ ਦਾ ਨਾਮ ਪ੍ਰਸਿੱਧ ਹੋਇਆ ਹੈ, ਬੜੀ ਧਰਮਾਤਮਾ ਇਸਤਰੀ ਹੋਈ ਹੈ। ਉਸ ਦੇ ਜੀਵਨ ਨਾਲ ਬੜੀਆਂ ਅਲੌਕਿਕ ਤੇ ਸਿਖਿਆਦਾਇਕ ਕਥਾ ਜੁੜੀਆਂ ਹੋਈਆਂ ਹਨ।

ਉਸ ਦੇ ਜੀਵਨ ਦੀ ਇਕ ਕਥਾ ਹੈ ਕਿ ਉਸ ਨੇ ਇਕ ਦਿਨ ਕਿਸੇ ਵਾਇਜ਼ ਨੂੰ ਭਰੀ ਮਹਿਫਲ ਵਿਚ ਬਹਿਸ਼ਤਾਂ ਤੇ ਦੋਜ਼ਖਾਂ (ਨਰਕਾਂ ਤੇ ਸਵਰਗਾਂ) ਦੀ ਵਜਾਹਤ ਕਰਦਿਆਂ ਸੁਣਿਆਂ। ਉਹ ਵਾਇਜ਼ (ਵਿਦਵਾਨ) ਲੋਕਾਂ ਨੂੰ ਨਰਕਾਂ ਦਾ ਬੜਾ ਭਿਆਨਕ ਦ੍ਰਿਸ਼ ਦਰਸਾ ਕੇ ਡਰਾ ਰਿਹਾ ਸੀ ਅਤੇ ਸਵਰਗਾਂ ਦੇ ਬੜੇ-ਬੜੇ ਸਬਜ ਬਾਗ ਦਿਖਾ ਰਿਹਾ ਸੀ। ਰੈਬਾਂ ਨੂੰ ਉਸ ਦਾ ਗਿਆਨ ਕੁਝ ਠੀਕ ਨਾ ਲਗਿਆ। ਅਗਲੇ ਦਿਨ ਓਸੇ ਮਹਿਫਲ ਵਿਚ ਉਹ ਵਾਇਜ਼ ਫਿਰ ਨਰਕਾਂ ਸਵਰਗਾਂ ਦੀ ਕਥਾ ਛੇੜ ਕੇ ਬੈਠਾ ਸੀ। ਰਾਬੀਯਾ ਨੇ ਆਪਣੇ ਇਕ ਹੱਥ ਵਿਚ ਬਲਦਾ ਹੋਇਆ ਮੁਆਤਾ (ਬਲਦੀ ਹੋਈ ਲੱਕੜ) ਫੜੀ ਹੋਈ ਅਤੇ ਦੂਜੇ ਹੱਥ ਪਾਣੀ ਦੀ ਭਰੀ ਹੋਈ ਬਾਲਟੀ ਫੜੀ ਹੋਈ, ਭਰੀ ਹੋਈ ਮਹਿਫਲ ਦੇ ਉਸ ਵਾਇਜ਼ ਕੋਲ ਆ ਗਈ। ਉਹ ਵਾਇਜ਼ ਰਾਬੀਯਾ ਨੂੰ ਪੁੱਛਦਾ ਹੈ ਰਾਬੀਯਾ! ਕਿਥੇ ਚਲੀ ਹੈਂ? ਤਾਂ ਰਾਬੀਯਾ ਨੇ ਜੁਆਬ ਦਿੱਤਾ ਕਿ ਜਿਹੜੇ ਸਵਰਗਾਂ ਦੀ ਤੁਸੀਂ ਗੱਲ ਕਰਦੇ ਹੋ, ਅੱਜ ਉਹਨਾਂ ਸਵਰਗਾਂ ਨੂੰ ਅੱਗ ਲਾਉਣ ਚਲੀ ਹਾਂ। ਜਿਹੜੇ ਨਰਕਾਂ ਦੀ ਅੱਗ ਵਿਚ ਸਾੜਨ ਦਾ ਡਰਾਵਾ ਦੇਂਦੇ ਹੋ, ਉਹਨਾਂ ਨਰਕਾਂ ਵਿਚ ਪਾਣੀ ਪਾਉਣ ਚਲੀ ਹਾਂ। ਉਹ ਵਾਇਜ਼ ਪੁੱਛਦਾ ਹੈ, ਰਾਬੀਯਾ! ਤੇਰਾ ਮਤਲਬ ਕੀ ਹੈ? ਤਾਂ ਰਾਬੀਯਾ ਕਹਿੰਦੀ ਹੈ ਕਿ ਸਵਰਗਾਂ ਨੂੰ ਏਸ ਕਰਕੇ ਮੈਂ ਅੱਗ ਲਾਉਂਦੀ ਹਾਂ, ਤਾਂ ਕਿ ਕੋਈ ਸੰਤ, ਸਵਰਗਾਂ ਦੇ ਲੋਭ ਵਿਚ ਬੰਦਗੀ ਨਾ ਕਰੇ। ਕਿਉਂਕਿ ਇਹ ਸਵਰਗ ਕੇਵਲ ਸਰੀਰਕ ਇੰਦਰਿਆਂ ਦੀ ਵਾਸ਼ਨਾ ਹੀ ਹਨ। ਇਹ ਪਰਮ ਰਸ ਨਹੀਂ ਹੈ। ਕਾਮ ਦਾ ਰਸ, ਰਾਮ ਦੇ ਰਸ ਦਾ ਮੁਕਾਬਲਾ ਨਹੀਂ ਕਰ ਸਕਦਾ। ਕਾਮ ਦੇ ਰਸ ਵਿਚ, ਪਛਤਾਵੇ ਦਾ ਰੂਪ ਧਾਰਨ ਕਰਕੇ ਮੌਤ ਹੀ ਛਿਪੀ ਹੋਈ ਹੈ। ਇਹ ਤਾਂ ਇਕ "**ਮੌਤ ਦੀ ਕਲਾ**" ਦਾ ਨਾਮ ਹੀ ਹੈ।

ਨਰਕਾਂ ਵਿਚ ਪਾਣੀ ਇਸ ਕਰਕੇ ਪਾਉਂਦੀ ਹਾਂ ਕਿ, ਕੋਈ ਨਰਕਾਂ ਦੇ ਭੈ (ਡਰ) ਕਰਕੇ ਬੰਦਗੀ ਤੋਂ ਨਾ ਖੁੰਝ ਜਾਵੇ। ਕਿਉਂਕਿ ਨਰਕ ਵੀ ਓਹੀ ਦੁਖ ਹੈ ਜੋ ਸਾਡੇ

ਸਰੀਰਕ ਇੰਦਰਿਆਂ ਦੀ ਵਾਸ਼ਨਾ ਦੀ ਅੱਗ ਦਾ ਦੁੱਖ ਹੈ। ਨਰਕ ਵੀ ਉਦੋਂ ਹੀ ਸਾਡਾ ਜੀਵਨ ਬਣ ਜਾਂਦਾ ਹੈ, ਜਦੋਂ ਅਸੀਂ ਆਪਣੇ ਤਨ ਦਾ ਗਲਤ ਇਸਤੇਮਾਲ ਕਰਦੇ ਹਾਂ। ਆਪਣੇ ਤਨ ਤੇ ਮਨ ਦੀ ਹਾਲਤ ਵਰਤੋਂ, ਨਰਕ (ਦੁੱਖ) ਨੂੰ ਜਨਮ ਦੇਂਦੀ ਹੈ। ਰਾਬੀਯਾ ਕਹਿਣ ਲਗੀ ਕਿ ਬੰਦਗੀ ਦੇ ਅੰਮ੍ਰਿਤ ਜਲ ਨਾਲ ਭਰੀ ਬਾਲਟੀ ਸਾਡੇ ਜੀਵਨ ਨੂੰ ਨਰਕ ਨਹੀਂ ਬਣਨ ਦੇਵੇਗੀ। ਇਸ ਸਾਰੀ ਕਥਾ ਦਾ ਇਕ ਹੀ ਭਾਵ ਹੈ ਕਿ ਸੰਤ ਲੋਕ ਏਨ੍ਹਾਂ ਨਰਕਾਂ ਸਵਰਗਾਂ ਦੇ ਦੁਖਾਂ ਸੁਖਾਂ ਤੋਂ ਬਹੁਤ ਉੱਚਾ ਹੁੰਦੇ ਹਨ। ਏਹਨਾਂ ਨਰਕਾਂ ਸਵਰਗਾਂ ਦੇ ਦੁਖਾਂ ਸੁਖਾਂ ਤੋਂ ਉੱਚੇ ਟਿਕਾਣੇ ਦਾ ਨਾਮ ਸਚਖੰਡ ਹੈ। ਸੰਸਾਰ, ਮੌਤ ਨੂੰ ਨਰਕਾਂ ਸਵਰਗਾਂ ਤਕ ਪਹੁੰਚਾਉਣ ਮਾਰਗ ਸਮਝਦਾ ਹੈ। ਪਰ ਸੰਤ ਲੋਕ *"ਮੌਤ ਦੀ ਕਲਾ"* ਨੂੰ ਸੰਸਾਰ ਦਾ ਪਰਿਵਰਤਨ ਸਮਝਦੇ ਹਨ। ਸੰਤ ਨੂੰ ਜਦੋਂ ਜਦੋਂ ਮੌਤ ਦੀ ਸਮਝ ਲਗਦੀ ਹੈ, ਉਹ ਕੂਕ ਕੇ ਇਹ ਕਹਿ ਉਠਦਾ ਹੈ, ਕਿ ਜਿਸ ਮੌਤ ਤੋਂ ਸਾਰਾ ਸੰਸਾਰ ਡਰਦਾ ਹੈ, ਉਸੇ ਹੀ ਮੌਤ ਨੇ ਮੈਨੂੰ ਸਚਖੰਡ ਦਾ ਅਨੰਦ ਪ੍ਰਦਾਨ ਕੀਤਾ ਹੈ। ਜਿੰਨੀ ਦੇਰ ਤਕ ਮਰਨ ਦੀ ਵਿਧੀ ਨਹੀਂ ਆਉਂਦੀ, ਓਨੀ ਦੇਰ ਤਕ ਅਸਲੀ ਪਰਮਾਨੰਦ ਦਾ ਟਿਕਾਣਾ ਵੀ ਨਹੀਂ ਮਿਲ ਸਕਦਾ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥
(ਪੰਨਾ ੧੩੬੫)

ਗੁਰੂ ਅਰਜਨ ਸਾਹਿਬ ਜੀ ਵੀ ਨਰਕਾਂ ਸਵਰਗਾਂ ਤੋਂ ਉੱਚੇ ਕਿਸੇ ਐਸੇ ਟਿਕਾਣੇ ਦਾ ਜਿਕਰ ਕਰਦੇ ਹਨ, ਜਿਥੇ ਪਰਮ ਬਿਸ੍ਰਾਮ ਮਿਲਦਾ ਹੈ। ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ ਕਿ ਮੇਰੀ ਸੁਰਤ ਨੇ ਇਕ ਐਸਾ ਘਰ ਲੱਭ ਲਿਆ ਹੈ, ਜਿਥੇ ਜਨਮ, ਬੁਢੇਪਾ ਤੇ ਮੌਤ ਕੁਝ ਵੀ ਨਹੀਂ ਹੈ।

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥ *(ਪੰਨਾ ੪੪)*

ਜਿਹੜੇ ਘਰ ਦਾ ਜਿਕਰ ਗੁਰੂ ਅਰਜਨ ਸਾਹਿਬ ਜੀ ਕਰਦੇ ਹਨ, ਉਸ ਘਰ ਦਾ ਨਾਮ ਪ੍ਰਭੂ ਦੇ ਚਰਨ ਕਮਲਾਂ ਦੀ ਮੌਜ ਹੈ। ਹੋਰ ਇਹ ਨਰਕ ਸਵਰਗ ਤਾਂ ਇਕ ਭਟਕਣਾ ਦਾ ਨਾਮ ਹੈ। ਜਿਵੇਂ ਕੋਈ ਧੁੱਪ ਤੋਂ ਦੁਖੀ ਹੋਇਆ ਛਾਂ ਲਭਦਾ ਹੈ ਅਤੇ ਛਾਂ ਤੋਂ ਦੁਖੀ ਹੋਇਆ ਧੁੱਪ ਲਭਦਾ ਹੈ। ਸਾਡੇ ਪੰਜਾਬ ਵਿਚ ਜੂਨ ਜੁਲਾਈ ਦੀ ਧੁੱਪ ਹੀ ਨਰਕ ਬਣਾ ਕੇ ਰੱਖ ਦੇਂਦੀ ਹੈ। (ਯੂ. ਕੇ) ਇੰਗਲੈਂਡ ਵਿਚ ਚਲੇ ਜਾਈਏ ਤਾਂ ਦਸੰਬਰ ਜਨਵਰੀ ਦੀ ਠੰਢ ਹੀ ਨਰਕ ਬਣਾ ਕੇ ਰੱਖ ਦੇਂਦੀ ਹੈ। ਉਹ ਠੰਢ ਤੋਂ ਦੁਖੀ ਹੋਏ ਧੁੱਪ ਲਭਦੇ ਫਿਰਦੇ ਹਨ ਅਤੇ ਏਥੇ ਧੁੱਪ ਤੋਂ ਦੁਖੀ ਹੋਏ ਠੰਢ ਲਭਦੇ ਫਿਰਦੇ ਹਨ। ਦਰਅਸਲ ਗਰਮੀ ਸਰਦੀ ਤੋਂ ਨਾ ਹੀ ਦੁਖ ਮਿਲਦਾ ਹੈ ਅਤੇ ਨਾ ਹੀ ਸੁਖ ਮਿਲਦਾ ਹੈ। ਇਹ ਤਾਂ ਐਵੇਂ ਰਸਤੇ ਬਦਲਣ ਵਾਲੀ ਗੱਲ ਹੈ। ਲਭਣਾ ਤੇ ਕੋਈ ਟਿਕਣ

ਵਾਸਤੇ ਟਿਕਾਣਾ ਹੈ।

ਪਰ ਉਹ ਪਰਮ ਸੁਖ ਦਾ ਟਿਕਾਣਾ ਕਿਥੇ ਹੈ? ਉਸ ਮਾਰਗ ਦਾ ਪਤਾ ਨਹੀਂ ਲਗ ਰਿਹਾ। ਰਸਤੇ ਨੂੰ ਹੀ ਟਿਕਾਣਾ ਮੰਨ ਲੈਣਾ ਭੁੱਲ ਹੈ। ਮਾਈਲ ਪੱਥਰਾਂ ਉਪਰ ਮੰਜ਼ਿਲ ਵੱਲ ਸਾਈਨ ਲਿਖੇ ਹੁੰਦੇ ਹਨ। ਕੋਈ ਰਸਤੇ ਦੇ ਮਾਈਲ ਪੱਥਰ ਨੂੰ ਮੰਜ਼ਿਲ ਸਮਝ ਬੈਠੇ ਤਾਂ ਇਹ ਉਸ ਦੀ ਭੁੱਲ ਹੈ। ਰਸਤੇ ਦੇ ਸਾਈਨ ਬੋਰਡ ਮੰਜ਼ਿਲ ਤੇ ਪਹੁੰਚਣ ਲਈ ਸਹੂਲਤ ਹਨ, ਖੁਦ ਮੰਜ਼ਿਲ ਨਹੀਂ ਹਨ।

ਤੇਰੀ ਮੰਜ਼ਿਲ ਕੇ ਲਿਏ ਯਹਾਂ ਸਹੂਲਤ ਹੈ, ਲੇਕਿਨ ਮੰਜ਼ਿਲ ਨਹੀਂ।।

ਮੰਜ਼ਿਲ ਹੋਰ ਹੈ ਅਤੇ ਉਹ ਅਗੇ ਹੈ। ਇਹ ਜੀਵ ਦੁਖਾਂ ਸੁਖਾਂ ਵਿੱਚ ਜੰਮਦਾ ਮਰਦਾ ਰਹਿੰਦਾ ਹੈ। "*ਮੌਤ ਦੀ ਕਲਾ*" ਇਸ ਤੇ ਹਮੇਸ਼ਾ ਵਰਤਦੀ ਰਹਿੰਦੀ ਹੈ। ਇਹ ਜਨਮ ਮਰਨ ਤੇ ਦੁੱਖ ਸੁੱਖ ਦਾ ਗੇੜ ਕੇਵਲ "*ਮੌਤ ਦੀ ਕਲਾ*" ਦਾ ਢੰਗ ਹੈ। ਦੁਖ ਸੁੱਖ ਵਿਚ ਜਿਉਣ ਵਾਲਾ ਮਨੁੱਖ ਰਸਤੇ ਬਦਲਦਾ ਰਹਿੰਦਾ ਹੈ, ਪਰ ਮੰਜ਼ਿਲ ਵੱਲ ਕਦਮ ਨਹੀਂ ਰੱਖਦਾ। ਸਾਰੀ ਜ਼ਿੰਦਗੀ ਏਸੇ ਦੁਬਿਧਾ ਵਿਚ ਖਤਮ ਹੋ ਜਾਂਦੀ ਹੈ।

ਕੁਛ ਰੋਤੇ ਮੇਂ ਕਟ ਗਈ, ਕੁਛ ਆਂਹੋ ਮੇਂ ਕਟ ਗਈ।।
ਕੁਛ ਸੋਤੇ ਮੇਂ ਕਟ ਗਈ, ਕੁਛ ਗੁਨਾਹੋਂ ਮੇਂ ਕਟ ਗਈ।।
ਮੰਜ਼ਿਲ ਪੇ ਚਲਨੇ ਵਾਲੇ ਮੰਜ਼ਿਲ ਪੇ ਜਾ ਲਗੇ,
ਰਾਹੇਂ ਬਦਲਨੇ ਵਾਲੋਂ ਕੀ ਰਾਹੋਂ ਮੇਂ ਕਟ ਗਈ।।

ਹਰ ਜਨਮ ਇਕ ਮਾਰਗ ਹੈ। ਜਦੋਂ ਮਨੁੱਖ ਆਪਣੇ ਮਨੁੱਖਾ ਜਨਮ ਨੂੰ ਨਹੀਂ ਸੰਭਾਲ ਸਕਿਆ ਤਾਂ ਸਮਝੋ ਕਿ ਸਚਖੰਡ ਦੇ ਰਸਤੇ ਨੂੰ ਨਹੀਂ ਸਮਝ ਸਕਿਆ। *ਮੌਤ ਦੀ ਕਲਾ* ਤਾਂ ਹਰ ਜਨਮ ਵਿਚ ਵਰਤਦੀ ਰਹੇਗੀ। ਨਰਕ ਸਵਰਗ ਦਾ ਸਬੰਧ ਵੈਸੇ ਵੀ ਮੌਤ ਤੋਂ ਬਾਅਦ ਨਹੀਂ ਹੈ। ਨਰਕ ਸਵਰਗ ਦਾ ਸਬੰਧ ਜੀਵਤ ਸਰੀਰ ਨਾਲ ਹੈ। ਨਰਕ ਸਵਰਗ ਨੂੰ ਤਨ ਤੇ ਮਨ ਦੇ ਤਲ ਉੱਪਰ ਅਨੁਭਵ ਕੀਤਾ ਜਾ ਸਕਦਾ ਹੈ। ਮੌਤ ਤਾਂ ਉਸ ਵਿਧੀ ਦਾ ਨਾਮ ਹੈ ਜਿਸ ਕਲਾ ਦੁਆਰਾ ਪ੍ਰਭੂ ਜੀਵ ਨੂੰ ਤਨ ਰੂਪੀ ਕਪੜਾ ਬਦਲ ਕੇ ਨਵਾਂ ਪਹਿਨਾਉਂਦਾ ਹੈ। ਸੋ ਮਨੁੱਖ ਦੀ ਮੰਜ਼ਿਲ ਨਰਕ ਸਵਰਗ ਨਹੀਂ ਹੈ। ਮੰਜ਼ਿਲ ਸਚਖੰਡ ਹੈ ਅਤੇ ਉਹ ਵੀ ਸਰੀਰ ਦੇ ਜੀਵਨ ਹੁੰਦਿਆਂ। ਮਰਨ ਤੋਂ ਬਾਅਦ ਕਿਸੇ ਸਚਖੰਡ ਦੀ ਕਲਪਨਾ ਕਰਨਾ ਇਹ ਮਿਥਿਆ ਹੈ। ਸਚਖੰਡ ਦਾ ਅਰਥ ਹੈ, ਮਨੁੱਖ ਦੇ ਮਨ ਤੋਂ ਅਗੇ ਜਿਥੇ ਆਤਮ ਨਿਵਾਸ ਹੈ, ਉਥੋਂ ਦਾ ਆਤਮ ਦਰਸ਼ਨ। ਯਾਨੀ ਕਿ ਆਤਮ ਗਿਆਨ ਸਚਖੰਡ ਹੈ। ਆਤਮ ਦਰਸ਼ਨ ਹੀ ਸਚਖੰਡ ਦਰਸ਼ਨ ਹੈ। ਆਤਮ ਨਿਵਾਸ ਪਾਉਣ ਵਾਲੇ ਸਚਖੰਡ ਵਾਸੀ ਹੁੰਦੇ ਹਨ। ਉਹਨਾਂ ਨੂੰ ਹੀ ਇਹ ਗਿਆਨ ਆਉਂਦਾ ਹੈ ਕਿ ਆਦਿ ਸਚ ਕੀ ਹੈ? ਜਦੋਂ ਮਨੁੱਖ ਆਤਮ ਦਰਸ਼ੀ ਹੋ ਜਾਂਦਾ ਹੈ, ਤਾਂ ਉਹ ਨਰਕ ਸਵਰਗ, ਦੁਖ ਸੁਖ ਆਦਿ ਦਾ ਖੰਡਨ ਕਰਦਾ ਹੈ।

ਆਤਮ ਦਰਸ਼ਨ ਕਰਨ ਵਾਲੇ ਬ੍ਰਹਮ ਗਿਆਨੀ ਸੰਤਾਂ ਨੇ ਕਿਸੇ ਮਸਤੀ ਤੇ ਖੁਮਾਰੀ ਵਿਚ ਆ ਕੇ ਉਸ ਉੱਚੀ ਅਵਸਥਾ ਦਾ ਬਿਆਨ ਕੀਤਾ ਹੈ। ਹਾਲਾਂ ਕਿ ਉਹ ਉੱਚੀ ਅਵਸਥਾ ਬਿਆਨ ਵਿਚ ਪੂਰੀ ਆਉਂਦੀ ਨਹੀਂ, ਪਰ ਫਿਰ ਵੀ ਜਿਵੇਂ ਗੂੰਗਾ ਇਸ਼ਾਰੇ ਕਰਦਾ ਹੈ, ਇਵੇਂ ਉਸ ਅਵਸਥਾ ਦੇ ਇਸ਼ਾਰੇ ਕੀਤੇ ਹਨ। ਭਗਤ ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਉਸ ਉਚੇ ਸਿੰਘਾਸਣ ਤਕ ਤਾਂ ਪਹੁੰਚਿਆ ਹਾਂ, ਕਿ ਮੇਰੀ ਆਤਮਾ ਪਰਮਾਤਮਾ ਨੂੰ ਮਿਲੀ ਹੈ। ਪਰ ਮੇਰੇ ਵਾਸਤੇ ਇਹ ਦਸਣਾ ਮੁਸ਼ਕਿਲ ਹੈ, ਕਿਉਂਕਿ ਬੂੰਦ ਸਾਗਰ ਵਿਚ ਲੀਨ ਹੋ ਗਈ ਹੈ। ਜਿੰਨੀ ਦੇਰ ਤਕ ਲੀਨ ਨਹੀਂ ਸੀ ਹੋਈ ਓਨੀ ਦੇਰ ਤਕ ਕੁਝ ਬਿਆਨ ਕੀਤਾ ਜਾ ਸਕਦਾ ਸੀ। ਪਰ ਹੁਣ ਬੂੰਦ ਸਾਗਰ ਦਾ ਰੂਪ ਹੋ ਗਈ ਹੈ। ਉਸ ਦਾ ਆਪਣਾ ਵਜੂਦ ਖਤਮ ਹੋ ਗਿਆ ਹੈ। ਭਾਵ ਕਿ ਕਬੀਰ ਸਾਹਿਬ ਕਹਿੰਦੇ ਹਨ ਕਿ ਕਬੀਰ ਰਬ ਹੋ ਗਿਆ ਹੈ ਅਤੇ ਰਬ ਕਬੀਰ ਹੋ ਗਿਆ ਹੈ। ਆਤਮਾ ਹੀ ਪ੍ਰਮਾਤਮਾ ਹੋ ਗਈ ਹੈ।

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਪੰਨਾ ੯੬੯)

ਉਸ ਦੇ ਚਰਨ ਕਮਲਾਂ ਦੀ ਮੌਜ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਕੇਵਲ ਪ੍ਰਮਾਣ ਰਹਿਤ ਇਸ਼ਾਰੇ ਦਿੱਤੇ ਜਾ ਸਕਦੇ ਹਨ। ਹੁਣ ਕਬੀਰ ਸਾਹਿਬ ਵਰਗੇ ਮਹਾਂਪੁਰਖ ਨੂੰ ਪੁਛਿਆ ਜਾ ਸਕਦਾ ਹੈ ਕਿ ਜਿਸ ਪ੍ਰਭੂ ਬਾਰੇ ਤੁਸੀਂ ਜਿਕਰ ਕਰ ਰਹੇ ਹੋ, ਕੀ ਤੁਸੀਂ ਉਸ ਦੇ ਦਰਸ਼ਨ ਕੀਤੇ ਹਨ? ਤਾਂ ਕਬੀਰ ਸਾਹਿਬ ਕਹਿੰਦੇ ਹਨ ਕਿ ਹਾਂ! ਮੈਂ ਤਾਂ ਆਪਣੀਆਂ ਦੋਵੇਂ ਦੋਵੇਂ ਅੱਖਾਂ ਨਾਲ ਉਸ ਦੇ ਦਰਸ਼ਨ ਕੀਤੇ ਹਨ ਅਤੇ ਜਦੋਂ ਦੇ ਦਰਸ਼ਨ ਕੀਤੇ ਹਨ, ਉਦੋਂ ਤੋਂ ਪਰਮਾਤਮਾ ਤੋਂ ਬਿਨਾਂ ਹੋਰ ਕੁਝ ਨਹੀਂ ਦਿਸਦਾ। ਸਭ ਕੁਝ ਪ੍ਰਭੂ ਹੀ ਹੈ।

ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥
ਨੈਨ ਰਹੇ ਰੰਗੁ ਲਾਈ॥ ਅਬ ਬੇਗਲ ਕਹਨੁ ਨ ਜਾਈ॥

(ਪੰਨਾ ੬੫੫)

ਕਬੀਰ ਸਾਹਿਬ ਨੂੰ ਪੁਛਿਆ ਜਾ ਸਕਦਾ ਹੈ, ਬਈ ਤੁਸੀਂ ਆਪਣੀਆਂ ਦੋਵਾਂ ਅੱਖਾਂ ਦੁਆਰਾ ਪ੍ਰਭੂ ਦਰਸ਼ਨ ਕੀਤੇ ਹਨ। ਕੁਝ ਉਸ ਬਾਰੇ, ਉਸ ਦੀ ਰੂਪ ਰੇਖਾ ਸਾਨੂੰ ਵੀ ਦਸੋ? ਤਾਂ ਕਬੀਰ ਸਾਹਿਬ ਜੁਆਬ ਦੇਂਦੇ ਹਨ ਕਿ, ਉਸ ਪ੍ਰਭੂ ਦੇ ਚਰਨ ਕਮਲਾਂ ਦੀ ਮੌਜ ਦਾ ਕੋਈ ਵੀ ਪ੍ਰਮਾਣ ਸੰਸਾਰ ਵਿਚੋਂ ਨਹੀਂ ਜੁਟਾਇਆ ਜਾ ਸਕਦਾ। ਕਿਉਂਕਿ ਸੰਸਾਰ ਬਿਨਸਨਹਾਰ ਹੈ ਅਤੇ ਉਹ ਜਿਹੜਾ ਪ੍ਰਮਾਣ ਚਰਨਾਂ ਕਮਲਾਂ ਦੀ ਮੌਜ ਬਿਆਨ ਕਰਨ ਦਾ ਦਿੱਤਾ ਜਾਵੇਗਾ, ਉਹ ਅਧੂਰਾ ਹੋ ਜਾਏਗਾ। ਇਸ ਕਰਕੇ ਉਸ

ਮੌਜ ਦਾ ਬਿਆਨ ਕਰਨਾ ਮੇਰੇ ਵੱਸ ਦੀ ਗੱਲ ਨਹੀਂ। ਕੋਈ ਅਨੁਮਾਨ ਵੀ ਲਗਾਵਾਂਗਾ ਤਾਂ ਉਹ ਸੋਭਾ ਨਹੀਂ ਦੇਵੇਗਾ। ਕਿਉਂਕਿ ਅਨੁਮਾਨ ਸਾਰੇ ਸੰਸਾਰੀ ਹਨ। ਸੰਸਾਰ ਅਧੂਰਾ ਤੇ ਬਿਨਸਨਹਾਰ ਹੈ। ਸੰਸਾਰ ਕਿਰਤ ਹੈ ਤੇ ਪ੍ਰਭੂ ਕਰਤਾ ਹੈ। ਕ੍ਰਿਤ ਆਪਣੇ ਕਰਤੇ ਬਾਰੇ ਕੁਝ ਨਹੀਂ ਕਹਿ ਸਕਦੀ। ਬਸ ਪ੍ਰਭੂ ਦੇ ਦਰਸ਼ਨ, ਆਪ ਹੀ ਆਪਣੀ ਮੁਸ਼ਕਤ ਦੁਆਰਾ ਕੀਤੇ ਜਾ ਸਕਦੇ ਹਨ। ਇਸ ਕੰਮ ਵਿਚ ਕੋਈ ਦੂਸਰਾ ਸਹਾਇਤਾ ਨਹੀਂ ਕਰ ਸਕਦਾ।

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥ ੧੨੧॥

(ਪੰਨਾ ੧੩੭੦)

ਇਸ ਸ੍ਰਿਸ਼ਟੀ ਵਿਚ ਕੋਈ ਮਹਿਮਾ ਹੈ ਤਾਂ ਉਹ ਮਨੁੱਖਾ ਜਨਮ ਦੀ ਹੈ। ਕਿਉਂਕਿ ਮਨੁੱਖਾ ਜਨਮ ਬੜੀਆਂ ਜੂਨਾਂ ਭੋਗਣ ਤੋਂ ਬਾਅਦ ਮਿਲਿਆ ਹੈ। ਇਹ ਗੱਲ ਵਖਰੀ ਹੈ ਕਿ ਮਨੁੱਖ ਆਪਣੇ ਜਨਮ ਦੇ ਨਾਲ ਹੀ, ਆਪਣੇ ਪਹਿਲੇ ਜਨਮ ਦੀ ਮੌਤ ਭੁੱਲ ਜਾਂਦਾ ਹੈ। ਇਹ ਕਰਤਾ ਪੁਰਖ ਦੀ ਕੁਦਰਤ ਦਾ ਕਮਾਲ ਹੈ ਕਿ ਉਹ ਆਪਣੇ ਰਾਖਵੇਂ ਅਧਿਕਾਰ ਨੂੰ ਜੀਵ ਕੋਲੋਂ ਲੁਕਾ ਕੇ ਰਖਣ ਲਈ, ***ਮੌਤ ਦੀ ਕਲਾ*** ਵਰਤਦਾ ਹੈ। ***ਮੌਤ ਦੀ ਕਲਾ*** ਹੀ ਹੈ ਕਿ ਮਨੁੱਖ ਨੂੰ ਆਪਣੀ ਮੌਤ ਬਾਰੇ ਵੀ ਅਤੇ ਆਪਣੇ ਜਨਮ ਬਾਰੇ ਵੀ ਕੁਝ ਪਤਾ ਨਹੀਂ ਰਹਿੰਦਾ। ਜਨਮ ਅਤੇ ਮੌਤ ਦੇ ਅਧਿਕਾਰ ਪ੍ਰਭੂ ਦੇ ਰਾਖਵੇਂ ਹੱਕ ਹਨ।

ਜਨਮ ਮਰਨ ਹਮਰੇ ਬਸਿ ਨਾਹਿ॥

ਜੇ ਇਹ ਅਧਿਕਾਰ ਪ੍ਰਭੂ ਨੇ ਇਸ ਜੀਵ ਨੂੰ ਦਿੱਤਾ ਹੁੰਦਾ ਤਾਂ, ਮਨੁੱਖ ਨੇ ਆਪਣੀ ਮਨ ਮਰਜ਼ੀ ਦੇ ਮਾਂ ਬਾਪ ਦੇ ਘਰ ਜਨਮ ਲੈਣਾ ਸੀ ਅਤੇ ਆਪਣੀ ਮਰਜ਼ੀ ਅਨੁਸਾਰ ਹੀ ਇਸ ਸੰਸਾਰ ਨੂੰ ਛੱਡਣਾ ਸੀ। ਪਰ ਪ੍ਰਭੂ ਨੇ ਜਨਮ ਮੌਤ ਦੇ ਅਧਿਕਾਰ ਆਪਣੇ ਕੋਲ ਰੱਖੇ ਹੋਏ ਹਨ। ਜਨਮ ਮਰਨ ਲਈ ਮਨੁੱਖ ਦਾ ਜੋਰ ਨਹੀਂ ਚਲਦਾ।

ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ (ਜਪੁਜੀ ਸਾਹਿਬ)

ਇਸ ਸੰਸਾਰ ਦੀ ਹਰ ਪ੍ਰਕਿਰਿਆ ਨੂੰ ਪ੍ਰਭੂ ਜਿਸ ਕਲਾ ਦੁਆਰਾ ਸਦਾ ਨਵਾਂ ਰਖਦਾ ਹੈ, ਉਸ ਪ੍ਰਕਿਰਿਆ ਦਾ ਨਾਮ ਹੈ "***ਮੌਤ ਦੀ ਕਲਾ***"। ਮੌਤ ਤੇ ਜੀਵਨ ਕੋਈ ਅਲੱਗ ਅਲੱਗ ਨਹੀਂ ਹਨ। ਜੀਵਨ ਵਿਚ ਮੌਤ ਛਿਪੀ ਹੋਈ ਹੈ ਅਤੇ ਮੌਤ ਵਿਚ ਜੀਵਨ ਛਿਪਿਆ ਹੋਇਆ ਹੈ। ਇਹ ਪ੍ਰਭੂ ਦੀ ਕਲਾ ਹੀ ਐਸੀ ਕਿ ਜਿਸ ਦੀ ਛੇੜੀ ਕੀਤੇ ਸਮਝ ਨਹੀਂ ਲਗਦੀ। ਪਰ ਮੰਜ਼ਿਲ ਦੇ ਪਾਂਧੀ ਇਸ ਨੂੰ ਸਮਝਣ ਦਾ ਯਤਨ ਕਰਦੇ ਰਹਿੰਦੇ ਹਨ।

ਸੋ ਪ੍ਰਭੂ ਨੇ ਇਸ ਸ੍ਰਿਸ਼ਟੀ ਦਾ ਜਦੋਂ ਦਾ ਜੀਵਨ ਸ਼ੁਰੂ ਕੀਤਾ ਹੈ, ਉਦੋਂ ਤੋਂ ਹੀ

ਮੌਤ ਦੀ ਕਲਾ' ਵੀ ਵਰਤ ਰਹੀ ਹੈ। ਨਾ ਹੀ ਜੀਵਨ ਖਤਮ ਹੁੰਦਾ ਹੈ ਅਤੇ ਨਾ ਹੀ ਮੌਤ ਆਪਣਾ ਕੰਮ ਬੰਦ ਕਰਦੀ ਹੈ। ਅਰਬਦ ਨਰਬਦ ਸਮੇਂ ਤੋਂ ਇਹ ਸਿਲਸਿਲਾ ਨਿਰੰਤਰ ਏਸੇ ਤਰ੍ਹਾਂ ਚਲਿਆ ਆ ਰਿਹਾ ਹੈ। ਇਸ ਯਾਤਰਾ ਵਿਚ ਨਿਰੰਤਰ ਜੀਵਨ ਦੇ ਰੂਪ ਬਦਲਦੇ ਰਹਿੰਦੇ ਹਨ ਅਤੇ ਮੌਤ ਹਮੇਸ਼ਾ ਜੀਵਨ ਦੇ ਹਰ ਰੂਪ ਵਿਚ ਛਿਪ ਕੇ ਆਪਣਾ ਕੰਮ ਕਰਦੀ ਰਹਿੰਦੀ ਹੈ।

ਮੈਂ ਕਈ ਦਫਾ ਇਕੱਲਿਆਂ ਬੈਠ ਕੇ ਮੌਤ ਬਾਰੇ ਵਿਚਾਰ ਕਰਦਾ ਹਾਂ। ਇਕ ਮੌਤ ਹੀ ਐਸੀ ਘਟਨਾ ਹੈ, ਜੋ ਜੀਵ ਦੇ ਸਬੰਧ ਇਸ ਸੰਸਾਰ ਨਾਲੋਂ ਸਦਾ ਲਈ ਤੋੜ ਦੇਂਦੀ ਹੈ। ਹਾਲਾਂ ਕਿ ਇਹ ਸਬੰਧ ਟੁਟਦੇ ਨਹੀਂ, ਕੇਵਲ ਸਰੀਰ ਸਾਥ ਛੱਡਦਾ ਹੈ। ਪਰ ਇਹ ਸਰੀਰਾਂ ਦਾ ਸਰੀਰਾਂ ਨਾਲੋਂ ਵਿਛੋੜਾ ਹੀ ਸਾਨੂੰ ਮੌਤ ਲਗਦਾ ਹੈ। ਇਸ ਵਾਸਤੇ ਹਰ ਜੀਵ ਨੂੰ ਜੋ ਮੌਤ ਦਾ ਭਿਆਨਕ ਰੂਪ ਦਿਸਦਾ ਹੈ, ਉਹ ਇਹ ਹੈ ਕਿ ਇਕ ਵਾਰੀ ਸਰੀਰ ਦਾ ਸੰਸਾਰ ਨਾਲੋਂ ਸਬੰਧ ਟੁੱਟ ਗਿਆ ਤਾਂ ਉਹ ਦੁਬਾਰਾ ਨਹੀਂ ਬਣਨਾ। ਇਸ ਵਾਸਤੇ ਮੌਤ ਹਰੇਕ ਵਾਸਤੇ ਬੜੀ ਡਰਾਉਣੀ ਹੈ।

ਮੈਂ ਸੋਚਦਾ ਹਾਂ, ਕਾਸ਼! ਪ੍ਰਭੂ ਨੇ ਇਕੱਲਾ ਜੀਵਨ ਹੀ ਬਣਾਇਆ ਹੁੰਦਾ। ਮੌਤ ਵਰਗੀ ਭਿਆਨਕ ਘਟਨਾ ਜੀਵ ਦੇ ਜੀਵਨ ਵਿਚ ਕਦੇ ਵੀ ਨਾ ਘਟਦੀ। ਹਰ ਇਕ ਜੀਵ ਦੀ ਏਹੀ ਮੰਗ ਹੈ, ਕਿ ਮੌਤ ਨਾਮ ਦੀ ਕੋਈ ਸ਼ਕਤੀ ਨਾ ਹੋਵੇ। ਕੇਵਲ ਜੀਵਨ ਹੀ ਜੀਵਨ ਹੋਵੇ। ਜੇ ਪ੍ਰਭੂ, ਜੀਵਾਂ ਦੀ ਇਹ ਮੰਗ ਪੂਰੀ ਕਰ ਦੇਵੇ ਅਤੇ ਸੰਸਾਰੀ ਜੀਵਨ ਵਿਚੋਂ ਮੌਤ ਨੂੰ ਮਿਟਾ ਦੇਵੇ, ਤਾਂ ਫਿਰ ਇਸ ਸੰਸਾਰ ਵਿਚ ਪਤਾ ਹੈ, ਕੀ ਹੋਵੇਗਾ? ਫਿਰ ਉਹ ਹੋਵੇਗਾ ਜੋ, ਇਕ ਚਲਦੀ ਹੋਈ ਨਦੀ ਨੂੰ ਰੋਕ ਦੇਈਏ ਤਾਂ ਹੁੰਦਾ ਹੈ। ਨਦੀ ਵਿਚ ਪਿਛੋਂ ਪਾਣੀ ਆਉਂਦਾ ਹੈ ਅਤੇ ਅਗੇ ਜਾਈ ਜਾਂਦਾ ਹੈ। ਪਰ ਨਦੀ ਵਿਚ ਪਿਛੋਂ ਪਾਣੀ ਆਉਂਦਾ ਹੀ ਜਾਵੇ, ਪਰ ਅਗੋਂ ਅਸੀਂ ਨਦੀ ਦੇ ਪਾਣੀ ਨੂੰ ਬੰਨ੍ਹ ਦੇਈਏ। ਫਿਰ ਓਹੀ ਨਦੀ ਕਿਨਾਰਿਆਂ ਤੋਂ ਉੱਛਲ-ਉੱਛਲ ਕੇ ਸਾਰੇ ਸੰਸਾਰ ਨੂੰ ਨਰਕ ਬਣਾ ਕੇ ਰੱਖ ਦੇਵੇਗੀ। ਫਿਰ ਜਿਹੜੇ ਜੀਵਨ ਨੂੰ ਅਸੀਂ ਸੁਖ ਸਮਝਦੇ ਹਾਂ, ਓਹੀ ਮੌਤ ਨਾਲੋਂ ਵੀ ਜ਼ਿਆਦਾ ਭਿਆਨਕ ਜਾਪੇਗਾ।

ਦਰਅਸਲ ਸੰਸਾਰ ਦਾ ਜੀਵਨ ਵਹਿੰਦੇ ਦਰਿਆ ਦੀ ਤਰ੍ਹਾਂ ਹੈ। ਹਰ ਜੀਵ ਦਾ ਜੀਵਨ ਪਾਣੀ ਵਾਂਗ ਵਹਿ ਰਿਹਾ ਹੈ। ਮੌਤ ਇਸ ਵਹਿਣ ਨੂੰ ਸਦਾ ਨਵਾਂ ਰੱਖਦੀ ਹੈ। ਜਿਨ੍ਹਾਂ ਜੀਵਾਂ ਦੇ ਸਰੀਰ ਪੁਰਾਣੇ ਤੇ ਬੁੱਢੇ ਹੋ ਜਾਂਦੇ ਹਨ, ਮੌਤ ਦੀ ਪ੍ਰਕਿਰਿਆ ਦੁਆਰਾ ਉਹ ਸੰਸਾਰ ਵਿਚੋਂ ਖਤਮ ਹੋ ਜਾਂਦੇ ਹਨ। ਉਹਨਾਂ ਜੀਵਾਂ ਨੂੰ ਨਵੇਂ ਸਰੀਰ ਮਿਲਦੇ ਹਨ ਅਤੇ ਉਹ ਫਿਰ ਇਸ ਸੰਸਾਰ ਦੇ ਦਰਿਆ ਵਿਚ ਜੀਵਨ ਬਣ ਕੇ ਵਹਿ ਤੁਰਦੇ ਹਨ। ਇਹ ਪਰਿਵਰਤਨ "ਮੌਤ ਦੀ ਕਲਾ" ਦੁਆਰਾ ਹਮੇਸ਼ਾ ਹੁੰਦਾ ਹੈ।

ਇਹ ਜੀਵਨ ਅੱਜ ਨਵਾਂ ਨਹੀਂ ਚਲਿਆ। ਅਰਬਾਂ ਖਰਬਾਂ ਯੁਗਾਂ ਯੁਗਾਂਤਰਾਂ ਤੋਂ ਇਹ ਚਲਿਆ ਹੋਇਆ ਹੈ। ਜਿਵੇਂ ਨਦੀ ਚਲਦੀ ਹੈ। ਉਸ ਨੂੰ ਕੋਈ ਨਹੀਂ ਪੁਛਦਾ ਕਿ

ਤੂੰ ਕਿਥੇ ਪਹੁੰਚਣਾ ਹੈ। ਨਦੀ ਕੋਲ ਵੀ ਕਿਤੇ ਪਹੁੰਚਣ ਦਾ ਕੋਈ ਨਕਸ਼ਾ ਨਹੀਂ ਹੈ। ਬੱਸ! ਕੇਵਲ ਨਦੀ ਚਲਦੀ ਹੈ। ਹਰ ਨਦੀ ਦਾ ਵਹਾਉ, ਸਮੁੰਦਰ ਵੱਲ ਹੀ ਰਹਿੰਦਾ ਹੈ। ਨਦੀ, ਜਿੰਨੀ ਦੇਰ ਤਕ ਸਮੁੰਦਰ ਤਕ ਨਹੀਂ ਪਹੁੰਚ ਜਾਂਦੀ ਓਨੀ ਦੇਰ ਤਕ ਸ਼ਾਂਤ ਨਹੀਂ ਹੁੰਦੀ। ਨਦੀ ਦਾ ਜੀਵਨ ਸਮੁੰਦਰ ਵਿਚ ਜਾ ਕੇ ਪੂਰਾ ਹੁੰਦਾ ਹੈ। ਰਸਤੇ ਵਿਚ ਉਹੀ ਨਦੀ ਹਜਾਰ ਵਾਰ ਟੁਟਦੀ ਹੈ, ਰੁਕਦੀ ਹੈ, ਅਤੇ ਸੁਕਦੀ ਹੈ। ਪਰ ਫਿਰ ਫਿਰ ਉਸ ਵਿਚ ਪਾਣੀ ਆਉਂਦਾ ਹੈ। ਪਰ ਉਹ ਨਦੀ ਰੁੱਕ ਕੇ, ਸੁੱਕ ਕੇ ਤੇ ਟੁੱਟ ਕੇ ਵੀ ਹਰ ਵਾਰ ਪਾਣੀ ਦਾ ਵਹਾਉ ਸਮੁੰਦਰ ਵੱਲ ਹੀ ਰੱਖਦੀ ਹੈ। ਸੰਸਾਰੀ ਜੀਵਨ ਨਦੀ ਦੇ ਪਾਣੀ ਵਾਂਗ ਹੈ। ਹਰ ਜੀਵ ਪਾਣੀ ਦੀ ਇਕ ਬੂੰਦ ਹੈ। ਹਰ ਸਰੀਰ ਇਕ ਬੂੰਦ ਦੇ ਪਾਣੀ ਦਾ ਕਟੋਰਾ ਹੈ। ਕਟੋਰੇ ਹਰ ਵਾਰੀ ਬਦਲ ਜਾਂਦੇ ਹਨ। ਯਾਨੀ ਕਿ ਸਰੀਰ ਹਰ ਵਾਰ ਸਾਥ ਛੱਡ ਦੇਂਦਾ ਹੈ। ਜੀਵਾਤਮਾ ਨੂੰ ਦੁਬਾਰਾ ਫਿਰ ਕੋਈ ਹੋਰ ਸਰੀਰ ਮਿਲਦਾ ਹੈ। ਜਨਮ ਮਰਨ ਦਾ ਗੇੜ ਓਨੀ ਦੇਰ ਤਕ ਨਿਰੰਤਰ ਚਲਦਾ ਰਹਿੰਦਾ ਹੈ, ਜਿੰਨੀ ਦੇਰ ਤਕ ਇਹ ਪਾਣੀ ਦੀ ਬੂੰਦ ਸਮੁੰਦਰ ਵਿਚ ਜਾ ਕੇ ਨਹੀਂ ਸਮਾ ਜਾਂਦੀ। ਯਾਨੀ ਕਿ ਜੀਵਾਤਮਾ ਪਰਮਾਤਮਾ ਵਿਚ ਜਿੰਨੀ ਦੇਰ ਜੋਤੀ ਜੋਤ ਨਹੀਂ ਹੁੰਦੀ।

□□□□

ਜੀਵਨ ਸਫਰ ਤੇ ਮੌਤ ਦੀ ਕਲਾ

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥

ਇਹ ਜੀਵਾਤਮਾ ਕਈ ਯੁੱਗਾਂ ਤੋਂ ਇਸ ਤਰ੍ਹਾਂ ਦੇ ਜਨਮਾਂ ਵਿਚ ਭਟਕ ਰਹੀ ਹੈ। ਅੱਜ ਬਹੁਤ ਕੀਮਤੀ ਜਨਮ ਮਨੁੱਖਾ ਸਰੀਰ ਪ੍ਰਾਪਤ ਹੋਇਆ ਹੈ। ਇਹ ਮਨੁੱਖਾ ਜਨਮ ਕਈ ਯੁੱਗਾਂ ਦੀ ਭਟਕਣਾ ਤੋਂ ਉਪਰੰਤ ਮਿਲਿਆ ਹੈ, ਐਵੇਂ ਨਹੀਂ ਮਿਲਿਆ।

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ (ਪੰਨਾ ੬੩੧)

ਜਿਵੇਂ ਹਰ ਨਦੀ ਦਾ ਪਾਣੀ ਸਮੁੰਦਰ ਵਲ ਹੀ ਵਹਿੰਦਾ ਹੈ। ਠੀਕ ਹਰੇਕ ਜੀਵਾਤਮਾ ਦੀ ਮੰਜ਼ਿਲ ਪਰਮਾਤਮਾ ਹੀ ਹੈ। ਇਸ ਸਫਰ ਵਿਚ ਉਹ ਨਿਰੰਤਰ ਚਲੀ ਜਾ ਰਹੀ ਹੈ। ਕਈ ਯੁਗਾਂ ਤੋਂ ਜੀਵਾਤਮਾ ਯਾਤਰਾ ਵਿਚ ਹੈ ਅਤੇ ਅਜੇ ਵੀ ਯਾਤਰਾ ਜਾਰੀ ਹੈ। ਘਰ ਕਦੋਂ ਪਹੁੰਚਾਂਗੇ, ਟਿਕਾਣਾ ਅਜੇ ਵੀ ਨਹੀਂ ਮਿਲਿਆ? ਦਰਅਸਲ ਰਸਤੇ ਵਿਚ ਚੈਨ ਜਾਂ ਅਰਾਮ ਨਹੀਂ ਮਿਲਦਾ।

ਇਕ ਪੁਰਾਣੀ ਕਥਾ ਹੈ ਕਿ ਇਕ ਬਜ਼ੁਰਗ ਪਿਤਾ ਆਪਣੇ ਜਵਾਨ ਪੁੱਤਰ ਨੂੰ ਨਾਲ ਲੈ ਕੇ ਸਵੇਰ ਤੋਂ ਸਫਰ ਤੇ ਚਲਿਆ ਹੋਇਆ ਸੀ। ਦੁਪਹਿਰ ਹੋ ਗਈ ਤਾਂ ਪੁੱਤਰ ਨੇ ਪਿਤਾ ਨੂੰ ਪੁਛਿਆ, "ਬਾਪੂ! ਸਫਰ ਅਜੇ ਕਿੰਨਾਂ ਕੁ ਰਹਿੰਦਾ ਹੈ ਅਤੇ ਕਦੋਂ ਕੂ ਪਹੁੰਚਾਂਗੇ? ਮੈਂ ਥੱਕ ਗਿਆ ਹਾਂ।" ਬਾਪੂ ਨੇ ਕਿਹਾ "ਪੁੱਤਰ! ਸਫਰ ਅਜੇ ਔਖਾ ਰਹਿੰਦਾ ਹੈ ਅਤੇ ਸ਼ਾਮ ਤਕ ਪਹੁੰਚਾਂਗੇ। ਜੇ ਤੂੰ ਥੱਕ ਗਿਆ ਹੈਂ ਤਾਂ ਮੈਂ ਤੈਨੂੰ ਚੁੱਕ ਲੈਂਦਾ ਹਾਂ।" ਪੁੱਤਰ ਨੇ ਕਿਹਾ "ਬਾਪੂ! ਫਿਰ ਤੂੰ ਥੱਕ ਜਾਵੇਂਗਾ" ਤਾਂ ਬਾਪੂ ਨੇ ਕਿਹਾ "ਫਿਰ ਤੂੰ ਮੈਨੂੰ ਚੁੱਕ ਲਵੀਂ।" ਪੁੱਤਰ ਨੇ ਕਿਹਾ ਬਾਪੂ! ਇਕ ਦੂਸਰੇ ਨੂੰ ਚੁੱਕ ਕੇ ਸਫਰ ਕਰਨਾ ਕੋਈ ਸੌਖਾ ਹੈ ਤਾਂ ਬਾਪੂ ਨੇ ਕਿਹਾ ਪੁੱਤਰ! ਚੁੱਕ ਕੇ ਤੁਰਨਾ ਸੌਖੀ ਗੱਲ ਤਾਂ ਨਹੀਂ ਪਰ ਸਫਰ ਤਾਂ ਪੂਰਾ ਕਰਨਾ ਹੈ। ਸਫਰ ਵਿਚ ਅਰਾਮ ਕਦੇ ਨਹੀਂ ਮਿਲਦਾ ਅਤੇ ਜਿਹੜਾ ਸਫਰ ਵਿਚ ਰੁਕ ਜਾਵੇਗਾ, ਉਹ ਮੰਜ਼ਿਲ ਤੇ ਕਿਵੇਂ ਪਹੁੰਚੇਗਾ? ਪੁੱਤਰ ਨੇ ਕਿਹਾ "ਬਾਪੂ! ਸਫਰ ਵਿਚ ਅਰਾਮ ਤਾਂ ਨਹੀਂ ਮਿਲਦਾ ਪਰ ਇਕ ਦੂਜੇ ਨੂੰ ਚੁੱਕ ਕੇ ਤੁਰਨਾ ਵੀ ਸੌਖਾ ਨਹੀਂ।"

ਦਰਅਸਲ ਇਹ ਹਕੀਕਤ ਹੈ ਕਿ ਸਾਰੇ ਸੰਸਾਰ ਦਾ ਜੀਵਨ ਸਫਰ [illegible]

ਚਲਦਾ ਹੈ। ਪਹਿਲਾਂ ਹਰ ਮਾਂ ਬਾਪ ਆਪਣੇ ਬੱਚਿਆਂ ਦਾ ਬਚਪਨਾ ਚੁੱਕਦਾ ਹੈ ਅਤੇ ਫਿਰ ਜੁਆਨ ਬੱਚੇ ਆਪਣੇ ਬੁੱਢੇ ਮਾਂ ਬਾਪ ਦਾ ਬੁਢੇਪਾ ਚੁੱਕਦੇ ਹਨ। ਪਰ ਉਹ ਬਜੁਰਗ ਪਿਤਾ ਆਪਣੇ ਪੁੱਤਰ ਨੂੰ ਕਹਿੰਦਾ ਸੀ ਕਿ ਪਹਿਲਾਂ ਮੈਂ ਤੈਨੂੰ ਕੋਈ ਹੱਡ ਬੀਤੀ ਤੇ ਜੱਗ ਬੀਤੀ ਸੁਣਾਵਾਂਗਾ ਫਿਰ ਤੂੰ ਮੈਨੂੰ ਕੋਈ ਆਪਣੀ ਹੱਡ ਬੀਤੀ, ਜੱਗ ਬੀਤੀ ਕਥਾ ਕਹਾਣੀ ਸੁਣਾਈਂ। ਇਸ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਥਕੇਵਾਂ ਅਨੁਭਵ ਨਹੀਂ ਹੋਵੇਗਾ। ਇਸ ਤਰ੍ਹਾਂ ਉਹ ਦੋਵੇਂ ਪਿਉ ਪੁੱਤਰ ਇਕ ਦੂਜੇ ਨਾਲ ਮਨੋਰੰਜਨ ਦੀਆਂ ਗੱਲਾਂ ਬਾਤਾਂ ਕਰਨ ਲਗੇ। ਕਰੀਬਨ ਸਾਰਾ ਸੰਸਾਰ ਇਹੀ ਗੱਲਾਂ ਕਰਦਾ ਹੈ। ਉਹਨਾਂ ਦੋਵਾਂ ਪਿਉ ਪੁੱਤਰਾਂ ਦੇ ਪਿਛੇ ਪਿਛੇ ਇਕ ਬਜੁਰਗ ਸਾਧੂ ਆ ਰਿਹਾ ਸੀ। ਉਸ ਮਹਾਤਮਾ ਨੇ ਇਹਨਾਂ ਪਿਉ ਪੁੱਤਰਾਂ ਦੀਆਂ ਗੱਲਾਂ ਸੁਣੀਆਂ ਤੇ ਅੰਦਾਜਾ ਲਾਇਆ ਕਿ ਵਿਚਾਰੇ ਮੁਸਾਫਰ ਰਸਤੇ ਵਿਚ ਥੱਕ ਗਏ ਹਨ। ਮੰਜ਼ਿਲ ਦੂਰ ਹੈ। ਸਫਰ ਦੇ ਥਕੇਵੇਂ ਨੂੰ ਦੂਰ ਕਰਨ ਲਈ ਆਪਸ ਵਿਚ ਮਨੋਰੰਜਨ ਦੀਆਂ ਗੱਲਾਂ ਕਰ ਰਹੇ ਹਨ। ਕਿਉਂ ਨਾ ਇਨ੍ਹਾਂ ਨੂੰ ਅਵਾਜ਼ ਮਾਰ ਕੇ ਸਾਵਧਾਨ ਕੀਤਾ ਜਾਵੇ ਕਿ ਗੱਲਾਂ ਆਪਣੀ ਮੰਜ਼ਿਲ ਦੀਆਂ ਕਰੋ? ਮਨੋਰੰਜਨ ਦੀਆਂ ਗੱਲਾਂ ਕਰਦੇ ਰਹੋਗੇ ਤਾਂ ਆਪਣਾ ਰਾਹ ਭੁਲ ਜਾਉਗੇ। ਤਾਂ ਇਹ ਸੋਚ ਕੇ ਉਸ ਬਜੁਰਗ ਮਹਾਤਮਾ ਨੇ ਉਹਨਾਂ ਦੋਵਾਂ ਮੁਸਾਫਰਾਂ ਨੂੰ ਸਾਵਧਾਨ ਕਰਕੇ ਆਖਿਆ:-

ਗਰਦ ਅਲੂਦ ਜਿਸਮ ਜੋਸ਼, ਅਜ਼ਮ ਚਿਹਰੇ ਪਰ॥
ਕੋਈ ਰਾਹਰੋ ਹੈ, ਜਿਸੇ ਜੁਸਤੁਜੂ ਹੈ ਮੰਜ਼ਿਲ ਕੀ॥

(ਇਕ ਸਿਆਣਾ)

ਤੁਹਾਡੇ ਜਿਸਮ ਅਤੇ ਚਿਹਰੇ ਉਪਰ ਪਈ ਹੋਈ ਰਸਤੇ ਦੀ ਗਰਦ ਦਸਦੀ ਹੈ ਕਿ ਤੁਸੀਂ ਬਹੁਤ ਦੂਰ ਤੋਂ ਚਲੇ ਹੋਏ ਆਏ ਹੋ। ਤੁਹਾਡੀਆਂ ਗੱਲਾਂ ਅਤੇ ਚਿਹਰੇ ਦੇ ਜੋਸ਼ ਤੋਂ ਪਤਾ ਲਗਦਾ ਹੈ ਕਿ ਤੁਸੀਂ ਮੰਜ਼ਿਲ ਤੇ ਪਹੁੰਚਣਾ ਚਾਹੁੰਦੇ ਹੋ। ਪਰ ਰਸਤੇ ਦੀ ਥਕਾਵਟ ਦੂਰ ਕਰਨ ਲਈ ਮਨੋਰੰਜਨ ਦੀਆਂ ਕਥਾ ਕਹਾਣੀਆਂ ਕਰ ਰਹੇ ਹੋ। ਤੁਹਾਨੂੰ ਪਤਾ ਹੈ ਕਿ ਮੁਸਾਫਰ ਦਾ ਮਨ ਕਿਤੇ ਹੋਰ ਪਾਸੇ ਲਗ ਜਾਵੇ ਤਾਂ ਉਹ ਆਪਣਾ ਰਸਤਾ ਭੁੱਲ ਸਕਦਾ ਹੈ। ਫਿਰ ਉਹ ਘਰ ਪਹੁੰਚਣ ਵਿਚ ਲੇਟ ਹੋ ਸਕਦਾ ਹੈ। ਕਰੀਬਨ ਇਸ ਸੰਸਾਰ ਦੇ ਸਫਰ ਵਿਚ ਜਿਹੜੇ ਅਸੀਂ ਆਪਣਾ ਜੀਵਨ ਸਫਰ ਸੌਖਾ ਕਰਨ ਦੇ ਸਾਧਨ ਬਣਾਏ ਹਨ। ਉਹ ਸਾਰੇ ਮਨੋਰੰਜਨ ਦੇ ਸਾਧਨ ਹਨ। ਕੋਈ ਐਸਾ ਸਾਧਨ ਨਹੀਂ ਬਣਾ ਸਕੇ ਜਿਸ ਨਾਲ ਮਨ ਨੂੰ ਮੰਜ਼ਿਲ ਮਿਲੇ। ਤਿੰਨ ਤਿੰਨ ਘੰਟੇ ਟੀ. ਵੀ. ਅਗੇ ਫਿਲਮ ਦੇਖਦਿਆਂ ਨਿਕਲ ਜਾਂਦੇ ਹਨ। ਪਰ ਮਨ ਇਕਾਗਰ ਕਰਕੇ ਧਿਆਨ ਸਾਡੇ ਕੋਲੋਂ ਅੱਧਾ ਘੰਟਾ ਵੀ ਨਹੀਂ ਟਿਕਾਇਆ ਜਾਂਦਾ।

ਆਖਣਿ ਅਉਖਾ ਸਾਚਾ ਨਾਉ॥ *(ਪੰਨਾ ੯)*

ਅਜ ਦਾ ਮਨੁੱਖ ਕਰੀਬਨ ਆਪਣੇ ਜੀਵਨ ਸਫਰ ਵਿਚ ਭਟਕਿਆ ਹੋਇਆ ਹੈ। ਇਸ ਦੇ ਮਨ ਦੇ ਸੰਸਕਾਰ, ਇਸ ਦੇ ਬਹੁਤ ਦੂਰੋਂ ਆਉਣ ਦੇ ਸਫਰ ਦੀ ਗਰਦ ਹੈ। "ਮੌਤ ਦੀ ਕਲਾ" ਤਾਂ ਰੋਜ ਵਰਤਦੀ ਹੈ, ਪਰ ਗਰਦ ਹੋਰ ਰਸਤੇ ਵਿਚ ਵਧਦੀ ਹੀ ਜਾਂਦੀ ਹੈ। ਜਿਵੇਂ ਅਸੀਂ ਆਪਣੀ ਕਾਰ ਚਲਾਉਂਦੇ ਸਮੇਂ ਇਕ ਸੜਕ ਬਦਲ ਕੇ ਦੂਸਰੀ ਸੜਕ ਤੇ ਸਫਰ ਕਰਨ ਲਗ ਜਾਈਏ। ਸੜਕ ਤਾਂ ਬਦਲ ਕੇ ਨਵੀਂ ਸੜਕ ਤੇ ਸਫਰ ਸ਼ੁਰੂ ਹੋ ਜਾਂਦਾ ਹੈ, ਪਰ ਕਾਰ ਨੂੰ ਜਿਹੜੀ ਪਹਿਲੀ ਸੜਕ ਦੇ ਸਫਰ ਦੌਰਾਨ ਧੂੜ ਮੈਲ ਚਿਕੜ ਲਗਾ ਸੀ, ਉਹ ਨਵੀਂ ਸੜਕ ਤੇ ਆ ਕੇ ਵੀ ਨਾਲ ਹੀ ਆਇਆ ਹੈ। ਇਸ ਤਰ੍ਹਾਂ ਜਦੋਂ ਮੌਤ ਵਾਪਰਦੀ ਹੈ ਤਾਂ ਜੀਵਾਤਮਾ ਨੂੰ ਸਫਰ ਵਾਸਤੇ ਸਰੀਰ ਬਦਲ ਕੇ ਨਵਾਂ ਮਿਲ ਜਾਂਦਾ ਹੈ। ਪਰ ਕਿੰਨਾ ਸਫਰ ਇਸ ਜੀਵਾਤਮਾ ਨੇ ਪਹਿਲੇ ਸਰੀਰ ਦੁਆਰਾ ਕੀਤਾ ਹੈ, ਪਹਿਲੇ ਸਰੀਰ ਦੀਆਂ ਆਦਤਾਂ ਸੁਭਾਅ ਇਹ ਸਾਰੀ ਗਰਦ ਮਿੱਟੀ ਸੰਸਕਾਰ ਬਣ ਕੇ ਅਗਲੇ ਜਨਮ ਵਿਚ ਵੀ ਪਹੁੰਚ ਜਾਂਦੀ ਹੈ। "ਮੌਤ ਦੀ ਕਲਾ" ਦੁਆਰਾ ਕੇਵਲ ਸਰੀਰ ਬਦਲਦਾ ਹੈ। ਸੰਸਕਾਰ, ਆਦਤਾਂ ਤੇ ਸੁਭਾਅ ਤਾਂ ਕਈ ਜਨਮਾਂ ਦਾ ਮਜਮੂਆ ਹੋ ਕੇ ਨਾਲ ਨਾਲ ਜਾਂਦੇ ਹਨ। ਸੋ ਇਹ ਜੋ ਤਨ ਹੈ ਇਹ ਤਾਂ ਇਕ ਰਸਤਾ ਹੈ। ਮਾਰਗ ਹੈ, ਜਿਸ ਮਾਰਗ ਦੁਆਰਾ ਜੀਵ ਸਫਰ ਕਰਦਾ ਹੈ। ਅਸੀਂ ਸਰੀਰ ਨਹੀਂ ਹਾਂ। ਅਸੀਂ ਸਰੀਰ ਦੁਆਰਾ ਯਾਤਰਾ ਕਰਦੇ ਹਾਂ। ਇਹ ਸਰੀਰ ਤਾਂ ਸੰਸਾਰ ਵਿਚ ਸਫਰ ਕਰਨ ਲਈ ਇਕ ਮਾਰਗ ਹੈ। ਪਰ ਮਨੁੱਖਾ ਸਰੀਰ ਇਕ ਸਭ ਤੋਂ ਵਧੀਆ ਮਾਰਗ ਹੈ। ਇਸ ਸਰੀਰ ਦੁਆਰਾ ਅਸੀਂ ਜਿਥੇ ਸੰਸਾਰ ਨੂੰ ਮਾਣ ਸਕਦੇ, ਓਥੇ ਅਸੀਂ ਪਰਮਾਤਮਾ ਨੂੰ ਵੀ ਪਾ ਸਕਦੇ ਹਾਂ। ਸਰੀਰ ਵਿਚ ਜੋ ਜੀਵ ਨਿਵਾਸ ਕਰਦਾ ਹੈ, ਉਹ ਸਾਡਾ ਅਸਲੀ ਸਵਰੂਪ ਹੈ। ਸਰੀਰ ਨੂੰ ਅਸੀਂ ਵਰਤਦੇ ਹਾਂ। ਜਦੋਂ ਅਸੀਂ ਕੰਨਾਂ ਦੁਆਰਾ ਕੋਈ ਰਸ ਭਿੰਨਾ ਗੀਤ ਸੰਗੀਤ ਸੁਣਦੇ ਹਾਂ, ਤਾਂ ਕੰਨ ਇਕ ਮਾਈਕਰੋ ਫੋਨ ਦਾ ਕੰਮ ਕਰਦੇ ਹਨ, ਸੁਣਨ ਛੇ ਸੁਨਾਉਣ ਵਾਲਾ ਸਰੀਰ ਦੇ ਅੰਦਰ ਬੈਠਾ ਹੁੰਦਾ ਹੈ। ਜੇ ਅੰਦਰ ਸੁਣਨ ਵਾਲੇ ਦਾ ਧਿਆਨ ਸੁਣਨ ਵਿਚ ਨਾ ਹੋਵੇ ਤਾਂ ਗੀਤ ਸੰਗੀਤ ਭਾਵੇਂ ਕਿੰਨਾ ਮਧੁਰ ਹੋਵੇ, ਉਸ ਦਾ ਕੁਝ ਰਸ ਨਹੀਂ ਰਹਿੰਦਾ। ਅਸੀਂ ਸੋਚ ਸਕਦੇ ਹਾਂ ਕਿ ਅੱਖਾਂ ਸੰਸਾਰ ਦੇ ਨਜ਼ਾਰੇ ਰੂਪ ਰੰਗ ਦੇਖਦੀਆਂ ਹਨ। ਦਰਅਸਲ ਅੱਖਾਂ ਨਹੀਂ ਦੇਖਦੀਆਂ, ਅੱਖਾਂ ਤਾਂ ਇਕ ਝਰੋਖੇ ਹਨ, ਜਿਨ੍ਹਾਂ ਰਾਹੀਂ ਕੋਈ ਬਾਹਰ ਝਾਕ ਕੇ ਦੇਖਦਾ ਹੈ। ਜਦੋਂ ਅਸੀਂ ਆਪਣੇ ਘਰ ਦੇ ਇਕ ਕਮਰੇ ਵਿਚ ਬੈਠੇ ਹੋਈਏ। ਅਸੀਂ ਕਮਰੇ ਦੀ ਵਿੰਡੋ (ਖਿੜਕੀ) ਖੋਲ੍ਹਕੇ ਬਾਹਰ ਝਾਕੀਏ, ਤਾਂ ਅਸੀਂ ਇਹ ਥੋੜੀ ਕਹਿ ਸਕਦੇ ਹਾਂ ਕਿ ਇਹ ਖਿੜਕੀ ਬਾਹਰ ਝਾਕਦੀ ਹੈ। ਖਿੜਕੀ ਤਾਂ ਕੇਵਲ ਇਕ ਦੁਆਰ ਹੈ, ਜਿਸ ਦੁਆਰਾ ਮਾਲਕ ਬਾਹਰ ਝਾਕਦਾ ਹੈ। ਸੋ ਸਰੀਰ ਅਸੀਂ ਨਹੀਂ ਹਾਂ। ਅਸੀਂ ਤਾਂ ਇਸ ਤਰ੍ਹਾਂ ਦੇ ਸਰੀਰਾਂ ਦੁਆਰਾ ਕਈ ਜਨਮਾਂ ਤੋਂ ਯਾਤਰਾ ਕੀਤੀ ਹੈ। ਪਰ ਅਜੇ ਵੀ ਯਾਤਰਾ ਜਾਰੀ ਹੈ। ਮੌਤ ਆਉਂਦੀ ਹੈ ਤੇ ਸਾਡਾ ਸਰੀਰ ਬਦਲ ਜਾਂਦੀ

ਹੈ। ਜਿਵੇਂ ਪੁਰਾਣੀ ਕਾਰ ਖਰਾਬ ਹੋ ਜਾਵੇ ਤਾਂ ਅਸੀਂ ਨਵੀਂ ਕਾਰ ਦੁਆਰਾ ਸਫਰ ਸ਼ੁਰੂ ਕਰ ਦੇਈਏ। ਕਬੀਰ ਸਾਹਿਬ ਜੀ ਮਹਾਰਾਜ ਨੇ ਆਪਣੀ ਬਾਣੀ ਦੁਆਰਾ ਜਨਮ ਮਰਨ ਦੀ ਬੜੀ ਵਿਆਖਿਆ ਕੀਤੀ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਮੈਨੂੰ ਆਪਣੇ ਇਸ ਤਨ ਦੇ, ਧਨ ਦੇ ਅਤੇ ਇਹ ਸਾਰੇ ਘਰ ਬਾਰ ਦੇ ਛੁੱਟ ਜਾਣ ਦਾ ਕੋਈ ਫਿਕਰ ਨਹੀਂ ਹੈ। ਕਿਉਂਕਿ ਇਸ ਤਰ੍ਹਾਂ ਦੇ ਘਰ, ਤਨ, ਮਾਂ, ਬਾਪ ਅਤੇ ਭੈਣ ਭਰਾ ਮੈਨੂੰ ਕਈ ਵਾਰ ਮਿਲੇ ਹਨ ਅਤੇ ਕਈ ਵਾਰ ਵਿਛੜੇ ਹਨ। ਜਿਉਂ ਹੀ ਮੈਂ ਸਰੀਰ ਛੱਡਦਾ ਹਾਂ ਤਾਂ ਮੈਨੂੰ ਕਿਸੇ ਹੋਰ ਮਾਂ ਦੇ ਗਰਭ ਦੁਆਰਾ ਨਵਾਂ ਸਰੀਰ ਮਿਲ ਜਾਂਦਾ ਹੈ। ਫਿਰ ਉਸ ਨਵੇਂ ਸਰੀਰ ਦੁਆਰਾ ਨਵੇਂ ਮਾਂ-ਬਾਪ, ਭੈਣ, ਭਾਈ ਘਰ ਬਾਰ ਤੇ ਪਰਵਾਰ ਮਿਲ ਜਾਂਦਾ ਹੈ।

ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥੧॥

ਐਸੇ ਘਰ ਹਮ ਬਹੁਤੁ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥ ੧॥ ਰਹਾਉ ॥

(ਪੰਨਾ ੩੨੬)

ਸੋ ਕਹਿਣ ਤੋਂ ਮੁਰਾਦ ਹੈ ਕਿ ਸਰੀਰ ਤਾਂ ਇਕ ਰਸਤਾ ਹੈ, ਜਿਸ ਦੁਆਰਾ ਜੀਵ ਸਫਰ ਕਰਦਾ ਹੈ। ਜੀਵ ਅਗੇ ਗੁਜਰ ਜਾਂਦਾ ਹੈ ਅਤੇ ਰਸਤਾ ਪਿਛੇ ਰਹਿ ਜਾਂਦਾ ਹੈ। ਪਤਾ ਹੈ, ਸਾਡੇ ਦੇਸ਼ ਵਿਚ ਮਰ ਗਏ ਆਦਮੀ ਨੂੰ ਗੁਜਰ ਗਿਆ ਕਿਉਂ ਕਹਿੰਦੇ ਹਨ? ਦਰਅਸਲ ਜੀਵ ਮੁਸਾਫਰ ਹੈ, ਅਤੇ ਸਰੀਰ ਰਸਤਾ ਹੈ। ਮੁਸਾਫਰ ਯਾਤਰਾ ਤੇ ਹੈ ਅਤੇ ਸਰੀਰ ਪਿਛੇ ਰਹਿ ਜਾਂਦਾ ਹੈ ਅਤੇ ਮੁਸਾਫਰ ਅਗੇ ਗੁਜਰ ਜਾਂਦਾ ਹੈ। ਜੋ ਕੁਝ ਸਾਨੂੰ ਮਰੀ ਹੋਈ ਵਸਤੂ ਲਗਦੀ ਹੈ, ਉਹ ਕੇਵਲ ਸਰੀਰ ਹੁੰਦਾ ਹੈ। ਪਰ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਕਿ ਐ ਬੰਦੇ! ਇਹ ਮਾਨਸ ਸਰੀਰ ਤੈਨੂੰ ਇਕ ਐਸਾ ਅੰਮ੍ਰਿਤ ਵੇਲਾ ਪ੍ਰਾਪਤ ਹੋਇਆ ਹੈ, ਕਿ ਤੂੰ ਇਸ ਮਨੁੱਖਾ ਸਰੀਰ ਦੁਆਰਾ ਪ੍ਰਭੂ ਨਾਲ ਮਿਲ ਸਕਦਾ ਹੈਂ।

ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥੨॥

□□□□

ਸਾਕਤ ਮਰਹਿ ਸੰਤ ਸਭਿ ਜੀਵਹਿ ॥ ਰਾਮ ਰਸਾਇਨੁ ਰਸਨਾ ਪੀਵਹਿ ॥੩॥

ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥ ਹਾਰਿ ਪਰੇ ਅਬ ਪੂਰਾ ਦੀਜੈ ॥੪॥੧੩॥

੧. ਪਰਬਤ, ੨. ਤੁਰਨ ਵਾਲੇ ਪਸ਼ੂ ਪੰਛੀ

ਮਾਨਸ ਜਨਮ ਅਤੇ ਮੌਤ ਦੀ ਕਲਾ

ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਪੁਰਾਣੇ ਜ਼ਮਾਨੇ ਦੇ ਲੋਕ ਆਪਣੇ ਘਰਾਂ ਦੇ ਬਾਹਰ ਇਕ ਡਿਊੜੀ (ਦੇਹਰੀ) ਬਣਾਉਂਦੇ ਸਨ। ਉਸ ਡਿਊੜੀ ਨੂੰ ਖ਼ੂਬਸੂਰਤ ਢੰਗ ਨਾਲ ਉਪਰੋਂ ਵੀ ਛੱਤਿਆ ਜਾਂਦਾ ਸੀ ਅਤੇ ਉਸ ਦੇ ਆਸੇ ਪਾਸੇ ਦੀਆਂ ਦਿਵਾਰਾਂ ਵਿਚ ਖਿੜਕੀਆਂ ਰੱਖੀਆਂ ਜਾਂਦੀਆਂ ਸਨ। ਉਸ ਡਿਊੜੀ ਦੇ ਦੋ ਵੱਡੇ ਦਰਵਾਜ਼ੇ ਰੱਖੇ ਜਾਂਦੇ ਹਨ। ਫਿਰ ਉਸ ਡਿਊੜੀ ਵਿਚ ਘਰ ਦਾ ਮਾਲਕ ਮੰਜਾ ਡਾਹ ਕੇ ਬੈਠਾ ਰਹਿੰਦਾ ਸੀ। ਡਿਊੜੀ ਦੀਆਂ ਖਿੜਕੀਆਂ ਦੁਆਰਾ ਉਹ ਬਾਹਰ ਦੇ ਨਜ਼ਾਰੇ ਵੀ ਦੇਖ ਲੈਂਦਾ ਸੀ ਤੇ ਜੇ ਹਨੇਰੀ ਮੀਂਹ ਝਖੜ ਨਾਲ ਗਰਦ ਗੁਬਾਰ ਅੰਦਰ ਆਵੇ ਤਾਂ ਉਹ ਦਰਵਾਜ਼ੇ ਖਿੜਕੀਆਂ ਬਦ ਕਰਕੇ ਅੰਦਰ ਚਲਾ ਜਾਂਦਾ ਸੀ।

ਗੁਰੂ ਅਮਰ ਦਾਸ ਜੀ ਨੇ ਮਨੁੱਖਾ ਸਰੀਰ ਨੂੰ ਇਕ ਐਸੀ ਡਿਊੜੀ ਆਖਿਆ ਹੈ। ਜਿਹੜੀ ਕਿ ਇਸ ਸਾਰੀ ਦੁਨੀਆਂ ਦੇ ਮਹਾਰਾਜੇ ਦੇ ਦਰਬਾਰ ਦੇ ਮੰਦਰ ਦੇ ਬਾਹਰ ਬਣੀ ਹੈ। ਉਸ ਮਹਾਰਾਜੇ ਨੇ ਜੀਵ ਨੂੰ ਇਸ ਡਿਊੜੀ ਦੇ ਪੂਰਨ ਅਧਿਕਾਰ ਦਿੱਤੇ ਹੋਏ ਹਨ। ਅਧਿਕਾਰ ਇਹ ਦਿੱਤੇ ਹਨ ਕਿ ਇਸ ਡਿਊੜੀ ਦੁਆਰਾ ਤੂੰ ਬਾਹਰ ਸੰਸਾਰ ਦੇ ਨਜ਼ਾਰੇ ਵੀ ਮਾਣ ਸਕਦਾ ਹੈਂ। ਨੌਂ ਖਿੜਕੀਆਂ ਤਾਂ ਖੁਲ੍ਹੀਆਂ ਹੀ ਪਈਆਂ ਹਨ। ਸਾਡੇ ਸਰੀਰ ਦੀਆਂ ਨੌਂ ਖਿੜਕੀਆਂ ਸੰਸਾਰ ਵੱਲ ਹੀ ਖੁਲ੍ਹਦੀਆਂ ਹਨ। ਇਕ ਹੋਰ ਦਸਮਾ ਦੁਆਰਾ ਹੈ ਅਤੇ ਉਹ ਗੁਪਤ ਹੀ ਅੰਤਰਮੁਖੀ ਖੁਲ੍ਹਦਾ ਹੈ।

ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥
ਗੁਰ ਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥

(ਪੰਨਾ ੯੨੨)

ਹੁਣ ਗੁਰਮਤਿ ਇਹ ਕਹਿੰਦੀ ਹੈ ਕਿ ਮਾਲਕ, ਇਸ ਡਿਊੜੀ ਦੇ ਵਿਚ ਬੈਠਾ ਹੈ। ਉਸ ਦੀ ਮਰਜ਼ੀ ਹੈ, ਨੌਂਵਾਂ ਦੁਆਰਿਆਂ ਰਾਹੀਂ ਸੰਸਾਰ ਵਲ ਚਲਾ ਜਾਵੇ ਜਾਂ ਦਸਵੇਂ ਗੁਪਤ ਦੁਆਰ ਦੁਆਰਾ ਉਸ ਮਹਾਨ ਮਹਾਰਾਜੇ, ਜੋ ਸਾਰੀ ਦੁਨੀਆਂ ਦਾ ਮਾਲਕ ਪ੍ਰਭੂ ਹੈ, ਉਸ ਦੇ ਦਰਬਾਰ ਵਿਚ ਲੀਨ ਹੋ ਜਾਵੇ। ਇਕ ਕੇਵਲ ਮਨੁੱਖ (ਦਿਹੁਰੀ) ਦਰ ਹੀ ਅੰਮ੍ਰਿਤ ਵੇਲਾ ਹੈ। ਇਹ ਮੌਕਾ ਹੱਥੋਂ ਨਿਕਲ ਗਿਆ ਤਾਂ ਸਮਝੋ ਕਿ ਕਈ ਜਨਮਾਂ ਦਾ ਚੱਕਰ ਪੈ ਜਾਏਗਾ।

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥ *(ਪੰਨਾ ੧੦੭੫)*

ਜੀਵ ਹਮੇਸ਼ਾ ਤੋਂ ਸਫਰ ਵਿਚ ਹੈ ਅਤੇ ਮੌਤ ਏਸ ਦੇ ਸਰੀਰ ਰੂਪ ਚੋਲੇ ਨੂੰ ਹਮੇਸ਼ਾ ਬਦਲਦੀ ਰਹਿੰਦੀ ਹੈ। ਮਨੁੱਖਾ ਜਨਮ ਚੌਰਾਸੀ ਲੱਖ ਜੂਨਾਂ 'ਚੋਂ ਸਭ ਤੋਂ ਉੱਤਮ ਜਨਮ ਹੈ। ਮੌਤ ਆਉਣ ਤੋਂ ਪਹਿਲਾਂ ਇਹ ਮਨੁੱਖ ਕੋਲ ਮੌਕਾ ਹੈ ਕਿ ਆਪਣੇ ਘਰ ਤਕ ਪਹੁੰਚ ਜਾਵੇ। ਵਰਨਾ ਫਿਰ ਰਸਤਾ ਭਟਕ ਸਕਦਾ ਹੈ। ਸੁਖ ਹਮੇਸ਼ਾਂ ਘਰ ਪਹੁੰਚ ਕੇ ਹੀ ਮਿਲਦਾ ਹੈ। ਇਕ ਆਦਮੀ ਸਫਰ ਵਿਚ ਹੋਵੇ, ਘਰ ਪਹੁੰਚਿਆ ਨਾ ਹੋਵੇ, ਕੀ ਉਸ ਨੂੰ ਸੁਖ ਮਿਲ ਸਕਦਾ ਹੈ? ਮਰਦੇ ਵਕਤ ਆਦਮੀ ਦੀਆਂ ਅੱਖਾਂ ਵਿਚ ਹੰਝੂ ਪਤਾ ਹੈ ਕਿਉਂ ਆਉਂਦੇ ਹਨ? ਦਰਅਸਲ ਜਿਸ ਸਰੀਰ ਦੁਆਰਾ ਜੀਵਾਤਮਾ ਪਰਮਾਤਮਾ ਵੱਲ ਨੂੰ ਸਫਰ ਕਰ ਰਹੀ ਹੁੰਦੀ ਹੈ, ਉਹ ਸਰੀਰ ਪਰਮਾਤਮਾ ਤਕ ਪਹੁੰਚਾਉਣ ਤੋਂ ਪਹਿਲਾਂ ਹੀ ਸਾਥ ਛੱਡ ਰਿਹਾ ਹੁੰਦਾ ਹੈ। ਰਸਤਾ ਫਿਰ ਟੁੱਟ ਜਾਂਦਾ ਹੈ ਅਤੇ ਜੀਵਾਤਮਾ ਫਿਰ ਭਟਕ ਜਾਂਦੀ ਹੈ। ਫਿਰ ਓਨੀ ਦੇਰ ਦੁਬਾਰਾ ਸਫਰ ਸ਼ੁਰੂ ਹੀ ਨਹੀਂ ਹੁੰਦਾ, ਜਿੰਨੀ ਦੇਰ ਕੋਈ ਹੋਰ ਨਵਾਂ ਸਰੀਰ ਪ੍ਰਾਪਤ ਨਾ ਹੋ ਜਾਵੇ। ਵੈਸੇ ਮਨੁੱਖ ਜਨਮ ਪ੍ਰਾਪਤੀ ਦੀ ਤਾਂ ਦੇਵਤੇ ਵੀ ਉਡੀਕ ਕਰਦੇ ਹਨ। ਸੋ ਇਸ ਤਰ੍ਹਾਂ ਜੀਵਾਤਮਾ ਨੂੰ ਬਾਰ-ਬਾਰ ਕਈ ਤਰ੍ਹਾਂ ਦੇ ਸਰੀਰ ਧਾਰਨ ਕਰਨੇ ਪੈਂਦੇ ਹਨ। ਬਾਰ-ਬਾਰ ਹੀ ਜਨਮ ਮਰਨ ਹੁੰਦਾ ਰਹਿੰਦਾ ਹੈ।

ਇਕ ਪਿਆਰੀ ਕਥਾ ਹੈ। ਇਕ ਰਾਜੇ ਨੇ ਬੜੀ ਉੱਚੀ ਪਹਾੜੀ ਉਪਰ ਇਕ ਕਿਲ੍ਹਾ ਬਣਾਇਆ। ਉਸ ਕਿਲ੍ਹੇ ਦੇ ਇਰਦ ਗਿਰਦ ਚੌਰਾਸੀ ਦਰਵਾਜੇ ਰੱਖ ਦਿੱਤੇ। ਪਰ ਉਸ ਕਿਲ੍ਹੇ ਵਿਚੋਂ ਬਾਹਰ ਆਉਣ ਜਾਣ ਵਾਸਤੇ ਇਕ ਦਰਵਾਜਾ ਖੋਲ੍ਹ ਦਿੱਤਾ ਤੇ ਬਾਕੀ ਤਰਿਆਸੀ ਬੰਦ ਹੀ ਰੱਖੇ ਗਏ। ਉਸ ਕਿਲ੍ਹੇ ਵਿਚ ਆਮ ਆਉਣ ਜਾਣ ਵਾਲੀ ਭੀੜ ਸੀ। ਇਕ ਦਿਨ ਉਸ ਕਿਲ੍ਹੇ ਵਿਚ ਇਕ ਅੰਧਾ ਆਦਮੀ ਜਿਹੜਾ ਸਿਰ ਤੋਂ ਵੀ ਗੰਜਾ ਸੀ, ਉਹ ਉਸ ਕਿਲ੍ਹੇ ਵਿਚ ਚਲਾ ਗਿਆ। ਫਿਰ ਉਸ ਅੰਧੇ ਆਦਮੀ ਨੂੰ ਕਿਲ੍ਹੇ ਵਿਚੋਂ ਬਾਹਰ ਆਉਣ ਲਈ ਦਰਵਾਜੇ ਦਾ ਪਤਾ ਨਾ ਲਗੇ। ਕਈ ਚਿਰ ਉਹ ਉਸ ਕਿਲ੍ਹੇ ਵਿਚ ਹੀ ਭਟਕਦਾ ਰਿਹਾ। ਬਹੁਤ ਦੁਖੀ ਆਇਆ ਹੋਇਆ ਲੋਕਾਂ ਨੂੰ ਅਵਾਜਾਂ ਮਾਰ ਮਾਰ ਕੇ ਕਹਿਣ ਲਗਾ ਕਿ ਕੋਈ ਮੈਨੂੰ ਇਸ ਕਿਲ੍ਹੇ ਤੋਂ ਬਾਹਰ ਨਿਕਲਣ ਦਾ ਮਾਰਗ ਦਸੋ? ਏਸ ਭੀੜ ਵਿਚ ਬਹੁਤਿਆਂ ਨੂੰ ਤਾਂ ਖੁਲ੍ਹੇ ਦਰਵਾਜੇ ਨਾਲ ਕੋਈ ਮਤਲਬ ਹੀ ਨਹੀਂ ਸੀ, ਪਰ ਉਸ ਨੇਤਰਹੀਣ ਗੰਜੇ ਬੰਦੇ ਨੂੰ ਜਿਹੜਾ ਬਾਰ-ਬਾਰ ਆਪਣੇ ਗੰਜੇ ਸਿਰ ਵਿਚ ਖਾਜ ਕਰਦਾ ਸੀ ਤੇ ਨਾਲ ਰੋਂਦਾ ਸੀ, ਇਕ ਸਿਆਣੇ ਮਹਾਂਪੁਰਖ ਨੇ ਵੇਖਿਆ ਤੇ ਦੂਰੋਂ ਹੀ ਅਵਾਜ ਮਾਰ ਕੇ ਆਖਿਆ ਮਿੱਤਰਾ! ਮੇਰੀ ਗੱਲ ਜੇ ਧਿਆਨ ਨਾਲ ਸੁਣੇਗਾ ਤਾਂ ਤੈਨੂੰ ਇਸ ਕਿਲ੍ਹੇ ਵਿਚੋਂ ਬਾਹਰ ਜਾਣ ਦਾ ਦਰ ਸਮਝ ਲਗ ਜਾਵੇਗਾ। ਉਹ ਅੰਧਾ ਤੇ ਗੰਜਾ ਕਹਿਣ ਲਗਾ ਤੁਸੀਂ ਮੈਨੂੰ ਆਪਣੀ ਗੱਲ ਸਮਝਾਉ, ਮੈਂ ਸਮਝਣ ਨੂੰ ਰਾਜੀ ਹਾਂ। ਉਸ ਸਿਆਣੇ ਮਹਾਂਪੁਰਖ ਨੇ ਕਿਹਾ ਕਿ

ਸੁਣ! "ਇਹ ਕਿਲ੍ਹਾ ਜਿਸ ਵਿਚ ਤੂੰ ਬੰਦ ਹੈਂ, ਇਹ ਬਹੁਤ ਵੱਡਾ ਹੈ। ਇਸ ਦੀਆਂ ਦਿਵਾਰਾਂ ਹਜਾਰਾਂ ਮੀਲ ਲੰਮੀਆਂ ਹਨ। ਇਨ੍ਹਾਂ ਦਿਵਾਰਾਂ ਨੂੰ ਚੌਰਾਸੀ ਦਰਵਾਜੇ ਲਗੇ ਹੋਏ ਹਨ। ਚੌਰਾਸੀ ਦਰਵਾਜਿਆਂ ਵਿਚੋਂ ਕੇਵਲ ਇਕ ਦਰਵਾਜਾ ਖੁਲ੍ਹਿਆ ਹੋਇਆ ਹੈ। ਬਾਕੀ ਸਾਰੇ ਬੰਦ ਹਨ। ਉਹ ਖੁਲ੍ਹਿਆ ਹੋਇਆ ਦਰਵਾਜਾ ਹੀ ਬਾਹਰ ਜਾਣ ਦਾ ਮਾਰਗ ਹੈ, ਹੋਰ ਕੋਈ ਨਹੀਂ। ਤੂੰ ਜੇ ਕਿਲ੍ਹੇ ਤੋਂ ਬੰਦ ਖਲਾਸੀ ਪਾਉਣਾ ਚਾਹੁੰਦਾ ਹੈਂ, ਤਾਂ ਤੂੰ ਇਸ ਕਿਲ੍ਹੇ ਦੀ ਦਿਵਾਰ ਦੇ ਨੇੜੇ ਚਲਾ ਜਾ। ਆਪਣੇ ਦੋਵੇਂ ਹੱਥ ਦਿਵਾਰ ਦੇ ਨਾਲ ਨਾਲ ਫੇਰਦਾ ਜਾ। ਜਦੋਂ ਖੁਲ੍ਹਾ ਹੋਇਆ ਦਰ ਆਵੇਗਾ ਤਾਂ ਤੇਰੇ ਹੱਥਾਂ ਦੁਆਰਾ ਤੈਨੂੰ ਪਤਾ ਲਗ ਜਾਵੇਗਾ। ਫਿਰ ਉਸ ਖੁਲ੍ਹੇ ਦਰ ਦੁਆਰਾ ਤੂੰ ਮੋਖਸ਼ ਹੋ ਸਕੇਗਾ। ਕਹਿੰਦੇ ਹਨ ਕਿ ਉਸ ਅੰਧੇ ਤੇ ਗੰਜੇ ਬੰਦੇ ਨੇ, ਉਸ ਸਿਆਣੇ ਮਹਾਂਪੁਰਖ ਦੀ ਗੱਲ ਮੰਨ ਲਈ। ਫਿਰ ਉਹ ਦਿਵਾਰ ਦੇ ਨਾਲ-ਨਾਲ ਹੱਥ ਫੇਰਦਾ ਹੋਇਆ ਜਾਣ ਲਗਾ। ਇਕ ਇਕ ਦਰਵਾਜਾ ਉਹ ਆਪਣੇ ਹੱਥ ਨਾਲ ਛੂਹ ਕੇ ਗਿਣਦਾ ਗਿਆ। ਸਫਰ ਬੜਾ ਲੰਮਾ ਸੀ, ਇਸ ਕਰਕੇ ਉਸ ਨੂੰ ਬਹੁਤ ਸਮਾਂ ਲਗ ਗਿਆ। ਰਸਤੇ ਦੀ ਮਿੱਟੀ ਦੀ ਗਰਦ ਉਡ ਉਡ ਕੇ ਉਸ ਦੇ ਸਾਰੇ ਕਪੜੇ ਤੇ ਮੂੰਹ ਸਿਰ ਭਰ ਗਿਆ। ਇਕ ਇਕ ਦਰਵਾਜਾ ਗਿਣਦਿਆਂ ਗਿਣਦਿਆਂ ਅੰਤ ਉਹ ਉਸ ਦਰਵਾਜੇ ਨੇੜੇ ਵੀ ਪਹੁੰਚ ਗਿਆ। ਜਿਹੜਾ ਖੁਲ੍ਹਾ ਸੀ ਤੇ ਜਿਥੋਂ ਉਸ ਅੰਧੇ ਨੇ ਮੁਕਤ ਹੋਣਾ ਸੀ। ਜਿਉਂ ਹੀ ਉਹ ਉਸ ਖੁਲ੍ਹੇ ਹੋਏ ਦਰਵਾਜੇ ਤੇ ਪਹੁੰਚਿਆ ਤਾਂ ਉਸ ਦੇ ਗੰਜੇ ਸਿਰ ਵਿਚ ਖਾਜ ਹੋਣ ਲਗ ਗਈ। ਉਸ ਅੰਧੇ ਨੇ ਆਪਣੇ ਦੋਵੇਂ ਹੱਥ ਚੁੱਕ ਕੇ ਸਿਰ ਵਿਚ ਖੁਰਕ (ਖਾਜ) ਕਰਨੀ ਸ਼ੁਰੂ ਕਰ ਦਿੱਤੀ। ਖਾਜ ਕਰਦਾ ਗਿਆ ਤੇ ਖੁਲ੍ਹੇ ਦਰਵਾਜੇ ਨੂੰ ਛੱਡ ਕੇ ਅਗੇ ਚਲਾ ਗਿਆ। ਅਗੋਂ ਫਿਰ ਬੰਦ ਦਰਵਾਜੇ ਆਉਣੇ ਸ਼ੁਰੂ ਹੋ ਗਏ ਉਹ ਅੰਧਾ ਤੇ ਗੰਜਾ ਬੰਦਾ ਫਿਰ ਬੜੇ ਦੁਖ ਨਾਲ ਰੋਣ ਲਗਾ ਤੇ ਕਹਿਣ ਲਗਾ ਕਿ ਇਸ ਕਿਲ੍ਹੇ ਵਿਚ ਤਾਂ ਕੋਈ ਵੀ ਦਰ ਖੁਲ੍ਹਾ ਨਹੀਂ। ਇਸ ਵਿਚੋਂ ਕਦੇ ਵੀ ਮੁਕਤ ਨਹੀਂ ਹੋਇਆ ਜਾ ਸਕਦਾ।

ਦਰਅਸਲ ਇਹ ਕਥਾ ਮਨੁੱਖ ਦੀ ਆਤਮ ਕਥਾ ਹੈ। ਪਰਮਾਤਮਾ ਇਕ ਵੱਡਾ ਰਾਜਾ ਹੈ। ਉਸ ਨੇ ਇਹ ਸੰਸਾਰ ਰੂਪੀ ਵੱਡਾ ਕਿਲ੍ਹਾ ਬਣਾਇਆ ਹੈ। ਇਸ ਵਿਚ ਚੌਰਾਸੀ ਲੱਖ ਜੂਨਾਂ ਬਣਾਈਆਂ ਹਨ। ਚੌਰਾਸੀ ਲੱਖ ਜੂਨਾਂ ਕਿਲ੍ਹੇ ਦੇ ਦਰਵਾਜੇ ਹਨ। ਪਰ ਚੌਰਾਸੀ ਲੱਖ ਜੂਨਾਂ ਵਿਚ ਕੇਵਲ ਮਨੁੱਖ ਜੂਨ ਨੂੰ ਖੁਲ੍ਹਾ ਦਰਵਾਜਾ ਹੋਣ ਦੀ ਵਡਿਆਈ ਮਿਲੀ ਹੈ।

ਲਖ ਚਉਰਾਸਹਿ ਜੋਨਿ ਸਬਾਈ॥ ਮਾਣਸ ਕਉ ਪ੍ਰਭ ਦੀਈ ਵਡਿਆਈ॥

(ਪੰਨਾ ੧੦੭੫)

ਜੀਵਾਤਮਾ ਇਸ ਕਿਲ੍ਹੇ ਵਿਚ ਅੰਧੇ ਤੇ ਗੰਜੇ ਆਦਮੀ ਦੇ ਰੂਪ ਵਿਚ ਬੰਦ ਹੈ। ਕਿਉਂਕਿ ਸਾਡੀਆਂ ਅੱਖਾਂ ਕੇਵਲ ਸੰਸਾਰ ਨੂੰ ਦੇਖਣ ਦੇ ਸਮਰਥ ਹਨ, ਕਰਤਾਰ

ਵੇਖਣ ਵਲੋਂ ਅਸੀਂ ਅੰਧੇ ਹਾਂ। ਸਾਡਾ ਸਿਰ ਗੰਜਾ ਹੈ ਅਤੇ ਉਥੇ ਖਾਜ ਹਮੇਸ਼ਾ ਸਿਰ ਵਿਚ ਹੁੰਦੀ ਹੈ। ਤਿਰਿਆਸੀ ਲੱਖ ਜੂਨਾਂ ਤਾਂ ਕੇਵਲ ਭੋਗ ਜੂਨਾਂ ਹਨ ਪਰ ਮਨੁੱਖਾ ਜੂਨ ਕਰਮ ਜੂਨ ਹੈ। ਮਨੁੱਖਾ ਜਨਮ ਖੁਲ੍ਹਾ ਦਰਵਾਜਾ ਹੈ। ਮਨੁੱਖਾ ਜਨਮ ਦੁਆਰਾ ਹੀ ਮੰਜ਼ਿਲ ਪ੍ਰਾਪਤੀ ਲਈ ਕੁਝ ਕੀਤਾ ਜਾ ਸਕਦਾ ਹੈ। ਪਰ ਮਨੁੱਖਾ ਜਨਮ ਹਉਮੈ ਵਿਚ ਹੀ ਨਿਕਲ ਜਾਂਦਾ ਹੈ। ਯਾਨੀ ਕਿ ਖੁਲ੍ਹਾ ਦਰ, ਸਿਰ ਵਿਚ ਖਾਜ ਕਰਦਿਆਂ ਹੀ ਬੀਤ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਮਨੁੱਖਾ ਜਨਮ ਪ੍ਰਤੀ ਉਪਦੇਸ਼ ਕਰਦਿਆਂ ਸੁਚੇਤ ਕਰਦੇ ਹਨ ਤੇ ਕਹਿੰਦੇ ਹਨ ਕਿ ਐ ਮਨੁੱਖ! ਤੇਰਾ ਜਨਮ ਇਕ ਅੰਮ੍ਰਿਤ ਵੇਲਾ ਹੈ, ਅਤੇ ਗੋਬਿੰਦ ਪ੍ਰਭੂ ਨਾਲ ਮਿਲਣ ਦਾ ਇਹ ਮੌਕਾ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਤਨ ਇਸ ਸੰਸਾਰ ਵਿਚ ਸਫਰ ਕਰਨ ਲਈ ਇਕ ਦਰਵਾਜਾ ਹੈ। ਮਨੁੱਖ ਤਨ ਬਹੁਤ ਜ਼ਿਆਦਾ ਕੀਮਤੀ ਹੈ। ਤਨ ਨੂੰ ਪਵਿੱਤਰ ਨਹੀਂ ਕੀਤਾ ਜਾ ਸਕਦਾ। ਤਨ ਮਿੱਟੀ ਦੀ ਢੇਰੀ ਹੈ। ਮਿੱਟੀ ਵਿਚੋਂ ਮੈਲ ਨਹੀਂ ਕੱਢੀ ਜਾ ਸਕਦੀ। ਮਿੱਟੀ ਦੀ ਢੇਰੀ ਨੂੰ ਕਿਵੇਂ ਧੋਵੋਗੇ? ਮਿੱਟੀ ਤਾਂ ਮੈਲ ਦਾ ਮਜਮੂਆ ਹੈ।

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ॥ (ਪੰਨਾ ੮੮੨)

ਜਿਵੇਂ ਸੜਕ, ਜਿਥੋਂ ਮੁਸਾਫਰਾਂ ਨੇ ਗੁਜਰਨਾ ਹੈ, ਉਹ ਸਾਰੀ ਮਿੱਟੀ ਦੀ ਹੈ। ਇਵੇਂ ਜਿਸ ਤਨ ਦੁਆਰਾ ਜੀਵ ਨੇ ਯਾਤਰਾ ਕਰਨੀ ਹੈ, ਉਹ ਤਨ ਸਾਰਾ ਮਿੱਟੀ ਦੀ ਢੇਰੀ ਹੈ। ਇਸ ਕਰਕੇ ਮੁਸਾਫਰ ਤਾਂ ਜੇ ਰਸਤੇ ਦੀ ਮੈਲ ਲੈ ਕੇ ਘਰ ਆ ਜਾਏ ਤਾਂ ਇਸ਼ਨਾਨ ਕਰ ਸਕਦਾ ਹੈ, ਪਰ ਸਾਰੇ ਦੇ ਸਾਰੇ ਰਸਤੇ ਨੂੰ ਸਾਫ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਮੁਸਾਫਰ ਕਦੇ ਰਸਤੇ ਤੇ ਦਾਵ੍ਹਾ ਵੀ ਨਹੀਂ ਕਰਦੇ ਕਿ ਰਸਤਾ ਸਾਡਾ ਹੈ। ਕਿਉਂਕਿ ਰਸਤੇ ਮੁਸਾਫਰਾਂ ਵਾਸਤੇ ਹੁੰਦੇ ਹਨ। ਮੁਸਾਫਰ ਰਸਤਿਆਂ ਵਾਸਤੇ ਨਹੀਂ ਹੁੰਦੇ। ਪਰ ਇਹ ਮੁਸਾਫਰ ਕਿੰਨਾ ਗਾਫਿਲ ਹੈ ਕਿ ਜਿਹੜਾ ਤਨ ਕਦੇ ਵੀ ਸਾਫ ਨਹੀਂ ਰਹਿੰਦਾ, ਉਸ ਤੇ ਹਉਮੈ ਕਰਦਾ ਹੈ।

ਜੀਵਾਤਮਾ ਮੁਸਾਫਰ ਹੈ, ਜੋ ਨਿਰੰਕਾਰ ਤੋਂ ਚਲੀ ਹੋਈ ਹੈ ਅਤੇ ਸੰਸਾਰ ਵਿਚ ਭਟਕ ਗਈ ਹੈ। ਜਿਵੇਂ ਕੋਈ ਮੁਸਾਫਰ ਰਸਤਾ ਭਟਕ ਕੇ ਜੰਗਲੀ ਰਸਤੇ ਪੈ ਜਾਏ ਤੇ ਫਿਰ ਜੰਗਲ ਵਿਚ ਹੀ ਭਟਕ ਜਾਏ।

ਜੀਵਾਤਮਾ ਸਫਰ ਕਰਦਿਆਂ ਕਰਦਿਆਂ ਅਨੰਤਾਂ ਰਸਤੇ ਬਦਲ ਚੁੱਕੀ ਹੈ। ਕਦੇ ਪਸ਼ੂ, ਪੰਛੀਆਂ, ਕੀੜਿਆਂ ਮਕੌੜਿਆਂ ਆਦਿ ਕਈ ਸ਼੍ਰੇਣੀਆਂ ਵਿਚੋਂ ਪਾਸ ਹੋ ਕੇ, ਇਸ ਧਰਤੀ ਦੀ ਧਰਮਸ਼ਾਲਾ ਵਿਚ ਹੁਣ ਮਨੁੱਖ ਜਨਮ ਭੋਗ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ, ਫੁਰਮਾਣ ਕੀਤਾ ਹੈ ਕਿ ਕਾਦਿਰ ਕਰੀਮ ਨੇ ਆਪਣੀ ਕੁਦਰਤ ਦੁਆਰਾ ਸਾਰੇ

ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਰਾਤਾਂ, ਰੁੱਤਾਂ, ਥਿੱਤਾਂ, ਵਾਰ, ਹਵਾ, ਪਾਣੀ, ਅੱਗ ਤੇ ਪਤਾਲ ਇਨ੍ਹਾਂ ਸਾਰਿਆਂ ਦੇ ਇਕੱਠ ਵਿਚ ਪ੍ਰਭੂ ਨੇ ਇਸ ਧਰਤੀ ਨੂੰ ਧਰਮਸ਼ਾਲਾ ਵਾਂਗ ਨਿਯਮ ਦੇ ਕੇ ਟਿਕਾਇਆ ਹੈ।

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
(ਜਪੁ ਜੀ ਸਾਹਿਬ)

ਪਹਿਲਾਂ ਧਰਮਸ਼ਾਲਾ ਦੇ ਨਿਯਮ ਨੂੰ ਸਮਝਣਾ ਪਏਗਾ। ਵਿਦਿਆਲੇ (ਸਕੂਲ) ਦਾ ਪੁਰਾਣਾ ਨਾਮ ਸੀ ਧਰਮਸ਼ਾਲਾ। ਜਿਥੇ ਬੈਠ ਕੇ ਵਿਦਿਆਰਥੀ ਵਿਦਿਆ ਗ੍ਰਹਿਣ ਕਰਦੇ ਸਨ। ਧਰਮਸ਼ਾਲਾ ਦਾ ਨਿਯਮ ਇਹ ਹੁੰਦਾ ਹੈ ਕਿ ਜਿਹੜੇ ਬੱਚੇ ਪਹਿਲੀ ਕਲਾਸ ਵਿਚ ਪੜ੍ਹਦੇ ਹਨ, ਉਹ ਸਾਲ ਬਾਅਦ ਦੂਸਰੀ ਕਲਾਸ ਵਿਚ ਚਲੇ ਜਾਂਦੇ ਹਨ। ਜਿਹੜੇ ਇਕ ਦੋ ਬੱਚੇ ਫੇਲ੍ਹ ਹੁੰਦੇ ਹਨ, ਉਹ ਪਹਿਲੀ ਕਲਾਸ ਵਿਚ ਹੀ ਰਹਿ ਜਾਂਦੇ ਹਨ। ਏਸੇ ਤਰ੍ਹਾਂ ਹੀ ਹਰ ਸਾਲ ਦੂਜੀ ਕਲਾਸ ਦੇ ਤੀਜੀ ਵਿਚ ਅਤੇ ਤੀਜੀ ਕਲਾਸ ਦੇ ਚੌਥੀ ਵਿਚ ਜਾਂਦੇ ਰਹਿੰਦੇ ਹਨ। ਇਸ ਤਰ੍ਹਾਂ ਸਦਾ ਹੀ ਸਿਲਸਿਲਾ ਇਕ ਨਦੀ ਦੇ ਪ੍ਰਵਾਹ ਦੀ ਤਰ੍ਹਾਂ ਚਲਦਾ ਰਹਿੰਦਾ ਹੈ। ਧਰਮਸ਼ਾਲਾ ਵਿਚ ਵਿਦਿਆਰਥੀਆਂ ਦੀ ਅਵਾਜਾਈ ਲਗੀ ਰਹਿੰਦੀ ਹੈ। ਕਿਤੇ ਖੁਦਾ ਨ-ਖਾਸਤਾ ਇਸ ਤਰ੍ਹਾਂ ਹੋਵੇ ਕਿ ਇਕ ਕਲਾਸ ਦਾ ਸੌ ਬੱਚਾ ਪਾਸ ਹੋ ਕੇ ਦੂਜੀ ਕਲਾਸ ਵਿਚ ਚਲਾ ਜਾਵੇ ਅਤੇ ਦੂਜੀ ਕਲਾਸ ਦੇ ਸੌ ਬੱਚਿਆਂ ਵਿਚੋਂ ਇਕ ਪਾਸ ਹੋਵੇ ਤੇ ਨੜਿੰਨਵੇਂ ਫੇਲ੍ਹ ਹੋ ਜਾਣ। ਫਿਰ ਤਾਂ ਇਕ ਕਲਾਸ ਤਾਂ ਖਾਲੀ ਹੋ ਜਾਵੇਗੀ ਅਤੇ ਇਕ ਵਿਚ ਬੈਠਣ ਲਈ ਡੈਸਕ ਵੀ ਨਹੀਂ ਮਿਲਣਗੇ।

ਹੁਣ ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਕਿ ਇਹ ਧਰਤੀ ਇਕ ਧਰਮਸ਼ਾਲਾ ਹੈ ਅਤੇ ਜੀਅ ਜੰਤਾਂ ਦੀਆਂ ਅਨੇਕ ਸ਼੍ਰੇਣੀਆਂ ਏਥੇ ਵਿਚਰ ਰਹੀਆਂ ਹਨ। ਪਰ ਸਭ ਸ਼੍ਰੇਣੀਆਂ ਦੇ ਜੀਅ ਜੰਤ ਪਾਸ ਹੋਏ ਹਨ ਤੇ ਮਨੁੱਖ ਫੇਲ੍ਹ ਹੋਇਆ ਹੈ। ਮਨੁੱਖ ਸ਼੍ਰੇਣੀ ਦੀ ਧਰਤੀ ਉਪਰ ਭੀੜ ਹੋ ਗਈ ਹੈ। ਮਨੁੱਖ ਨੂੰ ਆਪਣਾ ਘਰ ਬਨਾਉਣ ਲਈ ਵੀ ਥਾਂ ਨਹੀਂ ਮਿਲਦੀ, ਪਰ ਜੀਅ ਜੰਤ ਆਦਿ ਨੂੰ ਰਾਖਵੇਂ ਚਿੜੀਆ ਘਰਾਂ ਵਿਚ ਰਖਿਆ ਜਾ ਰਿਹਾ ਹੈ। ਉਹਨਾਂ ਦੀਆਂ ਨਸਲਾਂ ਹੀ ਖਤਮ ਹੋਈ ਜਾ ਰਹੀਆਂ ਹਨ। ਲਗਦਾ ਹੈ ਕਿ ਕਰਤਾ ਪੁਰਖ ਵਲੋਂ ਜਦੋਂ ਤੋਂ ਜੀਵਨ ਬਣਾਇਆ ਹੈ, ਇਹ ਜੀਵਨ ਗੈਸ ਤੇ ਧੁੰਦ ਤੋਂ ਪਾਸ ਹੋ ਕੇ ਪਾਣੀ ਬਣ ਗਿਆ ਹੈ। ਪਾਣੀ ਤੋਂ ਪੱਥਰ ਤੇ ਪੱਥਰਾਂ ਤੋਂ ਰੇਤ ਬਣ ਗਿਆ ਹੈ। ਰੇਤ ਤੋਂ ਬਨਸਪਤੀ ਤੇ ਬਨਸਪਤੀ ਤੋਂ ਜੀਵਨ ਪਾਸ ਹੋ ਕੇ ਪਸ਼ੂ ਪੰਛੀਆਂ ਵਿਚ ਤਬਦੀਲ ਹੋ ਗਿਆ ਹੈ। ਪਸ਼ੂ ਪੰਛੀ ਵੀ ਪਾਸ ਹੋ ਕੇ

ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਰਾਤਾਂ, ਰੁੱਤਾਂ, ਥਿੱਤਾਂ, ਵਾਰ, ਹਵਾ, ਪਾਣੀ, ਅੱਗ ਤੇ ਪਤਾਲ ਇਨ੍ਹਾਂ ਸਾਰਿਆਂ ਦੇ ਇਕੱਠ ਵਿਚ ਪ੍ਰਭੂ ਨੇ ਇਸ ਧਰਤੀ ਨੂੰ ਧਰਮਸ਼ਾਲਾ ਵਾਂਗ ਨਿਯਮ ਦੇ ਕੇ ਟਿਕਾਇਆ ਹੈ।

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
(ਜਪੁ ਜੀ ਸਾਹਿਬ)

ਪਹਿਲਾਂ ਧਰਮਸ਼ਾਲਾ ਦੇ ਨਿਯਮ ਨੂੰ ਸਮਝਣਾ ਪਏਗਾ। ਵਿਦਿਆਲੇ (ਸਕੂਲ) ਦਾ ਪੁਰਾਣਾ ਨਾਮ ਸੀ ਧਰਮਸ਼ਾਲਾ। ਜਿਥੇ ਬੈਠ ਕੇ ਵਿਦਿਆਰਥੀ ਵਿਦਿਆ ਗ੍ਰਹਿਣ ਕਰਦੇ ਸਨ। ਧਰਮਸ਼ਾਲਾ ਦਾ ਨਿਯਮ ਇਹ ਹੁੰਦਾ ਹੈ ਕਿ ਜਿਹੜੇ ਬੱਚੇ ਪਹਿਲੀ ਕਲਾਸ ਵਿਚ ਪੜ੍ਹਦੇ ਹਨ, ਉਹ ਸਾਲ ਬਾਅਦ ਦੂਸਰੀ ਕਲਾਸ ਵਿਚ ਚਲੇ ਜਾਂਦੇ ਹਨ। ਜਿਹੜੇ ਇਕ ਦੋ ਬੱਚੇ ਫੇਲ੍ਹ ਹੁੰਦੇ ਹਨ, ਉਹ ਪਹਿਲੀ ਕਲਾਸ ਵਿਚ ਹੀ ਰਹਿ ਜਾਂਦੇ ਹਨ। ਏਸੇ ਤਰ੍ਹਾਂ ਹੀ ਹਰ ਸਾਲ ਦੂਜੀ ਕਲਾਸ ਦੇ ਤੀਜੀ ਵਿਚ ਅਤੇ ਤੀਜੀ ਕਲਾਸ ਦੇ ਚੌਥੀ ਵਿਚ ਜਾਂਦੇ ਰਹਿੰਦੇ ਹਨ। ਇਸ ਤਰ੍ਹਾਂ ਸਦਾ ਹੀ ਸਿਲਸਿਲਾ ਇਕ ਨਦੀ ਦੇ ਪ੍ਰਵਾਹ ਦੀ ਤਰ੍ਹਾਂ ਚਲਦਾ ਰਹਿੰਦਾ ਹੈ। ਧਰਮਸ਼ਾਲਾ ਵਿਚ ਵਿਦਿਆਰਥੀਆਂ ਦੀ ਅਵਾਜਾਈ ਲਗੀ ਰਹਿੰਦੀ ਹੈ। ਕਿਤੇ ਖੁਦਾ ਨ-ਖਾਸਤਾ ਇਸ ਤਰ੍ਹਾਂ ਹੋਵੇ ਕਿ ਇਕ ਕਲਾਸ ਦਾ ਸੌ ਬੱਚਾ ਪਾਸ ਹੋ ਕੇ ਦੂਜੀ ਕਲਾਸ ਵਿਚ ਚਲਾ ਜਾਵੇ ਅਤੇ ਦੂਜੀ ਕਲਾਸ ਦੇ ਸੌ ਬੱਚਿਆਂ ਵਿਚੋਂ ਇਕ ਪਾਸ ਹੋਵੇ ਤੇ ਨੜਿੰਨਵੇਂ ਫੇਲ੍ਹ ਹੋ ਜਾਣ। ਫਿਰ ਤਾਂ ਇਕ ਕਲਾਸ ਤਾਂ ਖਾਲੀ ਹੋ ਜਾਵੇਗੀ ਅਤੇ ਇਕ ਵਿਚ ਬੈਠਣ ਲਈ ਡੈਸਕ ਵੀ ਨਹੀਂ ਮਿਲਣਗੇ।

ਹੁਣ ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਕਿ ਇਹ ਧਰਤੀ ਇਕ ਧਰਮਸ਼ਾਲਾ ਹੈ ਅਤੇ ਜੀਅ ਜੰਤਾਂ ਦੀਆਂ ਅਨੇਕ ਸ਼੍ਰੇਣੀਆਂ ਏਥੇ ਵਿਚਰ ਰਹੀਆਂ ਹਨ। ਪਰ ਸਭ ਸ਼੍ਰੇਣੀਆਂ ਦੇ ਜੀਅ ਜੰਤ ਪਾਸ ਹੋਏ ਹਨ ਤੇ ਮਨੁੱਖ ਫੇਲ੍ਹ ਹੋਇਆ ਹੈ। ਮਨੁੱਖ ਸ਼੍ਰੇਣੀ ਦੀ ਧਰਤੀ ਉਪਰ ਭੀੜ ਹੋ ਗਈ ਹੈ। ਮਨੁੱਖ ਨੂੰ ਆਪਣਾ ਘਰ ਬਨਾਉਣ ਲਈ ਵੀ ਥਾਂ ਨਹੀਂ ਮਿਲਦੀ, ਪਰ ਜੀਅ ਜੰਤ ਆਦਿ ਨੂੰ ਰਾਖਵੇਂ ਚਿੜੀਆ ਘਰਾਂ ਵਿਚ ਰਖਿਆ ਜਾ ਰਿਹਾ ਹੈ। ਉਹਨਾਂ ਦੀਆਂ ਨਸਲਾਂ ਹੀ ਖਤਮ ਹੋਈ ਜਾ ਰਹੀਆਂ ਹਨ। ਲਗਦਾ ਹੈ ਕਿ ਕਰਤਾ ਪੁਰਖ ਵਲੋਂ ਜਦੋਂ ਤੋਂ ਜੀਵਨ ਬਣਾਇਆ ਹੈ, ਇਹ ਜੀਵਨ ਗੈਸ ਤੇ ਧੁੰਦ ਤੋਂ ਪਾਸ ਹੋ ਕੇ ਪਾਣੀ ਬਣ ਗਿਆ ਹੈ। ਪਾਣੀ ਤੋਂ ਪੱਥਰ ਤੇ ਪੱਥਰਾਂ ਤੋਂ ਰੇਤ ਬਣ ਗਿਆ ਹੈ। ਰੇਤ ਤੋਂ ਬਨਸਪਤੀ ਤੇ ਬਨਸਪਤੀ ਤੋਂ ਜੀਵਨ ਪਾਸ ਹੋ ਕੇ ਪਸ਼ੂ ਪੰਛੀਆਂ ਵਿਚ ਤਬਦੀਲ ਹੋ ਗਿਆ ਹੈ। ਪਸ਼ੂ ਪੰਛੀ ਵੀ ਪਾਸ ਹੋ ਕੇ

ਜਨਮ ਜਨਮਾਤਰਾਂ ਤਕ ਇਹ ਜੀਵ ਪਸ਼ੂਆਂ ਤੇ ਪੰਛੀਆਂ ਦੇ ਤਨਾਂ ਰਾਹੀਂ ਯਾਤਰਾ ਕਰਦਾ ਰਿਹਾ ਹੈ। ਜਿਨ੍ਹਾਂ ਰਸਤਿਆਂ ਤੋਂ ਮੁਸਾਫਰ ਲੰਘ ਕੇ ਆਉਂਦੇ ਹਨ, ਉਹਨਾਂ ਰਸਤਿਆਂ ਦੀ ਧੂੜ ਮੁਸਾਫਰ ਦੇ ਕਪੜਿਆਂ ਨਾਲ ਲਗ ਕੇ ਘਰ ਤਕ ਆ ਜਾਂਦੀ ਹੈ। ਇਹ ਮਨੁੱਖ ਦੀ ਜੀਵਾਤਮਾ ਜਿਨ੍ਹਾਂ ਪਸ਼ੂ, ਪੰਛੀਆਂ ਦੇ ਸਰੀਰ ਵਿਚ ਜਨਮ ਭੋਗ ਕੇ ਆਈ ਹੈ, ਉਨ੍ਹਾਂ ਪਸ਼ੂ ਪੰਛੀਆਂ ਦੇ ਸੁਭਾਅ ਤੇ ਸੰਸਕਾਰ ਮਨੁੱਖ ਦੇ ਮਨ ਨਾਲ ਆ ਗਏ ਹਨ। ਸੂਖਸ਼ਮ ਮੈਲ (ਧੂੜ) ਜੋ ਸਫਰ ਵਿਚ ਜੀਵਾਤਮਾ ਨੂੰ ਲਗੀ ਹੈ, ਉਹ ਮਨੁੱਖ ਜੀਵਨ ਵਿਚ ਪ੍ਰਵਿਰਤ ਹੋ ਗਈ ਹੈ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ (ਪੰਨਾ ੬੫੧)

□□□□

ਧਾਰਮਿਕ ਲੋਕ ਤੇ ਮੌਤ ਦੀ ਕਲਾ

ਮਨੁੱਖ ਦੀ ਜੀਵਾਤਮਾ ਜਿਨ੍ਹਾਂ ਜਿਨ੍ਹਾਂ ਪਸ਼ੂ ਜੂਨੀਆਂ ਵਿਚੋਂ ਜਨਮ ਗੁਜਾਰ ਕੇ ਆਈ ਹੈ, ਉਹਨਾਂ ਉਹਨਾਂ ਪਸ਼ੂ ਪੰਛੀਆਂ ਦਾ ਸੂਖਸ਼ਮ, ਸੁਭਾਅ, ਆਦਤਾਂ ਤੇ ਸੰਸਕਾਰ ਨਾਲ ਲੈ ਆਈ ਹੈ। ਇਸ ਕਰਕੇ ਹੀ ਮਨੁੱਖ ਸਰੀਰ ਹੋਣ ਦੇ ਬਾਵਜੂਦ ਵੀ ਅੱਜ ਦਾ ਮਨੁੱਖ ਬਹੁਤ ਕੰਮ ਪਸ਼ੂਆਂ ਤੋਂ ਵੀ ਬਦਤਰ ਕਰਦਾ ਹੈ। ਏਨਾ ਜਹਿਰ ਸੱਪਾਂ ਵਿਚ ਨਹੀਂ ਹੁੰਦਾ ਜਿੰਨਾ ਕਿ ਅੱਜ ਦੇ ਮਨੁੱਖ ਵਿਚ ਹੁੰਦਾ ਹੈ। ਏਨਾ ਪਸ਼ੂ ਪਸ਼ੂਆਂ ਨੂੰ ਨਹੀਂ ਮਾਰਦੇ ਜਿੰਨਾ ਕਿ ਮਨੁੱਖ ਮਨੁੱਖ ਨੂੰ ਮਾਰਦਾ ਹੈ। ਏਨਾ ਗਿਦੜ ਨਹੀਂ ਪਸ਼ੂਆਂ ਕੋਲੋਂ ਡਰਦਾ, ਜਿੰਨਾ ਕਿ ਬੰਦਾ, ਬੰਦਿਆਂ ਕੋਲੋਂ ਡਰਦਾ ਹੈ। ਏਨੀ ਲੂੰਮੜੀ ਨਹੀਂ ਚਲਾਕ ਹੁੰਦੀ ਜਿੰਨਾ ਕਿ ਅੱਜ ਆਦਮੀ ਚਲਾਕ ਹੈ। ਅਜੇ ਭੇਡਾਂ ਵੀ ਆਪਣੇ ਗਰੁੱਪ ਵਿਚੋਂ ਕੋਈ ਇਕ ਭੇਡ ਨੂੰ ਆਪਣੀ ਵਡੇਰੀ ਸਮਝ ਕੇ ਉਸ ਦੇ ਪਿਛੇ ਚਲਦੀਆਂ ਹਨ, ਪਰ ਇਹ ਆਦਮੀ ਤਾਂ ਜਿਸ ਦੇ ਪਿਛੇ ਮਰਜੀ ਭੇਡਾਂ ਵਾਂਗ ਤੁਰ ਪੈਂਦੇ ਹਨ। ਆਪਣਾ ਮਾਰਗ ਆਦਮੀ ਆਪ ਨਹੀਂ ਚੁਣਦਾ, ਬਲਕਿ ਭੇਡਾਂ ਵਾਂਗ ਜਿਧਰ ਭੀੜ ਜਾ ਰਹੀ ਹੋਵੇ ਓਧਰ ਹੀ ਇਹ ਬੰਦਾ ਤੁਰ ਪੈਂਦਾ ਹੈ। ਪੁਰਾਣੀ ਇਕ ਕਹਾਵਤ ਹੈ ਕਿ "ਚਲਤੇ ਕੇ ਪਾਛੈ ਚਲੇ ਜਗਤ ਕੀ ਭੇਡਾ ਚਾਲ"। ਜਗਤ ਭੇਡਾਂ ਬਕਰੀਆਂ ਨਾਲ ਭਰਿਆ ਪਿਆ ਹੈ। ਜਿਵੇਂ ਇਕ ਭੇਡ ਦੇ ਪਿੱਛੇ ਦੂਜੀਆਂ ਭੇਡਾਂ ਤੁਰ ਪੈਂਦੀਆਂ ਹਨ, ਇਵੇਂ ਹੀ ਲੋਕਾਂ ਦੀ ਭੀੜ ਵੀ ਓਧਰ ਹੀ ਤੁਰ ਪੈਂਦੀ ਹੈ, ਜਿਧਰ ਬਹੁਤੀ ਭੀੜ ਜਾ ਰਹੀ ਹੋਵੇ। ਬਹੁਤੇ ਲੋਕ ਕਿਸੇ ਗਧੇ ਨੂੰ ਮਹਾਂਪੁਰਸ਼ ਕਹਿ ਰਹੇ ਹੋਣਗੇ ਤਾਂ, ਬਾਕੀ ਲੋਕ ਵੀ ਫਿਰ ਉਸ ਗਧੇ ਨੂੰ ਹੀ ਮਥਾ ਟੇਕਣਗੇ। ਇਹ ਨਹੀਂ ਪਤਾ ਕਰਨਗੇ ਕਿ ਇਸ ਗਧੇ ਵਿਚ ਕੀ ਖੂਬੀ ਹੈ। ਹੋਰ ਵੀ ਗਧੇ ਹਨ, ਤੁਸੀਂ ਏਸੇ ਨੂੰ ਕਿਉਂ ਮਹਾਨਤਾ ਦੇ ਰਹੇ ਹੋ? ਪਰ ਨਹੀਂ, ਸੁਆਲ ਹੀ ਪੈਦਾ ਨਹੀਂ ਹੁੰਦਾ ਕਿ ਲੋਕ ਆਪਣੇ ਦਿਮਾਗ ਤੋਂ ਆਪ ਸੋਚਣ। ਬਹੁਤੇ ਲੋਕ ਭੇਡਾਂ ਵਾਂਗ ਬਿਨਾਂ ਸੋਚਿਆਂ ਸਮਝਿਆਂ ਓਧਰ ਚਲ ਪੈਣਗੇ ਜਿਧਰ ਬਹੁਤੇ ਲੋਕ ਜਾ ਰਹੇ ਹਨ। ਏਸੇ ਕਰਕੇ ਹੀ ਇਸ ਦੁਨੀਆਂ ਵਿਚ ਚੋਰਾਂ ਦੀ ਪੂਜਾ ਸੰਤ ਸਮਝ ਕੇ ਹੋ ਜਾਂਦੀ ਹੈ ਅਤੇ ਕਾਤਲ ਮਹਾਂਪੁਰਖ ਸਦਵਾਉਂਦੇ ਹਨ। ਹੋ ਸਕਦਾ ਹੈ, ਜਿਹੜੇ ਸੰਤ ਹੋਣ ਉਹਨਾਂ ਨੂੰ ਅਤਿਵਾਦੀ ਆਖਿਆ ਜਾਵੇ। ਮੈਂ ਕਿਸੇ ਪੁਸਤਕ ਵਿਚ ਇਕ ਬਚਨ ਪੜ੍ਹਿਆ ਸੀ ਕਿ "ਕਿਸੇ ਰਾਜੇ ਨੇ ਆਪਣੇ ਕੁਝ ਅਹਿਲਕਾਰਾਂ ਨੂੰ ਕਿਹਾ ਕਿ ਮੈਂ ਫਲਾਣੀ ਥਾਂ ਤੇ ਫਲਾਣੇ ਸ਼ਹਿਰ ਵਿਚ ਇਕ ਮਹਾਂਪੁਰਖ ਨੂੰ ਜਾਣਦਾ ਹਾਂ। ਤੁਸੀਂ ਉਸ ਮਹਾਂਪੁਰਖ ਨੂੰ ਬੁਲਾ ਕੇ ਮੇਰੇ ਕੋਲ ਲਿਆਉ? ਉਹ ਮਹਾਂਪੁਰਖ ਬਹੁਤ ਗਿਆਨਵਾਨ ਹੈ, ਮੈਂ ਉਸ ਨਾਲ ਕੁਝ ਗਿਆਨ ਚਰਚਾ ਕਰਨੀ ਹੈ। ਅਹਿਲਕਾਰ

ਗਏ ਤਾਂ ਉਸ ਸ਼ਹਿਰ ਵਿਚੋਂ ਉਸ ਮਹਾਂਪੁਰਖ ਨੂੰ ਲੈ ਆਏ। ਰਾਜਾ ਉਸ ਮਹਾਂਪੁਰਖ ਨੂੰ ਦੇਖ ਕੇ ਕਹਿਣ ਲਗਾ, ਇਹ ਤਾਂ ਉਹ ਮਹਾਂਪੁਰਖ ਨਹੀਂ, ਜਿਸ ਨੂੰ ਮੈਂ ਜਾਣਦਾ ਹਾਂ। ਇਹ ਤਾਂ ਉਹ ਕੈਦੀ ਹੈ ਜਿਸ ਨੂੰ ਮੈਂ ਇਕ ਬੱਜਰ ਪਾਪ ਕਰਨ ਕਰਕੇ ਸਜਾਏ ਮੌਤ ਸੁਣਾਈ ਸੀ। ਤੁਸੀਂ ਇਸ ਨੂੰ ਕਿਥੋਂ ਲੈ ਕੇ ਆਏ ਹੋ? ਤਾਂ ਉਹ ਅਹਿਲਕਾਰ ਕਹਿਣ ਲਗੇ ਰਾਜਨ! ਲੈ ਕੇ ਤਾਂ ਅਸੀਂ ਏਸ ਨੂੰ ਉਸ ਆਸ਼ਰਮ ਵਿਚੋਂ ਹੀ ਆਏ ਹਾਂ, ਜਿਥੇ ਉਹ ਮਹਾਂਪੁਰਖ ਰਹਿੰਦੇ ਸਨ, ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ। ਪਰ ਏਸ ਕੈਦੀ ਦੇ ਪਿਛੇ ਲੋਕਾਂ ਦੀ ਭੀੜ ਬਹੁਤ ਸੀ। ਏਸ ਨੇ ਆਪਣੇ ਅਸਰ ਰਸੂਖ ਦੇ ਨਾਲ ਆਪਣੇ ਆਪ ਨੂੰ ਮਹਾਂਪੁਰਖ ਸਾਬਿਤ ਕਰ ਲਿਆ ਹੈ ਅਤੇ ਉਹ ਸੰਤ, ਜਿਸ ਨੂੰ ਤੁਸੀਂ ਜਾਣਦੇ ਹੋ, ਉਸ ਦੇ ਨਾਲ ਲੋਕਾਂ ਦੀ ਭੀੜ ਘਟ ਸੀ, ਇਸ ਕਰਕੇ ਉਹ ਹੁਣ ਜੇਲ੍ਹ ਵਿਚ ਬੰਦ ਹੈ। ਇਹ ਉਸ ਦੇ ਆਸ਼ਰਮ ਵਿਚ ਮੌਜ ਕਰ ਰਿਹਾ ਹੈ। ਰਾਜਾ ਇਹ ਸੁਣ ਕੇ ਆਪਣੇ ਆਪ ਤੇ ਬੜਾ ਪ੍ਰੇਸ਼ਾਨ ਹੋਇਆ। ਅਹਿਲਕਾਰਾਂ ਨੇ ਪੁਛਿਆ ਰਾਜਨ! ਤੁਸੀਂ ਕਿਉਂ ਏਨਾ ਪ੍ਰੇਸ਼ਾਨ ਹੁੰਦੇ ਹੋ? ਤਾਂ ਰਾਜਾ ਕਹਿਣ ਲਗਾ ਕਿ ਪ੍ਰੇਸ਼ਾਨ ਨਾ ਹੋਵਾਂ ਤਾਂ ਕੀ ਕਰਾਂ? ਮੇਰੇ ਰਾਜ ਵਿਚ ਜਿਹੜਾ ਕਾਤਲ ਹੈ, ਉਹ ਸੰਤ ਮਹਾਂਪੁਰਖ ਜਾਣ ਕੇ ਪੂਜਿਆ ਜਾਂਦਾ ਹੈ, ਤੇ ਜਿਹੜਾ ਸੰਤ ਹੈ, ਉਹ ਕਾਲ ਕੋਠੜੀ ਵਿਚ ਬੰਦ ਹੈ। ਉਹ ਅਹਿਲਕਾਰ ਕਹਿਣ ਲਗੇ ਕਿ ਰਾਜਨ! ਏਹ ਤਾਂ ਹੋਵੇਗਾ ਹੀ। ਕਿਉਂਕਿ ਜਿਸ ਦੇ ਨਾਲ ਬਹੁ ਗਿਣਤੀ ਹੋਵੇ ਉਸ ਦਾ ਹੀ ਬੋਲ ਬਾਲਾ ਹੁੰਦਾ ਹੈ। ਰਾਜਾ ਕਹਿਣ ਲਗਾ ਫਿਰ ਬਹੁਤ ਗਿਣਤੀ ਤਾਂ ਭੇਡਾਂ ਦੀ ਵੀ ਬਹੁਤ ਹੁੰਦੀ ਹੈ। ਕੀ ਜਿਸ ਭੇਡ ਦੇ ਪਿਛੇ ਬਹੁਤੀਆਂ ਭੇਡਾਂ ਤੁਰਦੀਆਂ ਹਨ, ਉਸ ਨੂੰ ਪਟਰਾਣੀ ਬਣਾ ਲਿਆ ਜਾਵੇ? ਤਾਂ ਅਹਿਲਕਾਰ ਮੰਤਰੀ ਕਹਿਣ ਲਗੇ ਰਾਜਨ! ਕੀ ਕੀਤਾ ਜਾ ਸਕਦਾ ਹੈ? ਇਹ ਜਗਤ ਦੀ ਭੇਡ ਚਾਲ ਹੈ। ਏਸ ਦੁਨੀਆਂ ਵਿਚ ਬਹੁਤੀ ਭੀੜ ਭਾਵੇਂ ਕਿਸੇ ਕਾਤਲ ਨੂੰ ਸੰਤ ਕਹਿ ਦੇਵੇ ਤਾਂ ਉਹ ਸੰਤ ਬਣ ਜਾਂਦਾ ਹੈ। ਸਾਰੀ ਭੀੜ ਉਸ ਦੇ ਪਿਛੇ ਹੀ ਤੁਰ ਪੈਂਦੀ ਹੈ, ਜਿਵੇਂ ਕਿ ਭੇਡਾਂ ਚਲਦੀਆਂ ਹਨ। ਦਰਅਸਲ ਲਗਦਾ ਹੈ ਕਿ ਦੁਨੀਆਂ ਦੀ ਭੀੜ ਆਪਣੇ ਪੁਰਾਣੇ ਸੁਭਾਅ ਅਨੁਸਾਰ ਚਲਦੀ ਹੈ। ਭਗਤ ਕਬੀਰ ਸਾਹਿਬ ਜੀ ਮਹਾਰਾਜ ਨੇ ਆਪਣੀ ਬਾਣੀ ਦੁਆਰਾ ਦੁਨੀਆਂ ਦੀ ਏਸ ਕਮਜ਼ੋਰੀ ਦਾ ਬੜਾ ਸੁੰਦਰ ਵਰਨਣ ਕੀਤਾ ਹੈ। ਉਹ ਕਹਿੰਦੇ ਹਨ ਕਿ ਆਮ ਲੋਕਾਂ ਦੇ ਸੰਸਕਾਰ ਭੇਡਾਂ ਵਰਗੇ ਹਨ, ਪਰ ਕਈਆਂ ਦੇ ਸੰਸਕਾਰ ਲੂੰਬੜਾਂ ਵਰਗੇ ਹਨ। ਜਿਥੇ ਭੇਡਾਂ ਇਕ ਭੇਡ ਦੇ ਪਿਛੇ ਹੋ ਤੁਰਦੀਆਂ ਹਨ, ਓਥੇ ਲੂੰਬੜ ਬੜਾ ਚਲਾਕ ਪਸ਼ੂ ਹੈ। ਅਕਸਰ ਦੁਨੀਆਂ ਦੀ ਇਸ ਕਮਜ਼ੋਰੀ ਦਾ ਲਾਭ ਚਲਾਕ ਲੋਕਾਂ ਨੂੰ ਹੁੰਦਾ ਹੈ। ਚਲਾਕ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਆਮ ਲੋਕਾਂ ਨੇ ਮਗਰ ਲਗ ਤੁਰਨਾ ਹੈ। ਇਸ ਕਰਕੇ ਇਸ ਤਰ੍ਹਾਂ ਦੇ ਚਲਾਕ ਲੋਕ ਕੋਈ ਐਸੀ ਜੁਗਤ ਤਿਆਰ ਕਰਦੇ ਹਨ ਕਿ ਲੋਕਾਂ ਦੀ ਭੀੜ ਉਹਨਾਂ ਦੇ ਪਿਛੇ ਲੱਗ ਤੁਰੇ ਅਤੇ ਉਹ ਵੱਡੇ ਨੇਤਾ ਜਾਂ ਮਹਾਂਪੁਰਖ ਬਣ ਜਾਣ। ਇਕ ਉਪਦੇਸ਼ ਵਿਸ਼ੇਸ਼ ਧਿਆਨ ਯੋਗ

ਹੈ ਕਿ, "ਬਹੁਤੀ ਭੀੜ ਵਿਚ ਬਹੁਤੇ ਚੰਗੇ ਲੋਕ ਨਹੀਂ ਹੁੰਦੇ ਅਤੇ ਬਹੁਤੇ ਚੰਗੇ ਲੋਕਾਂ ਦੀ ਭੀੜ ਨਹੀਂ ਹੁੰਦੀ।" ਬਹੁਤ ਮਹਾਨ ਲੋਕ ਇਸ ਦੁਨੀਆਂ ਵਿਚ ਬਹੁਤੇ ਨਹੀਂ ਹੁੰਦੇ। ਓਹਨਾਂ ਨੂੰ ਤੁਸੀਂ ਆਪਣੀਆਂ ਉਂਗਲਾਂ ਤੇ ਗਿਣ ਲਵੋਗੇ। ਪਰ ਬਹੁਤ ਭੀੜ ਜਿਧਰ ਜਾਂਦੀ ਹੈ। ਜਰੂਰੀ ਨਹੀਂ ਕਿ ਉਸ ਭੀੜ ਵਿਚ ਬਹੁਤੇ ਚੰਗੇ ਲੋਕ ਜਾ ਰਹੇ ਹੋਣ। ਬਹੁਤੀ ਭੀੜ ਚਲਾਕ ਲੋਕਾਂ ਦੇ ਪਿਛੇ ਜਾਂਦੀ ਹੈ ਅਤੇ ਚੰਗੇ ਲੋਕਾਂ ਨੂੰ ਆਪਣਾ ਸਿਰ ਤਲੀ ਤੇ ਰੱਖ ਕੇ ਇਕਲਿਆਂ ਤੁਰਨਾ ਪੈਂਦਾ ਹੈ। ਚੰਗੇ ਮਹਾਂਪੁਰਖ ਲੋਕ ਆਪਣਾ ਰਸਤਾ ਆਪ ਅਖਤਿਆਰ ਕਰਦੇ ਹਨ। ਸਿਰਮੌਰ ਭਗਤ ਕਬੀਰ ਸਾਹਿਬ ਨੇ ਬਹੁਤ ਸੁੰਦਰ ਇਸ ਹਕੀਕਤ ਨੂੰ ਬਿਆਨ ਕੀਤਾ ਹੈ।

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ ੧੬੫॥

(ਪੰਨਾ ੧੩੭੩)

ਏਥੇ ਪੰਡਿਤ ਦਾ ਅਰਥ ਕਬੀਰ ਸਾਹਿਬ ਨੇ ਕੋਈ ਵਿਦਵਾਨ, ਗਿਆਨੀ, ਜਾਤੀ ਜਾਂ ਸ਼੍ਰੇਣੀ ਨਹੀਂ ਕੀਤਾ। ਏਥੇ ਪੰਡਿਤ ਦਾ ਅਰਥ ਹੈ, ਚਤੁਰ ਚਲਾਕ ਲੋਕ। ਕਬੀਰ ਸਾਹਿਬ ਕਥਨ ਕਰਦੇ ਹਨ ਕਿ ਜਿਨ੍ਹਾਂ ਰਸਤਿਆਂ ਤੇ ਚਤੁਰ ਚਲਾਕ ਲੋਕ ਲੰਘਦੇ ਹਨ, ਉਹਨਾਂ ਦੇ ਪਿਛੇ ਲੋਕਾਂ ਦੀ ਬੜੀ ਵੱਡੀ ਭੀੜ ਤੁਰ ਪੈਂਦੀ ਹੈ। ਪਰ ਕਬੀਰ ਕਹਿੰਦੇ ਹਨ ਕਿ ਜਿਸ ਰਸਤੇ ਤੇ ਮੈਂ ਤੁਰ ਰਿਹਾ ਹਾਂ, ਏਥੇ ਕੋਈ ਹੋਰ ਮੇਰੇ ਪਿਛੇ ਨਾ ਅਗੇ ਆਉਂਦਾ ਨਾ ਜਾਂਦਾ ਦਿਸਦਾ ਹੈ। ਮੈਂ ਇਕੱਲਾ ਹੀ ਇਸ ਰਸਤੇ ਉੱਪਰ ਤੁਰ ਰਿਹਾ ਹਾਂ। ਦਰਅਸਲ ਇਹ ਰਸਤਾ ਇਕੱਲਿਆਂ ਹੀ ਤਹਿ ਕਰਨਾ ਪੈਂਦਾ ਹੈ। ਇਹ ਰਸਤਾ "ਧਰਮ ਮਾਰਗ" ਹੈ ਅਤੇ ਪ੍ਰਭੂ ਦੇ ਘਰ ਤੱਕ ਪਹੁੰਚਦਾ ਹੈ। ਇਸ ਰਸਤੇ ਵਿਚ ਬੜੀਆਂ ਔਖਿਆਈਆਂ ਤੇ ਰੁਕਾਵਟਾਂ ਹਨ। ਉਚੀਆਂ, ਨੀਵੀਆਂ, ਬਿਖੜੀਆਂ ਘਾਟੀਆਂ ਵਿਚੋਂ ਦੀ ਲੰਘ ਕੇ ਮੰਜ਼ਿਲ ਤਕ ਪਹੁੰਚਣਾ ਪੈਂਦਾ ਹੈ। ਏਸ ਕਰਕੇ ਏਸ ਰਸਤੇ ਤੇ ਬਹੁਤੇ ਲੋਕ ਨਹੀਂ ਤੁਰਦੇ। ਇਕੱਲੇ ਕਬੀਰ ਨੂੰ ਹੀ ਤੁਰਨਾ ਪੈਂਦਾ ਹੈ। ਏਸ ਕਰਕੇ ਹੀ ਕਬੀਰ ਸਾਹਿਬ ਕਹਿੰਦੇ ਹਨ ਕਿ ਜਿਸ ਰਸਤੇ ਮੈਂ ਤੁਰਿਆ ਹਾਂ, ਮੇਰੇ ਅਗੇ, ਪਿਛੇ ਕੋਈ ਹੋਰ ਕਬੀਰ ਆਉਂਦਾ ਜਾਂਦਾ ਨਹੀਂ ਦਿਸਦਾ। ਲਭੋ? ਅਜ ਕਬੀਰ ਵਰਗਾ ਮਹਾਂਪੁਰਖ ਲਭਣਾ ਹੋਵੇ ਤਾਂ ਸਦੀਆਂ ਸਦੀਆਂ ਤਕ ਉਡੀਕਣਾ ਪੈਂਦਾ ਹੈ। ਕੋਈ ਕਬੀਰ ਵਰਗਾ ਮਹਾਂਪੁਰਖ ਨਹੀਂ ਮਿਲਦਾ। ਦਰਅਸਲ ਮਹਾਨ ਪੁਰਖਾਂ ਦੀ ਇਸ ਜਗਤ ਵਿਚ ਭੀੜ ਕਦੇ ਨਹੀਂ ਹੁੰਦੀ। ਪਤਾ ਹੈ ਲੋਕ ਭੀੜ ਨੂੰ ਕਿਉਂ ਜ਼ਿਆਦਾ ਪਸੰਦ ਕਰਦੇ ਹਨ? ਕਿਉਂਕਿ ਭੀੜ ਵਿਚ ਉਹ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਹਨ। ਲੋਕਾਂ ਵਿਚ ਰਲ ਮਿਲ ਕੇ ਤੁਰੇ ਜਾਣਾ ਸਮਾਜ ਦੀ ਫਿਤਰਤ ਹੈ। ਏਸ ਕਰਕੇ ਲੋਕ ਉਸ ਤਰ੍ਹਾਂ ਹੀ ਬਦਲ ਜਾਂਦੇ ਹਨ, ਜਿਵੇਂ ਜ਼ਮਾਨਾ ਬਦਲਦਾ ਹੈ। ਪਰ "ਮੌਤ ਦੀ ਕਲਾ" ਨੂੰ ਸਮਝਣ ਵਾਲੇ ਲੋਕ ਭੀੜ ਵਿਚੋਂ ਬਾਹਰ ਆ ਕੇ ਇਕੱਲਿਆਂ

ਤੁਰਦੇ ਹਨ, ਅਤੇ ਜਮਾਨਾ ਉਹਨਾਂ ਪਿਛੇ ਤੁਰਦਾ ਹੈ। ਐਸੇ ਮਹਾਂਪੁਰਖ ਜਮਾਨੇ ਨੂੰ ਕੋਈ ਸਹੀ ਮਾਰਗ ਦੇਂਦੇ ਹਨ, ਜਿਹੜਾ ਉਹਨਾਂ ਨੂੰ ਉਹਨਾਂ ਦੀ ਮੰਜ਼ਿਲ ਦਿਖਾ ਸਕੇ। ਇਕ ਅਦੀਬ ਸਜਣ ਨੇ ਬਹੁਤ ਸੁੰਦਰ ਬਿਆਨ ਕੀਤਾ ਹੈ।

ਏਕ ਵੋ ਹੈਂ ਜੋ ਬਦਲਤੇ ਹੈਂ ਜਮਾਨੇ ਕੇ ਸਾਥ ਸਾਥ॥
ਮਗਰ ਮਰਦ ਵੋ ਹੈਂ ਜੋ ਜਮਾਨੇ ਕੋ ਬਦਲ ਦੇਤੇ ਹੈਂ॥ *(ਇਕ ਅਦੀਬ)*

ਜਿਹੜਾ ਜਮਾਨੇ ਵਿਚ ਰਲ ਗਿਆ ਸਮਝੋ ਉਹ ਜਮਾਨੇ ਵਰਗਾ ਹੈ। ਲੋਕਾਂ ਦੀ ਭੀੜ ਵਿਚ ਭੀੜ ਬਣ ਕੇ ਤੁਰਨਾ, ਭੇਡ ਚਾਲ ਹੀ ਹੈ। ਪਰ ਆਪਣਾ ਮਾਰਗ ਆਪ ਚੁਣਨਾ ਇਹ ਮਰਦਾਂ ਦਾ ਕੰਮ ਹੈ। ਸ਼ੇਰ ਭਾਵੇਂ ਭੇਡਾਂ ਦੇ ਬੱਚਿਆਂ ਵਿਚ ਪਲਿਆ ਹੋਵੇ, ਉਹ ਭੇਡੂ ਨਹੀਂ ਬਣਦਾ। ਮਰਦ ਭਾਵੇਂ ਲੱਖਾਂ ਭੇਡਾਂ ਵਿਚ ਰਹਿੰਦਾ ਹੋਵੇ, ਉਹ ਡਰਪੋਕ ਨਹੀਂ ਹੁੰਦਾ। ਮਰਦ ਲੋਕ ਸਚਿਆਰ ਹੁੰਦੇ ਹਨ ਅਤੇ ਆਪਣੇ ਨਿਸ਼ਚੇ ਦੇ ਦ੍ਰਿੜ ਹੁੰਦੇ ਹਨ।

ਸੂਫੀ ਮਹਾਂਪੁਰਖਾਂ ਦੀਆਂ ਕਹਾਣੀਆਂ ਵਿਚ ਇਕ ਅਲੌਕਿਕ ਕਹਾਣੀ ਹੈ। ਮਨਸੂਰ ਨਾਮ ਦਾ ਇਕ ਮਹਾਨ ਸੂਫੀ ਫਕੀਰ "ਸ਼ਹੀਦ" ਹੋਇਆ ਹੈ। ਉਸ ਨੇ ਇਕ ਅਵਾਜ ਉਠਾਈ ਸੀ ਕਿ "ਅਨਲ ਹੱਕ"! ਭਾਵ ਕਿ ਰੱਬ ਮੇਰੇ ਵਿਚ ਹੈ, ਅਤੇ ਮੈਂ ਰੱਬ ਹਾਂ। ਹਕੀਕਤ ਤਾਂ ਏਸੇ ਤਰ੍ਹਾਂ ਹੈ ਕਿ ਰੱਬ ਹਰੇਕ ਦੇ ਵਿਚ ਹੈ ਅਤੇ ਹਰੇਕ ਕੋਲ ਸੰਭਾਵਨਾ ਹੈ ਕਿ ਉਹ ਰੱਬ ਹੋ ਜਾਵੇ। ਪਰ ਕਟੜ ਤੇ ਸ਼ਰ੍ਹਈ ਲੋਕਾਂ ਨੇ ਮਨਸੂਰ ਦੀ ਇਸ ਅਵਾਜ ਦਾ ਖੁਲ੍ਹ ਕੇ ਵਿਰੋਧ ਕੀਤਾ। ਇਸ ਵਿਰੋਧਤਾ ਦਾ ਸਿੱਟਾ ਇਹ ਹੋਇਆ ਕਿ ਸਮੇਂ ਦੀ ਹਕੂਮਤ ਨੇ ਅਤੇ ਸ਼ਰ੍ਹਾ ਨੇ ਮਨਸੂਰ ਨੂੰ ਬੜੀਆਂ ਸੰਗੀਨ ਸਜਾਵਾਂ ਦਿੱਤੀਆਂ। ਸਜਾ-ਏ-ਮੌਤ ਦਾ ਫਤਵਾ ਲਾਇਆ ਗਿਆ। ਮੌਤ ਦੀ ਸਜਾ ਵੀ ਏਨੇ ਸੰਗੀਨ ਢੰਗ ਨਾਲ ਸੁਣਾਈ ਗਈ ਕਿ ਪਹਿਲਾਂ ਇਹ ਹੁਕਮ ਹੋਇਆ ਕਿ ਮਨਸੂਰ ਨੂੰ ਫਾਂਸੀ ਦੇਣ ਤੋਂ ਪਹਿਲਾਂ ਸੰਗ ਸਾਰ ਕਰੋ। ਸੰਗਸਾਰ ਯਾਨੀ ਕਿ ਸਾਰੇ ਸ਼ਹਿਰ ਦੇ ਲੋਕ ਦੋ ਦੋ ਪੱਥਰ ਮਨਸੂਰ ਨੂੰ ਮਾਰਨ। ਏਸ ਫਤਵੇ ਅਨੁਸਾਰ ਮਨਸੂਰ ਨੂੰ ਸ਼ਹਿਰ ਦੀਆਂ ਗਲੀਆਂ, ਬਜਾਰਾਂ ਵਿਚ ਫੇਰਿਆ ਗਿਆ। ਸਾਰੇ ਸ਼ਹਿਰ ਦੇ ਲੋਕਾਂ ਨੇ ਆਪਣੇ ਹੱਥਾਂ ਨਾਲ ਦੋ ਦੋ ਪੱਥਰ ਪਕੜ ਕੇ ਮਨਸੂਰ ਨੂੰ ਮਾਰੇ। ਕਹਿੰਦੇ ਹਨ ਕਿ ਪੱਥਰਾਂ ਦੀ ਮਾਰ ਨਾਲ ਮਨਸੂਰ ਲਹੂ ਲੁਹਾਨ ਹੋ ਗਿਆ। ਸਿਪਾਹੀਆਂ ਨੇ ਮਨਸੂਰ ਨੂੰ ਹੱਥ ਕੜੀਆਂ ਤੇ ਬੇੜੀਆਂ ਵਿਚ ਜਕੜਿਆ ਹੋਇਆ ਸੀ, ਤੇ ਸ਼ਹਿਰ ਵਿਚ ਅਗੇ ਅਗੇ ਲੈ ਕੇ ਫੇਰ ਰਹੇ ਸਨ। ਮਨਸੂਰ ਲਹੂ ਲੁਹਾਨ ਹੋਇਆ ਵੀ ਲੋਕਾਂ ਦੀ ਭੀੜ ਵੱਲ ਦੇਖ ਕੇ ਹੱਸਦਾ ਸੀ। ਲੋਕ ਬੜੇ ਹੈਰਾਨ ਸਨ ਕਿ ਮਨਸੂਰ ਲੋਕਾਂ ਵਲੋਂ ਮਾਰੇ ਜਾ ਰਹੇ ਪੱਥਰਾਂ ਨੂੰ ਏਸ ਤਰ੍ਹਾਂ ਹੱਸ ਕੇ ਕਬੂਲ ਕਰਦਾ ਸੀ ਜਿਵੇਂ ਪਿਆਰਿਆਂ ਵਲੋਂ ਫੁੱਲਾਂ ਦੀ ਬਰਖਾ ਕੀਤੀ ਜਾ ਰਹੀ ਹੋਵੇ। ਸਾਰਾ ਸ਼ਹਿਰ ਹੀ ਮਨਸੂਰ ਦਾ ਦੁਸ਼ਮਣ ਲਗਦਾ ਸੀ। ਪਰ ਫਿਰ ਵੀ ਸਾਰੇ ਸ਼ਹਿਰ ਵਿਚ ਇਕ ਆਦਮੀ ਐਸਾ ਸੀ ਜੋ ਮਨਸੂਰ ਦੇ ਦਿਲੀ ਰਹੱਸਾਂ ਨੂੰ ਜਾਣਦਾ ਸੀ

ਕਿ ਮਨਸੂਰ ਬੇ ਕਸੂਰ ਹੈ। ਪਰ ਉਹ ਵੀ ਦੁਨੀਆਂ ਦੀ ਭੀੜ ਤੋਂ ਡਰਦਾ ਹੋਇਆ ਸਾਹਮਣੇ ਨਹੀਂ ਸੀ ਆਉਂਦਾ ਕਿ ਲੋਕਾਂ ਦਾ ਕ੍ਰੋਪ ਉਸ ਤੇ ਟੁੱਟੇਗਾ। ਕਹਿੰਦੇ ਹਨ ਕਿ ਇਹ ਆਦਮੀ ਮਨਸੂਰ ਦਾ ਮਿੱਤਰ ਸੀ ਅਤੇ ਇਸ ਦਾ ਨਾਮ "ਸ਼ਿਬਲੀ" ਸੀ। ਮਨਸੂਰ ਨੂੰ ਲੋਕਾਂ ਦੀ ਭੀੜ ਪੱਥਰ ਮਾਰਦੀ ਹੋਈ ਓਥੇ ਲੈ ਆਈ, ਜਿਥੇ ਸ਼ਿਬਲੀ ਖੜਾ ਸੀ। ਹੁਣ ਹਕੂਮਤ ਅਤੇ ਕਟੜ ਸ਼ਰ੍ਹਾ ਦਾ ਹੁਕਮ ਸੀ ਕਿ ਸ਼ਹਿਰ ਦਾ ਹਰ ਆਦਮੀ, ਬਾਲ, ਬਿਰਧ ਤੇ ਔਰਤ, ਮਨਸੂਰ ਨੂੰ ਆਪਣੇ ਸੱਜੇ ਖੱਬੇ ਹੱਥ ਨਾਲ, ਇਕ ਇਕ ਪੱਥਰ ਜਰੂਰ ਮਾਰੇਗਾ। ਸ਼ਿਬਲੀ, ਮਨਸੂਰ ਦਾ ਮਿੱਤਰ ਹੈ। ਹੁਣ ਮਿੱਤਰ ਤਾਂ ਉਹੀ ਹੁੰਦਾ ਹੈ, ਜਿਸ ਨਾਲ ਮਨ ਮਿਲਿਆ ਹੋਇਆ ਹੋਵੇ। ਮਨ ਦੇ ਰਹੱਸ ਸਾਂਝੇ ਹੋਵਣ। ਜਿਸ ਨਾਲ ਮਨ ਮਿਲਿਆ ਹੋਇਆ ਹੋਵੇ, ਉਸ ਨਾਲ ਦੁਸ਼ਮਣੀ ਨਹੀਂ ਕੀਤੀ ਜਾਂਦੀ। ਉਸ ਨੂੰ ਪੱਥਰ ਮਾਰਨੇ ਬਹੁਤ ਔਖੇ ਹਨ। ਪਰ ਸ਼ਿਬਲੀ ਵਾਸਤੇ ਇਹ ਮੁਸ਼ਕਲ ਆ ਬਣੀ ਕਿ ਜੇ ਉਸ ਨੇ ਮਨਸੂਰ ਨੂੰ ਪੱਥਰ ਨਾ ਮਾਰੇ, ਤਾਂ ਹਕੂਮਤ ਅਤੇ ਸ਼ਰ੍ਹਾ ਦਾ ਕ੍ਰੋਪ ਸ਼ਿਬਲੀ ਤੇ ਹੋਵੇਗਾ। ਜੇ ਪੱਥਰ ਮਾਰੇ ਤਾਂ ਮਿੱਤਰਤਾ ਨਾਲ ਵਿਸਾਹ ਘਾਤ ਹੋਵੇਗਾ। ਸ਼ਿਬਲੀ ਦੇ ਮਨ ਨੇ ਬਹੁਤ ਸੋਚ ਤੋਂ ਉਪਰੰਤ ਏਹ ਫੈਸਲਾ ਕੀਤਾ ਕਿ ਲੋਕਾਂ ਦੀ ਭੀੜ ਪੱਥਰ ਮਾਰ ਰਹੀ ਹੈ। ਭੀੜ ਵਿਚ ਰਲ ਕੇ ਮੈਂ ਦੋ ਗੁਲਾਬ ਦੇ ਫੁੱਲ ਮਨਸੂਰ ਨੂੰ ਮਾਰ ਦਿਆਂਗਾ। ਲੋਕਾਂ ਦੀ ਭੀੜ ਵਿਚ ਕਿਸੇ ਨੂੰ ਕੁਝ ਪਤਾ ਨਹੀਂ ਲਗੇਗਾ ਕਿ ਮੈਂ ਪੱਥਰ ਮਾਰੇ ਹਨ ਕਿ ਫੁੱਲ। ਕਹਿੰਦੇ ਹਨ ਕਿ ਜਦੋਂ ਲੋਕਾਂ ਦੀ ਭੀੜ ਮਨਸੂਰ ਨੂੰ ਪੱਥਰ ਮਾਰਦਿਆਂ ਹੋਇਆਂ ਓਥੇ ਲੈ ਕੇ ਆਈ, ਜਿਥੇ ਕਿ ਸ਼ਿਬਲੀ ਖੜ੍ਹਾ ਸੀ। ਮਨਸੂਰ ਨੇ ਸ਼ਿਬਲੀ ਦੀਆਂ ਅੱਖਾਂ ਵਿਚ ਦੇਖਿਆ। ਸ਼ਿਬਲੀ ਨੇ ਮਨਸੂਰ ਦੀਆਂ ਅੱਖਾਂ ਵਿਚ ਦੇਖਿਆ ਤੇ ਇਵੇਂ ਜਾਪਿਆ ਜਿਵੇਂ ਸ਼ਿਬਲੀ ਮਨਸੂਰ ਨੂੰ ਕਹਿ ਰਿਹਾ ਹੋਵੇ, ਮਿੱਤਰ! ਮੈਂ ਜਾਣਦਾ ਹਾਂ ਕਿ ਤੂੰ ਬੇ ਕਸੂਰ ਹੈਂ। ਪਰ ਮੈਂ ਬੇਵੱਸ ਹਾਂ! ਮੈਂ ਤੇਰੇ ਲਈ ਕੁਝ ਨਹੀਂ ਕਰ ਸਕਦਾ। ਕਹਿੰਦੇ ਹਨ ਕਿ ਸ਼ਿਬਲੀ ਨੇ ਇਸ ਤਰ੍ਹਾਂ ਸੋਚਦਿਆਂ ਹੀ ਲੋਕਾਂ ਦੀ ਭੀੜ ਵਿਚ ਹੋ ਕੇ, ਦੋ ਗੁਲਾਬ ਦੇ ਫੁੱਲ ਮਨਸੂਰ ਵੱਲ ਮਾਰੇ। ਮਨਸੂਰ ਨੂੰ ਉਹ ਫੁੱਲ ਵੱਜੇ। ਫੁੱਲਾਂ ਦੀ ਦਰਦ ਨਾਲ ਮਨਸੂਰ ਦੀਆਂ ਆਹਾਂ ਨਿਕਲ ਗਈਆਂ। ਮਨਸੂਰ ਬੜਾ ਚੀਖਿਆ। ਸ਼ਿਬਲੀ ਵੀ ਬੜਾ ਹੈਰਾਨ ਹੋਇਆ ਕਿ ਲੋਕ ਪੱਥਰ ਮਾਰ ਰਹੇ ਹਨ ਤੇ ਮਨਸੂਰ ਹੱਸ ਰਿਹਾ ਹੈ, ਪਰ ਮੈਂ ਫੁੱਲ ਮਾਰਿਆ ਹੈ ਤੇ ਇਸ ਦੀਆਂ ਆਹਾਂ ਨਿਕਲ ਗਈਆਂ ਹਨ। ਮਗਰ ਇਸ ਵਿਚ ਰਹੱਸ ਕੀ ਹੈ? ਸ਼ਿਬਲੀ ਕੋਲੋਂ ਰਿਹਾ ਨਾ ਗਿਆ ਤੇ ਅਗੇ ਹੋ ਕੇ ਮਨਸੂਰ ਨੂੰ ਪੁਛਣ ਲਗਾ ਕਿ "ਮਿੱਤਰਾ! ਤੂੰ ਪਹਿਲਾਂ ਏਹ ਗੱਲ ਦੱਸ ਕਿ ਲੋਕਾਂ ਦੇ ਪੱਥਰਾਂ ਦੀ ਮਾਰ ਖਾ ਕੇ ਵੀ ਤੂੰ ਹੱਸ ਰਿਹਾ ਹੈਂ। ਪਰ ਮੈਂ ਤੈਨੂੰ ਦੋ ਫੁੱਲ ਮਾਰੇ ਹਨ ਤੇ ਤੂੰ ਚੀਖ ਉਠਿਆ ਹੈਂ, ਇਸ ਵਿਚ ਰਹੱਸ ਕੀ ਹੈ?" ਮਨਸੂਰ ਕਹਿਣ ਲਗਾ, "ਸ਼ਿਬਲੀ! ਮੈਨੂੰ ਲੋਕਾਂ ਦੇ ਪੱਥਰਾਂ ਦੀ ਪ੍ਰਵਾਹ ਨਹੀਂ, ਕਿਉਂਕਿ ਉਹਨਾਂ ਨੂੰ ਖੁਦ ਹੀ ਪਤਾ ਨਹੀਂ ਕਿ ਕੀ ਕਰ ਰਹੇ ਹਨ। ਲੋਕਾਂ ਦੀ ਭੀੜ ਵਿਚ ਹਰ ਕੋਈ ਰਲਿਆ ਹੋਇਆ ਹੈ। ਉਹਨਾਂ ਨੂੰ

ਇਹ ਗਿਆਨ ਹੀ ਨਹੀਂ ਕਿ ਭੀੜ ਤੋਂ ਅਲੱਗ ਹੋ ਕੇ ਤੁਰਨ ਵਿਚ ਕਿੰਨਾ ਮਜਾ ਹੈ। ਉਹ ਭੀੜ ਤਾਂ ਭੇਡ ਚਾਲ ਹੈ। ਉਹਨਾਂ ਨੂੰ ਖੁਦ ਨੂੰ ਪਤਾ ਨਹੀਂ ਕਿ, ਕੋਈ ਚਲਾਕ ਲੂੰਬੜ, ਸਾਨੂੰ ਭੇਡਾਂ ਨੂੰ ਗੁੰਮਰਾਹ ਕਰ ਰਿਹਾ ਹੈ। ਏਸ ਕਰਕੇ ਐ ਸ਼ਿਬਲੀ! ਮੈਨੂੰ ਉਹਨਾਂ ਵਲੋਂ ਮਾਰੇ ਹੋਏ ਪੱਥਰਾਂ ਦੀ ਦਰਦ ਨਹੀਂ ਹੁੰਦੀ। ਪਰ ਐ ਸ਼ਿਬਲੀ! ਤੈਨੂੰ ਤਾਂ ਮੇਰੇ ਦਿਲੀ ਰਹੱਸਾਂ ਦਾ ਵੀ ਪਤਾ ਹੈ। ਤੈਨੂੰ ਤਾਂ ਇਹ ਵੀ ਪਤਾ ਹੈ ਕਿ ਮੈਂ ਬੇ ਕਸੂਰ ਹਾਂ। ਪਰ ਤੂੰ ਵੀ ਲੋਕਾਂ ਦੀ ਭੀੜ ਵਿਚ ਰਲ ਗਿਆ ਹੈਂ। ਮੈਨੂੰ ਤੇਰੇ ਫੁੱਲ ਮਾਰਨ ਦੀ ਦਰਦ ਨਹੀਂ ਹੁੰਦੀ। ਮੈਨੂੰ ਪੀੜ ਹੈ ਕਿ ਤੂੰ ਫੁੱਲਾਂ ਨੂੰ ਵੀ ਪੱਥਰਾਂ ਵਿਚ ਰਲਾ ਦਿੱਤਾ ਹੈ। ਫਰਕ ਸਿਰਫ ਏਨਾ ਹੈ ਕਿ ਲੋਕ ਪੱਥਰ ਮਾਰ ਰਹੇ ਹਨ ਅਤੇ ਤੂੰ ਫੁੱਲ ਮਾਰ ਰਿਹਾ ਹੈਂ। ਲੋਕ ਮੈਨੂੰ ਸਜਾ ਦੇ ਰਹੇ ਹਨ ਕਿ ਮੈਂ ਦੁਖੀ ਹੋਵਾਂ। ਪਰ ਮੈ ਉਹਨਾਂ ਵਲੋਂ ਦਿੱਤੇ ਹੋਏ ਦੁੱਖ ਤੋਂ ਦੁਖੀ ਹੀ ਨਾ ਹੋਵਾਂ, ਤਾਂ ਫਿਰ ਉਹ ਖੁਦ ਦੁਖੀ ਹੋਣਗੇ। ਇਸ ਕਰਕੇ ਮੈਂ ਉਹਨਾਂ ਵਲੋਂ ਪੱਥਰ ਮਾਰਨ ਦੇ ਬਾਵਜੂਦ ਵੀ ਮੁਸਕਰਾ ਰਿਹਾ ਹਾਂ। ਐ ਸ਼ਿਬਲੀ! ਤੂੰ ਇਹ ਜਾਣਦਾ ਸੈਂ ਕਿ ਸੱਚ ਕੀ ਹੈ? ਫਿਰ ਵੀ ਉਸ ਸੱਚ ਨੂੰ ਝੂਠ ਵਿਚ ਹੀ ਰਲਾ ਦਿੱਤਾ ਹੈ। ਯਾਨੀ ਕਿ ਫੁੱਲਾਂ ਤੋਂ ਤੂੰ ਕੰਡਿਆਂ ਦਾ ਕੰਮ ਹੀ ਲਿਆ ਹੈ। ਇਸ ਕਰਕੇ ਮੇਰੀਆਂ ਆਹਾਂ ਨਿਕਲ ਗਈਆਂ ਹਨ ਕਿ ਇਹ ਕੀ ਕੀਤਾ ਹੈ? ਉਹ ਲੋਕ ਤਾਂ ਏਨੇ ਚਲਾਕ ਨਹੀਂ, ਪਰ ਤੂੰ ਏਨਾ ਚਲਾਕ ਸੱਜਣ ਹੈ ਕਿ ਮਾਰਦਾ ਵੀ ਹੈਂ ਤੇ ਰੋਣ ਵੀ ਨਹੀਂ ਦੇਂਦਾ। ਹੁਣ ਇਸ ਦੁਖ ਦੀ ਪੀੜ ਮੇਰੇ ਧੁਰ ਅਂਦਰਾਂ ਤਕ ਹੋਈ ਹੈ।"

ਲੋਕਾਂ ਦਿਆਂ ਕੰਡਿਆਂ ਦੀ ਸਾਨੂੰ ਪਰਵਾਹ ਜਰਾ ਨਾ ਹੋਈ॥
ਸਜਣਾਂ ਨੇ ਫੁੱਲ ਮਾਰਿਆ ਸਾਡੀ ਪੀੜ ਆਂਦਰਾਂ ਨੂੰ ਹੋਈ॥ (ਇਕ ਸਿਆਣਾ)

ਇਹ ਭੀੜ ਤੋਂ ਅਲੱਗ ਹੋ ਕੇ ਤੁਰਨ ਵਾਲੇ ਲੋਕ ਹੁੰਦੇ ਹਨ। ਏਨ੍ਹਾਂ ਨੂੰ ਭਾਵੇਂ ਪੋਰੀਆਂ ਪੋਰੀਆਂ ਕਰਕੇ ਕੱਟ ਦਿੱਤਾ ਜਾਵੇ, ਇਹ ਦੁਖੀ ਨਹੀਂ ਹੁੰਦੇ। ਪਰ ਕੋਈ ਮਰਦ ਬੰਦਾ, ਆਪਣੇ ਧਰਮ ਮਾਰਗ ਤੋਂ ਖਿਸਕ ਜਾਵੇ ਤਾਂ ਇਹਨਾਂ ਦੀਆਂ ਦੁੱਖ ਨਾਲ ਆਹਾਂ ਨਿਕਲ ਜਾਂਦੀਆਂ ਹਨ। ਸਾਰਕੁਤਾਵਲੀ ਪੋਥੀ ਵਿਚ ਇਕ ਸੁਖਨ ਹੈ।

ਸੋਨੇ ਨੂੰ ਕਿਸੇ ਸਿਆਣੇ ਨੇ ਕਿਹਾ, ਤੂੰ ਕਿੰਨਾ ਮਹਾਨ ਹੈਂ ਕਿ ਤੇਰਾ ਹਰ ਹਾਲਤ ਵਿਚ ਮੁੱਲ ਪੈ ਜਾਂਦਾ ਹੈ। ਸੋਨਾ ਪੁਰਾਣਾ ਵੀ ਤੇ ਨਵਾਂ ਵੀ, ਸੋਨਾ ਜੇਵਰ ਬਣਿਆ ਵੀ ਤੇ ਸੋਨਾ ਪੱਥਰਾਂ ਹੇਠ ਦਬਿਆ ਵੀ, ਆਪਣਾ ਮੁੱਲ ਬਰਾਬਰ ਪਵਾਉਂਦਾ ਹੈ। ਸੋਨਾ ਉਸ ਸਿਆਣੇ ਨੂੰ ਕਹਿਣ ਲਗਾ ਕਿ ਮੈਨੂੰ ਉਸ ਵਕਤ ਦੁੱਖ ਨਹੀਂ ਹੁੰਦਾ, ਜਿਸ ਵਕਤ ਮੈਨੂੰ ਕੁਠਾਲੀ ਵਿਚ ਪਾ ਕੇ ਤਪਾਇਆ ਜਾਂਦਾ ਹੈ। ਨਾ ਹੀ ਮੈਨੂੰ ਉਸ ਵਕਤ ਦੁਖ ਹੁੰਦਾ ਹੈ, ਜਿਸ ਵਕਤ ਸੁਨਿਆਰਾ ਮੈਨੂੰ ਵਿੰਨ੍ਹ ਵਿੰਨ੍ਹ ਕੇ ਮੇਰੇ ਵਿਚ ਨਗ ਜੜਦਾ ਹੈ। ਸਿਆਣੇ ਨੇ ਕਿਹਾ ਕਿ ਫਿਰ ਤੈਨੂੰ ਦੁੱਖ ਕਦੋਂ ਹੁੰਦਾ ਹੈ, ਤਾਂ ਸੋਨਾ ਕਹਿਣ ਲਗਾ ਕਿ ਮੈਨੂੰ ਉਸ ਵਕਤ ਬੜਾ ਹੀ ਦੁੱਖ ਹੁੰਦਾ ਹੈ। ਜਿਸ ਵਕਤ ਸੁਨਿਆਰਾ ਮੈਨੂੰ ਰਤੀਆਂ ਦੇ ਬਰਾਬਰ ਤੋਲ ਤੋਲ ਕੇ ਵੇਚਦਾ ਹੈ। ਰਤੀਆਂ ਨਹੀਂ

ਵਿਕਦੀਆਂ ਪਰ ਮੈਂ ਵਿਕ ਜਾਂਦਾ ਹਾਂ।

ਘਰਸਨ ਛੇਦਨ, ਦਹਿਨ ਮੈ ਕੰਚਨ ਦੁਖੈ ਨ ਐਸ॥
ਗੁੰਜਨ ਸਮ ਤੋਲਨ ਬਿਖੈ ਹਾਟਤ ਦੁਖ ਹੈ ਜੈਸ॥ *(ਸਾਰਕੁਤਾਵਲੀ)*

ਕਹਿੰਦੇ ਹਨ ਕਿ ਮਹਾਂਪੁਰਖ ਵੀ ਉਸ ਵਕਤ ਦੁਖੀ ਹੁੰਦੇ ਹਨ, ਜਦੋਂ ਕੋਈ ਮਰਦ ਸਚਿਆਰ ਬੰਦਾ, ਸੱਚ ਦਾ ਪੱਲਾ ਛੱਡ ਕੇ, ਕੌਡੀਆਂ ਦੇ ਭਾਅ ਵਿਕ ਜਾਂਦਾ ਹੈ ਅਤੇ ਭੇਡਾਂ ਦੀ ਭੀੜ ਵਿਚ ਰਲ ਜਾਂਦਾ ਹੈ।

ਤਨ ਦਾਹਤ ਅਤਿ ਬਿਪਤਿ ਮਹਿ ਨਹਿ ਅਸ ਦੂਖੈ ਸੰਤ॥
ਬਿਖੈ ਸੰਗ ਤੇ ਜਥੋ ਦੁਖੈ ਬਿਖੈ ਅਸੰਤ ਕਰੰਤ॥ *(ਸਾਰਕੁਤਾਵਲੀ)*

ਮੈਂ ਆਪ ਜੀ ਨੂੰ ਇਹ ਦਰਸਾਉਣ ਦਾ ਯਤਨ ਕਰ ਰਿਹਾ ਹਾਂ ਕਿ ਦੁਨੀਆਂ ਵਿਚ ਹਰੇਕ ਪਸ਼ੂ ਦੇ ਸੰਸਕਾਰ ਵਾਲੇ ਮਨੁੱਖ ਮਿਲਦੇ ਹਨ। ਭੇਡਾਂ ਦਾ ਸੁਭਾਅ ਹੁੰਦਾ ਹੈ ਭੀੜ ਵਿਚ ਰਲ ਕੇ ਚਲਣਾ। ਭੇਡ ਆਪਣਾ ਮਾਰਗ ਆਪ ਨਹੀਂ ਚੁਣ ਸਕਦੀ। ਮਗਰ ਸ਼ੇਰ ਭੇਡਾਂ ਵਿਚ ਨਹੀਂ ਰਲ ਸਕਦੇ। ਸ਼ੇਰ ਦੀ ਖਾਸੀਅਤ ਹੈ ਕਿ ਉਹ ਨਿਰਭੈ ਹੁੰਦਾ ਹੈ ਅਤੇ ਜੰਗਲ ਵਿਚ ਅਜਾਦ ਇਕੱਲਾ ਵਿਚਰਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਤਾਂ ੧੭੫੬ ਬਿਕ੍ਰਮੀ ਨੂੰ ਕੇਸਗੜ੍ਹ (ਅਨੰਦਪੁਰ ਸਾਹਿਬ) ਵਿਖੇ ਅੱਸੀ ਹਜਾਰ ਲੋਕਾਂ ਦਾ ਇਕੱਠ ਹੋਇਆ ਸੀ। ਅੱਸੀ ਹਜਾਰ ਲੋਕਾਂ ਦੀ ਭੀੜ ਵਿਚ ਗੁਰਦੇਵ ਨੇ ਆਪਣੀ ਨੰਗੀ ਕ੍ਰਿਪਾਨ ਖੜੀ ਕਰਕੇ ਆਖਿਆ ਸੀ ਕਿ "ਮੈਨੂੰ ਇਕ ਸਿਰ ਦੀ ਲੋੜ ਹੈ।" ਅੱਸੀ ਹਜਾਰ ਦੇ ਇਕੱਠ ਵਿਚੋਂ ਕੇਵਲ ਪੰਜ ਮਰਦ ਬੰਦੇ ਨਿਤਰੇ ਸਨ, ਜਿਨ੍ਹਾਂ ਨੇ ਕਿਹਾ ਸੀ ਕਿ "ਸਾਡੇ ਸਿਰ ਕਟ ਲਉ। ਅਸੀਂ ਤਾਂ ਐ ਗੁਰੂ ਗੋਬਿੰਦ ਸਿੰਘ ਜੀ ਤੇਰੇ ਪਿਛੇ ਤੁਰਨਾ ਹੈ, ਜੇ ਤੈਨੂੰ ਸਾਡੇ ਸਿਰਾਂ ਦੀ ਲੋੜ ਹੈ ਤਾਂ ਹੁਣੇ ਕੱਟ ਲਉ।"

ਸੋ ਇਸ ਧਰਮ ਮਾਰਗ ਤੇ ਚਲਣ ਵਾਲੇ ਬਹੁਤੇ ਨਹੀਂ ਹੁੰਦੇ। ਕਿਉਂਕਿ ਇਹ ਮਾਰਗ ਐਸਾ ਹੈ, ਜਿਹੜਾ ਕਿ ਸਿਰ ਤਲੀ ਤੇ ਧਰ ਕੇ ਤਹਿ ਕਰਨਾ ਪੈਂਦਾ ਹੈ। ਪਰ ਇਸ ਸੰਸਾਰ ਵਿਚ ਪਸ਼ੂ ਪੰਛੀਆਂ ਦੀ ਭੀੜ ਤੁਰੀ ਫਿਰਦੀ ਹੈ। ਇਸ ਭੀੜ ਵਿਚੋਂ ਮਨੁੱਖ ਘਟ ਤੇ ਪਸ਼ੂ ਜ਼ਿਆਦਾ ਮਿਲਦੇ ਹਨ। ਪਸ਼ੂ ਪੰਛੀਆਂ ਵਿਚ ਤਾਂ ਹਾਲੇ ਕੁਝ ਸੰਸਕਾਰ ਮਨੁੱਖ ਵਾਲੇ ਮਿਲ ਜਾਂਦੇ ਹਨ। ਪਰ ਮਨੁੱਖ ਵਿਚ ਮਨੁੱਖ ਘਟ ਤੇ ਪਸ਼ੂਆਂ ਦੇ ਸੰਸਕਾਰ ਜ਼ਿਆਦਾ ਮਿਲਦੇ ਹਨ। ਇਉਂ ਲਗਦਾ ਹੈ ਕਿ ਪਸ਼ੂ ਪੰਛੀ, ਮਨੁੱਖਾ ਜਨਮ ਵਿਚ ਤਬਦੀਲ ਹੋਣ ਵਾਸਤੇ ਉੱਨਤ ਹੋ ਰਹੇ ਹਨ। ਜੇ ਪਸ਼ੂ ਪੰਛੀਆਂ ਵਿਚ ਮਨੁੱਖ ਜਨਮ ਵਿਚ ਤਬਦੀਲ ਹੋ ਜਾਣ ਦੀ ਸੰਭਾਵਨਾ ਹੈ ਤਾਂ ਫਿਰ ਮਨੁੱਖਾ ਜਨਮ ਵੀ ਪਰਮਾਤਮਾ ਵਿਚ ਮਿਲ ਜਾਣ ਦੀ ਸੰਭਾਵਨਾ ਰਖਦਾ ਹੈ। ਪਰ ਅਜ ਮਨੁੱਖ ਮਰ ਜਾਂਦਾ ਹੈ, ਪਰ ਜੋਤੀ ਜੋਤ ਨਹੀਂ ਹੋ ਰਿਹਾ। ਅਜ ਦਾ ਮਨੁੱਖ ਜੰਮਦਾ ਤਾਂ ਮਨੁੱਖ ਵਾਂਗ

ਹੈ, ਪਰ ਮਰ ਪਸ਼ੂਆਂ ਵਾਂਗ ਜਾਂਦਾ ਹੈ। ਅੱਜ ਬਹੁਤ ਘਟ ਮਹਾਂਪੁਰਖ ਹੋਣਗੇ, ਜਿਨ੍ਹਾਂ ਨੂੰ ਅਸੀਂ ਦਾਵ੍ਹੇ ਨਾਲ ਕਹਿ ਸਕੀਏ ਕਿ ਇਹ ਜੋਤੀ ਜੋਤ ਹੋਏ ਹਨ। ਇਹ ਜਿਹੜੇ ਮਹਾਂਪੁਰਖਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਹ ਕੋਈ ਬਹੁਤੇ ਨਹੀਂ ਹਨ। ਕਬੀਰ, ਫਰੀਦ ਰਵਿਦਾਸ, ਸਧਨਾ, ਸੈਣ, ਨਾਮਦੇਵ, ਤ੍ਰਿਲੋਚਨ, ਆਦਿ ਨੂੰ ਤੁਸੀਂ ਆਪਣੀਆਂ ਉਂਗਲਾਂ ਤੇ ਗਿਣ ਲਉਗੇ। ਇਹਨਾਂ ਨੂੰ ਅਸੀਂ ਕਹਿ ਸਕਦੇ ਹਾਂ ਕਿ ਇਹ ਜੋਤੀ ਜੋਤ ਹੋਏ ਹਨ। ਪਰ ਇਸ ਸੰਸਾਰ ਦੀ ਦੁਨੀਆਂ ਜੰਮਦੀ ਹੈ ਤੇ ਮਰ ਜਾਂਦੀ ਹੈ। ਉਸ ਤੋਂ ਜ਼ਿਆਦਾ ਬਦ ਕਿਸਮਤੀ ਇਹ ਹੈ ਕਿ ਬਹੁਤੇ ਲੋਕ ਜੰਮਦੇ ਮਨੁੱਖ ਵਾਂਗ ਹਨ, ਪਰ ਮਰਦੇ ਪਸ਼ੂਆਂ ਵਾਂਗ ਹਨ।

ਮੇਰੇ ਆਪਣੇ ਜੀਵਨ ਦੀ ਇਕ ਘਟਨਾ ਹੈ। ਮੇਰੇ ਵਿਦਿਆ ਗੁਰੂ ਸੰਤਰੇਨ ਗਿਆਨੀ ਹਰਨਾਮ ਸਿੰਘ ਜੀ ਮਹਾਰਾਜ ਆਪਣੇ ਆਸ਼ਰਮ ਵਿਚ, ਬਹੁਤ ਸਾਰੇ ਪਾਲਤੂ ਪਸ਼ੂ ਪੰਛੀ ਬੜੇ ਸ਼ੌਕ ਨਾਲ ਰੱਖਦੇ ਸਨ। ਏਥੋਂ ਤਕ ਕਿ ਬਹੁਤ ਸਾਰੇ ਹਿਰਨ (ਮ੍ਰਿਗ), ਘੋੜੇ, ਤੋਤੇ, ਮੋਰ, ਕਬੂਤਰ, ਗਊਆਂ, ਮੱਝਾਂ ਆਦਿ ਬਹੁਤ ਪਸ਼ੂ ਪੰਛੀ ਡੇਰੇ ਵਿਚ ਰੱਖੇ ਹੋਏ ਸਨ। ਏਥੋਂ ਤਕ ਕਿ ਇਕ ਹਾਥੀ ਵੀ ਬੜਾ ਵਧੀਆ ਰਖਿਆ ਹੁੰਦਾ ਸੀ। ਮੈਂ ਉਸ ਵਕਤ ਅਜੇ ਬੱਚਾ ਸਾਂ। ਮੇਰੀ ਉਮਰ ਹੋਵੇਗੀ ਕੋਈ ਤੇਰਾਂ ਚੌਦਾਂ ਸਾਲ। ਮੈਨੂੰ ਉਹ ਸਾਰੇ ਪਸ਼ੂ ਪੰਛੀਆਂ ਦੀ ਦੇਖ ਰੇਖ ਵੀ ਕਰਨੀ ਪੈਂਦੀ ਸੀ। ਇਸ ਕਰਕੇ ਮੈਂ ਸਾਰੇ ਜਾਨਵਰਾਂ ਤੋਂ ਬੜਾ ਦੁਖੀ ਹੁੰਦਾ ਸਾਂ। ਮੈਂ ਕਈ ਵਾਰ ਸਕੂਲ ਤੋਂ ਪੜ੍ਹ ਕੇ ਆਉਣਾ ਤੇ ਅਗੋਂ ਕੋਈ ਨਾ ਕੋਈ ਪਸ਼ੂ ਪੰਛੀ ਗੁੰਮ ਹੋਇਆ ਹੋਣਾ। ਬਾਬਾ ਜੀ ਨੇ ਮੈਨੂੰ ਆਉਂਦਿਆਂ ਹੀ ਕਿਹਾ ਕਰਨਾ ਕਿ ਜਾ ਦੇਖ ਕੇ ਆ ਮੋਰ ਕਿਹੜੇ ਖੇਤਾਂ ਵੱਲ ਚਲੇ ਗਏ ਹਨ। ਮੈਂ ਬਾਬਾ ਜੀ ਨੂੰ ਅਨਜਾਣ ਪਣੇ ਵਿਚ ਹੀ ਕਹਿ ਦਿਆ ਕਰਨਾ ਕਿ ਕੀ ਤੁਸਾਂ ਸਾਰਾ ਅਸਥਾਨ ਚਿੜੀਆ ਘਰ ਬਣਾ ਛਡਿਆ ਹੋਇਆ ਹੈ? ਮੈਂ ਇਹਨਾਂ ਸਾਰੇ ਪਸ਼ੂ ਪੰਛੀਆਂ ਨੂੰ ਇਕੱਠਾ ਹੀ ਕਰਦਾ ਰਹਿੰਦਾ ਹਾਂ। ਬਾਬਾ ਜੀ ਅਗੋਂ ਕਹਿੰਦੇ ਹੁੰਦੇ ਸਨ, ਤੂੰ ਦੁਖੀ ਨਾ ਹੋ। ਤੂੰ ਅਜੇ ਬੱਚਾ ਹੈਂ, ਏਸ ਵਾਸਤੇ ਤੈਨੂੰ ਪਤਾ ਨਹੀਂ, ਕਿ ਇਹਨਾਂ ਬਹੁਤ ਸਾਰੇ ਪਸ਼ੂ ਪੰਛੀਆਂ ਵਿਚੋਂ ਕਿੰਨੇ ਐਸੇ ਹਨ ਜੋ ਮਨੁੱਖ ਬਣ ਰਹੇ ਹਨ। ਹੋ ਸਕਦਾ ਹੈ, ਇਹਨਾਂ ਦਾ ਅਗਲਾ ਜਨਮ ਮਨੁੱਖਾ ਜਨਮ ਹੋਵੇ। ਇਹ ਜੋ ਦੁਨੀਆਂ ਵਿਚ ਮਨੁੱਖ ਦੀ ਬੜੀ ਭੀੜ ਹੈ। ਇਹਨਾਂ ਵਿਚੋਂ ਬਹੁਤ ਸਾਰੇ ਐਸੇ ਹਨ, ਜੋ ਦੋ ਲੱਤਾਂ ਵਾਲੇ ਪਸ਼ੂ ਜਾਂ ਬਿਨਾਂ ਖੰਭਾਂ ਤੋਂ ਪੰਛੀ ਹਨ। ਹੋ ਸਕਦਾ ਹੈ ਇਹ ਦੋ ਲੱਤਾਂ ਵਾਲੇ ਮਨੁੱਖਾਂ ਵਿਚੋਂ ਬਹੁਤੇ ਅਗਲੇ ਜਨਮ ਵਿਚ ਚਾਰ ਲੱਤਾਂ ਵਾਲੇ ਪਸ਼ੂ ਪੰਛੀ ਬਣ ਜਾਣ। ਕਿਉਂਕਿ ਅੱਜ ਦਾ ਮਨੁੱਖ ਬਹੁਤੇ ਪਸ਼ੂਆਂ ਵਾਲੇ ਕਰਮ ਕਰ ਰਿਹਾ ਹੈ, ਇਸ ਵਾਸਤੇ ਹੋ ਸਕਦਾ ਹੈ ਕਿ ਇਹ ਏਨਾ ਪਛੜ ਜਾਵੇ ਕਿ ਬਹੁਤੇ ਅਗਲੇ ਜਨਮ ਵਿਚ ਪਸ਼ੂ ਬਣ ਜਾਣ। ਹਕੀਕਤ ਤਾਂ ਏਹੀ ਲਗਦੀ ਹੈ, ਕਿ ਜੋ ਪਛੜੇ ਕੰਮ ਕਰਦਾ ਹੈ, ਉਹ ਪਸ਼ੂ ਹੀ ਹੋਵੇਗਾ। ਜੇ ਮਨੁੱਖ ਹੋ ਕੇ ਵੀ ਮਨੁੱਖ ਵਿਚ ਮਨੁੱਖਤਾ ਵਾਲੇ ਗੁਣ ਨਾ ਹੋਣ ਤਾਂ

ਕਹਿਣਾ ਪਵੇਗਾ ਕਿ ਦੋ ਲੱਤਾਂ ਵਾਲਾ ਪਸ਼ੂ ਹੈ। ਵੈਸੇ ਤਾਂ ਮਨੁੱਖ ਵਿਚ ਏਨੇ ਦੈਵੀ ਗੁਣ ਹੋਣੇ ਚਾਹੀਦੇ ਹਨ ਕਿ ਕਹਿਣਾ ਪਏ ਕਿ ਇਹ ਮਨੁੱਖ ਅਗਲੇ ਜਨਮ ਤਕ ਰੱਬ ਨਾਲ ਅਭੇਦ ਹੋ ਜਾਏਗਾ। ਪਰ ਜੇ ਮਨੁੱਖ ਵਿਚ ਮਨੁੱਖ ਵਰਗੇ ਵੀ ਗੁਣ ਨਾ ਹੋਣ ਤਾਂ ਕਹਿਣਾ ਪਏਗਾ ਕਿ ਇਸ ਦੀ ਦੁਬਾਰਾ ਪਸ਼ੂ ਯਾਤਰਾ ਸ਼ੁਰੂ ਹੋਣ ਵਾਲੀ ਹੈ।

ਮਹਾਨ ਸਿਕੰਦਰ ਦੇ ਜੀਵਨ ਦੀ ਇਕ ਘਟਨਾ ਹੈ। ਭਾਰਤ ਵਿਚੋਂ ਸਿਕੰਦਰ ਲੁੱਟ ਮਾਰ ਕਰਕੇ ਵਾਪਿਸ ਯੂਨਾਨ ਨੂੰ ਪਰਤ ਰਿਹਾ ਸੀ। ਬੜਾ ਵੱਡਾ ਕਾਫਲਾ, ਹਾਥੀ, ਘੋੜੇ, ਊਠ, ਰਥ ਆਦਿ ਸਭ ਸੋਨੇ ਹੀਰੇ ਜਵਾਹਰਾਤਾਂ ਨਾਲ ਲੱਦੇ ਹੋਏ ਜਾ ਰਿਹਾ ਸੀ। ਰਸਤੇ ਵਿਚ ਇਕ ਮਹਾਤਮਾ ਮਿਲਿਆ, ਤੇ ਉਸ ਨੇ ਸਿਕੰਦਰ ਦੇ ਇਕ ਸਿਪਾਹੀ ਨੂੰ ਪੁਛਿਆ ਕਿ "ਤੁਸੀਂ ਏਹਨਾਂ ਹਾਥੀ, ਘੋੜਿਆਂ, ਊਠਾਂ ਆਦਿ ਤੇ ਕੀ ਲਦਿਆ ਹੋਇਆ ਹੈ?" ਉਸ ਸਿਪਾਹੀ ਨੇ ਕਿਹਾ ਕਿ "ਸਿਕੰਦਰ ਨੇ ਸਾਰਾ ਭਾਰਤ ਲੁੱਟ ਕੇ ਹੀਰੇ, ਮੋਤੀ, ਸੋਨਾ ਲਦਿਆ ਹੋਇਆ ਹੈ ਅਤੇ ਵਾਪਿਸ ਪਰਤ ਰਿਹਾ ਹੈ।" ਉਸ ਮਹਾਤਮਾ ਨੇ ਉਸ ਸਿਪਾਹੀ ਨੂੰ ਕਿਹਾ ਕਿ "ਮੇਰੇ ਕੋਲ ਇਕ ਬੜੀ ਕੀਮਤੀ ਚੀਜ ਹੈ। ਉਹ ਤਾਂ ਸਿਕੰਦਰ ਨੂੰ ਕਿਸੇ ਪਾਸੋਂ ਲੁਟਿਆਂ ਵੀ ਨਹੀਂ ਮਿਲਣੀ। ਜੇ ਤੂੰ ਮੈਨੂੰ ਸਿਕੰਦਰ ਨਾਲ ਮਿਲਾ ਦੇਵੇਂ ਤਾਂ ਇਹ ਬਹੁਤ ਕੀਮਤੀ ਵਸਤੂ ਸਿਕੰਦਰ ਨੂੰ ਗਿਫਟ (ਭੇਟ) ਕਰ ਦਿਆਂਗਾ।" ਉਸ ਸਿਪਾਹੀ ਨੇ ਸਿਕੰਦਰ ਨੂੰ ਜਾ ਕੇ ਦਸਿਆ ਕਿ "ਇਕ ਮਹਾਤਮਾ ਹੈ ਤੇ ਉਹ ਕੋਈ ਕੀਮਤੀ ਵਸਤੂ ਆਪ ਨੂੰ ਭੇਟਾ (ਗਿਫਟ) ਕਰਨੀ ਚਾਹੁੰਦਾ ਹੈ।" ਸਿਕੰਦਰ ਨੇ ਕਿਹਾ "ਉਸ ਨੂੰ ਲੈ ਆਵੋ।" ਉਸ ਮਹਾਤਮਾ ਨੇ ਸਿਕੰਦਰ ਦੇ ਕੋਲ ਜਾ ਕੇ ਇਕ ਚਾਰ ਕੋਨਾਂ ਸ਼ੀਸ਼ਾ ਸਿਕੰਦਰ ਦੇ ਅਗੇ ਰਖਿਆ। ਸਿਕੰਦਰ ਨੇ ਪੁਛਿਆ "ਮਹਾਤਮਾ ਜੀ! ਇਹ ਕੀ ਹੈ?" ਤਾਂ ਉਸ ਮਹਾਤਮਾ ਨੇ ਕਿਹਾ ਕਿ "ਇਹ ਮੂੰਹ ਦੇਖਣ ਵਾਲਾ ਸ਼ੀਸ਼ਾ ਹੈ।" ਸਿਕੰਦਰ, ਸ਼ੀਸ਼ਾ ਦੇਖ ਕੇ ਬੜਾ ਤਮਸ਼ਖਰਾਨਾ ਲਹਿਜੇ ਨਾਲ ਹਸਿਆ ਤੇ ਕਹਿਣ ਲਗਾ "ਮਹਾਤਮਾ ਜੀ! ਇਹ ਸ਼ੀਸ਼ਾ ਮੇਰੇ ਕਿਸ ਕੰਮ ਆਏਗਾ? ਮੇਰੇ ਕੋਲ ਤਾਂ ਯੂਨਾਨ ਵਿਚੋਂ ਏਸ ਤਰ੍ਹਾਂ ਦੇ ਅਨੋਖੇ ਤੇ ਅਜੀਬੋ ਗਰੀਬ ਸ਼ੀਸ਼ੇ ਹਨ ਕਿ ਤੁਸੀਂ ਏਸ ਤਰ੍ਹਾਂ ਦੇ ਸ਼ੀਸ਼ੇ ਕਦੇ ਸੁਣੇ ਵੀ ਨਹੀਂ ਹੋਣਗੇ। ਤੁਸੀਂ ਇਹ ਸ਼ੀਸ਼ਾ ਵਾਪਿਸ ਰੱਖ ਲਉ, ਮੇਰੇ ਕੋਲ ਯੂਨਾਨ ਵਿਚ ਸ਼ੀਸ਼ਿਆਂ ਦੀ ਕਮੀ ਨਹੀਂ ਹੈ। ਇਹ ਸ਼ੀਸ਼ਾ ਮੇਰੇ ਕੋਲ ਕੋਈ ਅਰਥ ਨਹੀਂ ਰੱਖਦਾ।" ਉਹ ਮਹਾਤਮਾ ਕਹਿਣ ਲਗਾ, "ਸਿਕੰਦਰ! ਇਹ ਸ਼ੀਸ਼ਾ ਜੋ ਮੈਂ ਤੈਨੂੰ ਦੇ ਰਿਹਾ ਹਾਂ, ਇਹ ਆਮ ਸ਼ੀਸ਼ਾ ਨਹੀਂ ਹੈ, ਖਾਸ ਹੈ।" ਸਿਕੰਦਰ ਪੁਛਣ ਲਗਾ ਕਿ "ਇਸ ਸ਼ੀਸ਼ੇ ਦੀ ਖਾਸੀਅਤ ਕੀ ਹੈ?" ਤਾਂ ਉਸ ਮਹਾਤਮਾ ਨੇ ਕਿਹਾ ਕਿ "ਸਿਕੰਦਰ! ਇਸ ਸ਼ੀਸ਼ੇ ਦੀ ਖਾਸੀਅਤ ਇਹ ਹੈ ਕਿ ਇਸ ਦੁਆਰਾ ਤੇਰੀ ਅਸਲੀ ਸ਼ਕਲ ਦਿਸੇਗੀ।" ਸਿਕੰਦਰ ਕੁਝ ਗੁੱਸੇ ਨਾਲ ਪੁਛਣ ਲਗਾ ਕੀ "ਮੇਰੀਆਂ ਕੋਈ ਨਕਲੀ ਸ਼ਕਲਾਂ ਵੀ ਹਨ?" ਤਾਂ ਉਸ ਮਹਾਤਮਾ ਨੇ ਕਿਹਾ ਹਾਂ, ਜੇ ਇਸ ਸ਼ੀਸ਼ੇ ਵਿਚ ਦੇਖੇਂ ਤਾਂ ਤੈਨੂੰ ਕੁਝ ਨਕਲੀ ਸ਼ਕਲਾਂ ਵੀ ਦਿਸਣਗੀਆਂ। ਜੇ

ਤੂੰ ਇਸ ਸ਼ੀਸ਼ੇ ਵਿਚ ਦੇਖੇਂ ਤਾਂ ਤੈਨੂੰ ਨਕਲੀ ਤੇ ਅਸਲੀ ਦਾ ਪਤਾ ਲਗ ਸਕਦਾ ਹੈ। ਸਿਕੰਦਰ ਨੇ ਉਹ ਸ਼ੀਸ਼ਾ ਚੁਕਿਆ ਤੇ ਆਪਣਾ ਮੂੰਹ ਦੇਖਣ ਲਗਾ। ਸਿਕੰਦਰ, ਉਸ ਸ਼ੀਸ਼ੇ ਵਿਚ ਆਪਣੀ ਸ਼ਕਲ ਦੇਖ ਕੇ ਦੰਗ ਰਹਿ ਗਿਆ। ਉਹ ਸ਼ੀਸ਼ਾ ਏਸ ਢੰਗ ਦਾ ਬਣਿਆ ਹੋਇਆ ਸੀ ਕਿ ਉਸ ਵਿਚ ਆਦਮੀ ਦੇ ਵਖਰੇ ਵਖਰੇ ਕੋਨਿਆਂ ਤੋਂ ਚਾਰ ਪ੍ਰਤੀਬਿੰਬ (ਚੇਹਰੇ) ਦਿਸਦੇ ਸਨ। ਸਿਕੰਦਰ ਨੇ ਉਸ ਸ਼ੀਸ਼ੇ ਦੇ ਇਕ ਕੋਨੇ ਵਿਚ ਦੇਖਿਆ ਤਾਂ ਉਸ ਨੂੰ ਅਪਣਾ ਚੇਹਰਾ ਇਸ ਤਰ੍ਹਾਂ ਦਾ ਵਿਗੜਿਆਂ ਹੋਇਆ ਨਜ਼ਰ ਪਿਆ, ਮਾਨੋ ਕੋਈ ਦੈਂਤ ਹੈ। ਸਿਕੰਦਰ ਗੁੱਸੇ ਨਾਲ ਕਹਿੰਦਾ ਹੈ ਕਿ "ਇਹ ਕੀ ਬਕਵਾਸ ਹੈ?" ਉਸ ਮਹਾਤਮਾ ਨੇ ਕਿਹਾ "ਦੂਜੇ ਕੋਨੇ ਵਿਚ ਦੇਖੋ?" ਦੂਜੇ ਕੋਨੇ ਵਿਚ ਦੇਖਿਆ ਤਾਂ ਸਿਕੰਦਰ ਨੂੰ ਆਪਣਾ ਚਿਹਰਾ ਇਸ ਤਰ੍ਹਾਂ ਦਿਸਿਆ ਜਿਵੇਂ ਕੋਈ ਪਸ਼ੂ ਹੁੰਦਾ ਹੈ। ਫਿਰ ਸਿਕੰਦਰ ਨੇ ਤੀਜੇ ਕੋਨੇ ਵਿਚ ਦੇਖਿਆ। ਤੀਜੇ ਕੋਨੇ ਵਿਚ ਸਿਕੰਦਰ ਬਿਲਕੁਲ ਪਾਗਲ ਲਗਦਾ ਸੀ। ਚੌਥੇ ਕੋਨੇ ਵਿਚ ਸਿਕੰਦਰ ਨੂੰ ਠੀਕ ਆਪਣੀ ਸ਼ਕਲ ਆਪਣੇ ਵਰਗੀ ਹੀ ਦਿਸੀ। ਸਿਕੰਦਰ ਉਸ ਮਹਾਤਮਾ ਨੂੰ ਕਹਿਣ ਲਗਾ ਕਿ "ਮਹਾਤਮਾ ਜੀ! ਇਹ ਜੋ ਚੌਥੀ ਸ਼ਕਲ ਹੈ, ਇਹ ਮੇਰੀ ਅਸਲੀ ਸ਼ਕਲ ਹੈ।" ਦਰਅਸਲ ਉਹ ਸ਼ੀਸ਼ਾ ਤਾਂ ਇਕ ਵਿਧੀ ਸੀ, ਜੋ ਉਸ ਮਹਾਤਮਾ ਨੇ ਸਿਕੰਦਰ ਨੂੰ ਸੱਚ ਦਰਸਾਉਣ ਲਈ ਇਜਾਦ ਕੀਤੀ ਸੀ।

ਉਸ ਮਹਾਤਮਾ ਨੇ ਸਿਕੰਦਰ ਨੂੰ ਕਿਹਾ, "ਸਿਕੰਦਰ! ਇਸ ਸ਼ੀਸ਼ੇ ਵਿਚ ਤੂੰ ਜਿੰਨੀਆ ਸ਼ਕਲਾਂ ਦੇਖੀਆਂ ਹਨ, ਉਹ ਸਭ ਤੇਰੀਆਂ ਹੀ ਸ਼ਕਲਾਂ ਹਨ। ਤੂੰ ਹੀ ਦੈਂਤ ਹੈਂ। ਤੂੰ ਹੀ ਪਸ਼ੂ ਹੈਂ। ਤੂੰ ਹੀ ਪਾਗਲ ਹੈਂ ਅਤੇ ਤੂੰ ਹੀ ਇਨਸਾਨ ਹੈਂ। ਤੇਰੇ ਅੰਦਰ ਹੀ ਖਤਰਨਾਕ ਦੈਂਤ ਬੈਠਾ ਹੈ। ਤੇਰੇ ਅੰਦਰ ਹੀ ਪਸ਼ੂ ਬੈਠੇ ਹਨ ਤੇ ਤੂੰ ਹੀ ਪਾਗਲਾਂ ਵਾਲੀਆਂ ਹਰਕਤਾਂ ਕਰਦਾ ਹੈਂ। ਤੈਨੂੰ ਹੀ ਇਨਸਾਨ ਬਣਨਾ ਪੈਣਾ ਹੈ। ਪਰ ਜੋ ਇਨਸਾਨ ਹੈ, ਉਸ ਦੀ ਸ਼ਕਲ ਤਾਂ ਏਹਨਾਂ ਹੈਵਾਨਾਂ ਸ਼ੈਤਾਨਾਂ ਅਤੇ ਪਾਗਲਾਂ ਦੀਆਂ ਸ਼ਕਲਾਂ ਦੇ ਹੇਠਾਂ ਦੱਬੀ ਹੋਈ ਹੈ। ਇਹਨਾਂ ਸਿਕੰਦਰਾਂ ਵਿਚ, ਬਹੁਤੇ ਤਾਂ ਸ਼ੈਤਾਨ ਤੇ ਹੈਵਾਨ ਹੀ ਕੰਮ ਕਰਦੇ ਹਨ।

ਹੈਵਾਨ (ਪਸ਼ੂ) ਕੀ ਹੈ? ਜਦੋਂ ਅਮੋੜ ਹੋ ਜਾਏ ਤਾਂ ਉਹ ਜਬਰੀ ਲੋਕਾਂ ਦੇ ਖੇਤ ਉਜਾੜਦਾ ਹੈ ਅਤੇ ਦੂਜਿਆਂ ਨੂੰ ਮਾਰਦਾ ਹੈ। ਫਿਰ ਵੀਹ ਵੀਹ ਆਦਮੀ ਇਕੱਠੇ ਹੋ ਹੋ ਕੇ ਉਸ ਪਸ਼ੂ ਨੂੰ ਪਕੜਦੇ ਹਨ ਅਤੇ ਦੋ ਦੋ ਨੱਥਾਂ ਪਾ ਕੇ ਬੰਨ੍ਹਦੇ ਹਨ। ਭਗਤ ਕਬੀਰ ਸਾਹਿਬ ਕਹਿੰਦੇ ਹਨ ਕਿ ਜੇ ਇਕ ਆਦਮੀ ਨੂੰ ਵੀ ਵੀਹ ਵੀਹ ਆਦਮੀ ਇਕੱਠੇ ਹੋ ਕੇ ਸਮਝਾਉਣ ਕਿ ਤੂੰ ਏਦਾਂ ਨਾ ਕਰ। ਏਦਾਂ ਦੂਜਿਆਂ ਦਾ ਨੁਕਸਾਨ ਹੁੰਦਾ ਹੈ। ਦੂਜਿਆਂ ਦੀ ਇੱਜਤ ਖਰਾਬ ਹੁੰਦੀ ਹੈ। ਪਰ ਫਿਰ ਵੀ ਇਕ ਆਦਮੀ ਨਾ ਸਮਝੇ ਤੇ ਪੁਲੀਸ ਵਾਲੇ ਉਸ ਨੂੰ ਹੱਥ ਕੜੀਆਂ ਤੇ ਬੇੜੀਆਂ ਪਾ ਪਾ ਕੇ ਬੰਨ੍ਹ ਕੇ ਰਖਣ ਤਾਂ ਉਹ ਹੈਵਾਨ (ਪਸ਼ੂ) ਨਾ ਹੋਇਆ ਤਾਂ ਕੀ ਹੈ? ਕਬੀਰ ਸਾਹਿਬ ਦਾ ਕਥਨ ਹੈ ਕਿ:

ਮਾਤਾ ਭੈਸਾ ਅੰਮੁਹਾ ਜਾਇ॥

ਕੁਦਿ ਕੁਦਿ ਚਰੈ ਰਸਾਤਲਿ ਪਾਇ॥ *(ਗਉੜੀ ਕਬੀਰ ਜੀ, ਪੰਨਾ ੩੨੬)*

ਪਸ਼ੂ ਬਿਰਤੀਆਂ ਦੇ ਨਾਲ ਨਾਲ ਦੈਂਤ (ਸ਼ੈਤਾਨ) ਬਿਰਤੀਆਂ ਕੰਮ ਕਰਦੀਆਂ ਹਨ। ਦੈਂਤਾਂ ਕੋਲੋਂ ਬੜਾ ਭਿਆਨਕ ਡਰ ਲਗਦਾ ਹੈ। ਜੇ ਅੱਜ ਦੇ ਸਿਕੰਦਰ ਹੀ ਭਿਆਨਕ ਰੂਪ ਧਾਰਨ ਕਰ ਲੈਣ ਤਾਂ ਕਹਿਣਾ ਪਏਗਾ ਕਿ ਆਦਮੀ ਦੇ ਰੂਪ ਵਿਚ ਦੈਂਤਾਂ ਦਾ ਜਨਮ ਹੋ ਗਿਆ ਹੈ।

ਅੱਜ ਦੇ ਸਿਕੰਦਰ ਬੜੇ ਪਾਗਲ ਹਨ। ਪਾਗਲ ਤਾਂ ਉਹ ਹੁੰਦਾ ਹੈ, ਜਿਸ ਦਾ ਦਿਮਾਗ ਕੰਮ ਨਾ ਕਰੇ, ਤੇ ਉਹ ਪਾਗਲ ਖਾਨਿਆਂ ਵਿਚ ਬੰਦ ਮਿਲਦੇ ਹਨ। ਪਰ ਇਸ ਦੁਨੀਆਂ ਦੇ ਜਿਹੜੇ ਪਾਗਲ ਸਿਕੰਦਰ ਹਨ, ਉਹ ਬੜੇ ਚਲਾਕ ਕਿਸਮ ਦੇ ਪਾਗਲ ਹਨ। ਉਹਨਾਂ ਨੂੰ ਦੇਖ ਕੇ ਕੋਈ ਪਾਗਲ ਨਹੀਂ ਕਹਿ ਸਕਦਾ। ਉਹ ਬੜੇ ਸੂਝਵਾਨ ਲਗਦੇ ਹਨ। ਉਹਨਾਂ ਦੇ ਪਾਗਲਪਨ ਦਾ ਕੇਵਲ ਉਸ ਵਕਤ ਪਤਾ ਲਗਦਾ ਹੈ, ਜਦੋਂ ਉਹਨਾਂ ਨੂੰ ਦੌਰਾ ਪੈਂਦਾ ਹੈ।

ਦਰਅਸਲ ਮੈਂ ਜੋ ਭਾਵ ਨੂੰ ਪ੍ਰਗਟ ਕਰਨ ਦਾ ਯਤਨ ਕਰ ਰਿਹਾ ਹਾਂ, ਉਹ ਇਹ ਹੈ ਕਿ ਅੱਜ ਦਾ ਆਦਮੀ ਸ਼ਕਲ ਕਰਕੇ, ਮਨੁੱਖ ਹੈ, ਪਰ ਅੰਤਸ਼ਕਰਨ ਵਿਚ ਉਸ ਦੇ ਪਸ਼ੂਆਂ, ਹੈਵਾਨਾਂ ਤੇ ਸ਼ੈਤਾਨਾਂ ਦਾ ਇਕੱਠ ਹੈ। ਅਸਲੀ ਮਨੁੱਖ ਬਹੁਤ ਥਲੇ ਦਬਿਆ ਹੈ ਅਤੇ ਪਸ਼ੂ ਪੰਛੀਆਂ ਦੀਆਂ ਬਿਰਤੀਆਂ ਜ਼ਿਆਦਾ ਪ੍ਰਧਾਨ ਹਨ। ਦਰਅਸਲ ਆਦਮੀ ਦੇ ਸਰੀਰ ਵਿਚ ਜੋ ਮਨ ਕੰਮ ਕਰਦਾ ਹੈ, ਇਹ ਕਈ ਜਨਮਾਂ ਤੋਂ ਪਸ਼ੂ, ਪੰਛੀ, ਦੈਂਤ ਤੇ ਹੋਰ ਭਿਆਨਕ ਜਨਮਾਂ ਵਿਚ ਯਾਤਰਾ ਕਰਦਾ ਆਇਆ ਹੈ। ਇਹ ਤਾਂ ਹੁਣ ਗੁਰੂ ਦੀ ਕ੍ਰਿਪਾ ਸਦਕਾ ਮਨੁੱਖ ਜਨਮ ਵਿਚ ਹੈ।

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥

(ਪੰਨਾ ੪੬੫)

ਮਨੁੱਖਾ ਸਰੀਰ ਵਿਚ ਜੋ ਮਨ ਕੰਮ ਕਰਦਾ ਹੈ, ਇਹ ਕਈ ਜਨਮਾਂ ਦੀ ਮੈਲ ਹੈ। ਇਸ ਮੈਲ ਵਿਚ ਪਸ਼ੂ, ਪੰਛੀ, ਦੈਂਤ, ਸੱਪ, ਕੀੜੇ, ਮਕੌੜੇ ਕਈ ਜੂਨੀਆਂ ਦੇ ਸੁਭਾਅ ਸ਼ਾਮਿਲ ਹਨ। ਸਾਰੀ ਮੈਲ ਗੰਦੇ ਸੰਸਕਾਰਾਂ ਦੇ ਰੂਪ ਵਿਚ ਬੰਦੇ ਦੇ ਅੰਦਰ ਕੰਮ ਕਰਦੀ ਹੈ। ਇਸ ਕਰਕੇ ਜਿੰਨੇ ਪ੍ਰਕਾਰ ਦੀਆਂ ਜੂਨਾਂ ਵਿਚ ਇਸ ਮਨ ਨੇ ਯਾਤਰਾ ਕੀਤੀ ਹੈ। ਉਨੀ ਪ੍ਰਕਾਰ ਦੀ ਹੀ ਮੈਲ ਨਾਲ ਆਈ ਹੈ। ਦਰਅਸਲ ਬੰਦੇ ਦਾ ਮਨ, ਪੁਰਾਣੇ ਜਨਮਾਂ ਦੇ ਸੰਸਕਾਰਾਂ ਦੀ ਗੱਠੜੀ ਹੈ। ਹਰੇਕ ਸਰੀਰ ਦਾ ਸੁਭਾਅ ਅਲੱਗ-ਅਲੱਗ ਹੈ। ਮਨੋ ਵਿਗਿਆਨੀਆਂ ਦਾ ਕਹਿਣਾ ਹੈ ਕਿ ਮਨੁੱਖ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ, ਉਸ ਤਰ੍ਹਾਂ ਦੀ ਆਦਤ ਬਣਦੀ ਹੈ। ਆਦਤ ਪੱਕ ਜਾਏ ਤਾਂ ਫਿਰ ਸੁਭਾਅ ਬਣਦਾ ਹੈ। ਸੁਭਾਅ ਪੱਕ ਜਾਏ ਤਾਂ ਫਿਰ ਸੰਸਕਾਰ ਬਣਦਾ ਹੈ। ਸੰਸਕਾਰ ਪੱਕ ਜਾਣ ਤਾਂ ਉਹ ਜਨਮ ਦਰ ਜਨਮ ਪਿੱਛਾ ਨਹੀਂ ਛੱਡਦੇ। ਇਕ ਜਨਮ ਤੋਂ ਦੂਜੇ ਤਕ ਚਲੇ

ਜਾਂਦੇ ਹਨ। ਜੀਵਨ ਇਕ ਲੰਬੀ ਯਾਤਰਾ ਹੈ, ਜਿੰਨੀਆਂ ਜੂਨੀਆਂ ਵਿਚੋਂ ਜੀਵਨ ਗੁਜਰਿਆ ਹੈ, ਉਨੀਆਂ ਜੂਨੀਆਂ ਦੇ ਸੁਭਾਅ (ਸੰਸਕਾਰ) ਨਾਲ ਲੈ ਆਇਆ ਹੈ।

ਸਿਆਣੇ ਮਾਂ-ਬਾਪ ਆਪਣੇ ਬੱਚਿਆਂ ਨੂੰ ਫਿੱਕਾ ਤੇ ਗੰਦਾ ਬੋਲਣ ਤੋਂ ਵਿਵਰਜਿਤ ਕਰਦੇ ਹਨ। ਜਦੋਂ ਹੀ ਬੱਚਾ ਝੂਠ ਬੋਲਦਾ ਹੈ ਤਾਂ ਸਿਆਣੀਆਂ ਮਾਵਾਂ ਕਹਿੰਦੀਆਂ ਹਨ ਕਿ ਬੇਟਾ ਝੂਠ ਨਹੀਂ ਬੋਲੀਦਾ। ਕਿਉਂਕਿ ਝੂਠ ਬੋਲਣ ਨਾਲ ਸਿਰ ਤੇ ਭਾਰ ਚੜ੍ਹਦਾ ਹੈ ਅਤੇ ਪਾਪ ਲਗਦਾ ਹੈ। ਹੁਣ ਬੱਚੇ ਨੂੰ ਪਤਾ ਵੀ ਨਹੀਂ ਕਿ ਪਾਪ ਕੀ ਹੈ? ਅਤੇ ਪਾਪਾਂ ਦਾ ਭਾਰ ਕਿੰਨਾ ਕੂ ਹੈ? ਪਰ ਮਾਂ ਕਹਿੰਦੀ ਹੈ ਕਿ ਜੇ ਤੂੰ ਕਿਸੇ ਨਾਲ ਕੌੜਾ ਫਿੱਕਾ, ਗਾਲੀ ਗਲੋਚ, ਤੇ ਝੂਠ ਬੋਲੇਂਗਾ ਤਾਂ ਤੇਰੇ ਸਿਰ ਤੇ ਪਾਪ ਦਾ ਭਾਰ ਚੜ੍ਹੇਗਾ। ਦਰਅਸਲ ਉਹ ਪਾਪ ਦਾ ਭਾਰ ਸੰਸਕਾਰ ਹੀ ਹਨ। ਕਿਉਂਕਿ ਇਕ ਵਾਰ ਝੂਠ ਬੋਲਿਆ ਜਾਂ ਗੰਦ ਮੰਦ ਬੋਲਿਆ ਹੋਇਆ ਇਹ ਆਦਤ ਨਹੀਂ। ਮਾਂ ਬਾਪ ਏਸ ਆਦਤ ਨੂੰ ਪਕਣ ਵੀ ਨਹੀਂ ਦੇਣਾ ਚਾਹੁੰਦੇ। ਉਹਨਾਂ ਨੂੰ ਪਤਾ ਹੈ ਕਿ, ਇਕ ਵਾਰ ਝੂਠ ਬੋਲਿਆ ਝੂਠ ਨਹੀਂ। ਪੰਜ ਸੱਤ ਵਾਰ ਝੂਠ ਬੋਲਿਆ ਤਾਂ ਫਿਰ ਝੂਠ ਬੋਲਣ ਦੀ ਆਦਤ ਹੋ ਜਾਏਗੀ। ਆਦਤ ਝੂਠ ਬੋਲਣ ਦੀ ਮੈਲ ਹੈ ਜੋ ਜੁਬਾਨ ਦੇ ਤਲ ਤੇ ਲਗੀ ਹੈ। ਇਸ ਤਰ੍ਹਾਂ ਦੀ ਆਦਤ ਵਾਲੇ ਨੂੰ ਲੋਕ ਕਹਿੰਦੇ ਹਨ ਕਿ ਇਸ ਦੀ ਜੁਬਾਨ ਗੰਦੀ ਹੈ। ਜੇ ਜੁਬਾਨ ਸਾਫ ਨਾ ਕੀਤੀ ਤਾਂ ਇਹ ਮੈਲ ਜੁਬਾਨ ਨੇ ਆਪਣੇ ਕੋਲ ਨਹੀਂ ਰਖਣੀ। ਫਿਰ ਜਿਵੇਂ ਭੋਜਨ ਦਾ ਰਸ ਮੂੰਹ ਵਿਚ ਆਉਂਦਾ ਹੈ, ਪਰ ਉਸ ਭੋਜਨ ਤੋਂ ਜੋ ਖੂਨ ਬਣਦਾ ਹੈ, ਉਹ ਮਿਹਦੇ ਵਿਚ ਜਾ ਕੇ ਬਣਦਾ ਹੈ। ਇਹ ਆਦਤ ਤਾਂ ਜੁਬਾਨ ਦੀ ਮੈਲ ਹੈ ਪਰ ਜਦੋਂ ਇਹ ਆਦਤ ਜਦ ਮਨ ਤਕ ਚਲੀ ਜਾਂਦੀ ਹੈ ਤਾਂ, ਉਹ ਸੁਭਾਅ ਬਣ ਜਾਂਦੀ ਹੈ। ਜੇ ਸਾਰੀ ਜ਼ਿੰਦਗੀ ਸੁਭਾਅ ਨੂੰ ਨਾ ਬਦਲਿਆ ਜਾਵੇ ਤਾਂ ਮਨ ਪੂਰੀ ਤਰ੍ਹਾਂ ਫਿੱਕਾ ਤੇ ਮੈਲਾ ਹੋ ਜਾਂਦਾ ਹੈ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥

ਜਦੋਂ ਇਹ ਸੁਭਾਅ ਦੀ ਮੈਲ ਮਨ ਦੇ ਤਲ ਤੇ ਪੂਰੀ ਤਰ੍ਹਾਂ ਪੱਕ ਜਾਏ ਤਾਂ, ਤਨ ਦੁਆਰਾ ਹਮੇਸ਼ਾ ਮੈਲੇ ਕਰਮ ਹੀ ਹੁੰਦੇ ਹਨ। ਕਿਉਂਕਿ ਮਨ ਮੈਲਾ ਹੈ ਤੇ ਮਨ ਨੇ ਹੀ ਤਨ ਤੋਂ ਕਰਮ ਕਰਵਾਉਣੇ ਹਨ। ਮੈਲੇ ਮਨ ਵਾਲੇ ਤਨ ਦੁਆਰਾ ਕੀਤੇ ਹੋਏ ਕਰਮ ਚੰਗੇ ਨਹੀਂ ਹੁੰਦੇ। ਜਦੋਂ ਇਹ ਸਾਰੀ ਉਮਰ ਦਾ ਸੁਭਾਅ ਮਨ ਵਿਚ ਪੂਰੀ ਤਰ੍ਹਾਂ ਨਾਲ ਪੱਕ ਜਾਂਦਾ ਹੈ ਤਾਂ ਉਹ ਸੰਸਕਾਰ ਬਣ ਜਾਂਦਾ ਹੈ, ਜੋ ਸਰੀਰ ਦੇ ਮਰ ਜਾਣ ਨਾਲ ਵੀ ਨਹੀਂ ਛੁੱਟਦਾ। ਪਿਛਲੇ ਸਰੀਰਾਂ ਦੇ ਸੰਸਕਾਰ ਅਗਲੇ ਜਨਮਾਂ ਵਿਚ ਚਲੇ ਜਾਂਦੇ ਹਨ। ਬਚਪਨ ਦੀ ਆਦਤ ਜੁਆਨੀ ਵਿਚ ਅਤੇ ਜੁਆਨੀ ਤੇ ਬਚਪਨ ਦੇ ਸੁਭਾਅ ਬੁਢੇਪੇ ਵਿਚ ਚਲੇ ਜਾਂਦੇ ਹਨ। ਸੁਭਾਅ ਚੰਗਾ ਹੋਵੇ ਜਾਂ ਮੰਦਾ, ਉਸ ਤੋਂ ਹੀ ਅਗਲੇ ਜਨਮ ਲਈ ਚੰਗੇ ਜਾਂ ਮੰਦੇ ਸੰਸਕਾਰ ਬਣਦੇ ਹਨ। ਇਸ ਵਾਸਤੇ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਪਹਿਲਾਂ ਬੋਲਣ ਤੋਂ ਸਾਵਧਾਨ ਕੀਤਾ ਹੈ, ਕਿਉਂਕਿ ਜੁਬਾਨ ਨਾਲ

ਬੋਲਿਆ ਹੋਇਆ ਫਿੱਕਾ ਬੋਲ, ਤਨ ਤੇ ਮਨ ਦੇ ਸੁਭਾਅ ਨੂੰ ਫਿਕਿਆਂ ਕਰਦਾ ਹੈ। ਫਿਰ ਲੋਕਾਂ ਵਿਚ ਨਿੰਦਾ ਹੋਣ ਨਾਲ ਲੋਕ ਵਿਗੜਦਾ ਹੈ ਅਤੇ ਪ੍ਰਲੋਕ ਵਿਚ ਵੀ ਢੋਈ ਨਹੀਂ ਮਿਲਦੀ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ (ਪੰਨਾ ੪੭੩)

ਸੋ ਮਨੁੱਖ ਦਾ ਮਨ ਬੜੇ ਜਨਮਾਂ ਜਨਮਾਤਰਾਂ ਦੇ ਸਫਰ ਦੀ ਮੈਲ ਹੈ, ਇਸ ਵਾਸਤੇ ਮਨੁੱਖ ਦੀਆਂ ਰੁਚੀਆਂ ਤੇ ਜੀਵਨ ਦਾ ਢੰਗ ਕੋਈ ਪਸ਼ੂਆਂ ਤੋਂ ਬਹੁਤਾ ਵੱਖ ਨਹੀਂ। ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਬੰਧਨ ਨਾ ਹੋਣ, ਯਾਨੀ ਕਿ ਕਾਨੂੰਨ ਨਾ ਹੋਵੇ ਤਾਂ ਮਨੁੱਖ ਉਹ ਕੁਝ ਕਰ ਗੁਜਰਦਾ ਹੈ, ਜੋ ਕੁਝ ਪਸ਼ੂ ਵੀ ਨਹੀਂ ਕਰਦੇ। ਕਾਨੂੰਨ, ਧਰਮ ਤੇ ਸਮਾਜ ਦੇ ਭੈ ਨੇ ਮਨੁੱਖ ਦੀਆਂ ਕਈ ਤਰ੍ਹਾਂ ਦੀਆਂ ਪਸ਼ੂ ਬਿਰਤੀਆਂ ਨੂੰ ਦੱਬ ਕੇ ਰਹਿਣ ਲਈ ਮਜਬੂਰ ਕਰ ਰੱਖਿਆ ਹੈ। ਇਕ ਗੱਲ ਸਪੱਸ਼ਟ ਹੈ ਕਿ ਕਈ ਜਨਮਾਂ ਦੇ ਸੁਭਾਅ ਇਕੱਠੇ ਹੋ ਕੇ ਮਨੁੱਖ ਦਾ ਮਨ ਬਣਿਆ ਹੋਇਆ ਹੈ। ਜਿੰਨੀ ਦੇਰ ਇਹ ਕਈ ਜਨਮਾਂ ਦੀ ਮੈਲ ਧੁਪ ਨਹੀਂ ਜਾਂਦੀ, ਓਨੀ ਦੇਰ ਨਿਜੀ ਸਰੂਪ ਦੇ ਦਰਸ਼ਨ ਨਹੀਂ ਹੋ ਸਕਦੇ। ਸੰਸਕਾਰ ਸਾਫ ਹੋ ਜਾਣ, ਪਿਛੋਂ ਨਾਮ ਦਾ ਅਖੁਟ ਖਜਾਨਾ ਇਸ ਦੇਹ ਵਿਚੋਂ ਹੀ ਪ੍ਰਾਪਤ ਹੋਵੇਗਾ।

ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥ (ਪੰਨਾ ੨੯੩)

ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਇਹ ਜੋ ਕੌਡੇ ਰਾਖਸ਼ਿਸ਼ ਦੀ ਸਾਖੀ ਆਉਂਦੀ ਹੈ, ਉਹ ਏਸੇ ਭਾਵ ਨੂੰ ਹੀ ਸਪੱਸ਼ਟ ਕਰਦੀ ਹੈ। ਕੌਡੇ ਰਾਖਸ਼ਿਸ਼ ਦੀਆਂ ਤਸਵੀਰਾਂ ਸਭ ਨੇ ਬੜੀਆਂ ਦੇਖੀਆਂ ਹਨ। ਪਰ ਕੌਡੇ ਸੰਤ ਦੀ ਤਸਵੀਰ ਕਿਸੇ ਨਹੀਂ ਦੇਖੀ ਹੋਈ। ਕੌਡੇ ਰਾਖਸ਼ਿਸ਼ ਦੀ ਤਸਵੀਰ ਏਸ ਤਰ੍ਹਾਂ ਦੀ ਹੈ ਕਿ ਉਹ ਇਕ ਆਦਮਖੋਰ ਆਦਮੀ ਹੈ, ਜਿਸ ਦੇ ਸਿਰ ਤੇ ਦੋ ਸਿੰਗ ਹਨ। ਉਸ ਦੇ ਦੰਦ ਵੱਡੇ ਵੱਡੇ ਹਨ। ਸਰੀਰ ਬੜਾ ਕਾਲਾ ਤੇ ਬੇਡੌਲ ਹੈ। ਉਸ ਨੇ ਇਕ ਤੇਲ ਦਾ ਵੱਡਾ ਕੜਾਹਿਆ ਤਾਇਆ ਹੋਇਆ ਹੈ ਅਤੇ ਗੁਰੂ ਨਾਨਕ ਸਾਹਿਬ ਦਾ ਸਾਥੀ ਭਾਈ ਮਰਦਾਨਾ ਉਸ ਦੇ ਹੱਥ ਆ ਗਿਆ ਹੈ। ਮਰਦਾਨੇ ਨੂੰ ਕੌਡੇ ਨੇ ਚੁੱਕ ਕੇ ਕੜਾਹੇ ਵਿਚ ਪੁੱਠਾ ਕੀਤਾ ਹੋਇਆ ਹੈ ਅਤੇ ਅਚੇਤ ਹੀ ਗੁਰੂ ਨਾਨਕ ਸਾਹਿਬ ਜੀ ਉਪਰ ਆ ਜਾਂਦੇ ਹਨ। ਕੌਡੇ ਦਾ ਤਪਦਾ ਹੋਇਆ ਤੇਲ ਦਾ ਕੜਾਹਿਆ ਠੰਢਾ ਸੀਤ ਹੋ ਜਾਂਦਾ ਹੈ ਅਤੇ ਮਰਦਾਨੇ ਦੀ ਜਾਨ ਬਚ ਜਾਂਦੀ ਹੈ। ਕੌਡੇ ਨੇ ਦੇਖਿਆ ਕਿ ਇਸ ਮਹਾਂਪੁਰਖ ਦੇ ਆਉਣ ਨਾਲ ਮੇਰਾ ਤਪਦਾ ਹੋਇਆ ਕੜਾਹਿਆ ਠੰਢਾ ਹੋ ਗਿਆ ਹੈ। ਇਹ ਕੋਈ ਆਮ ਮਨੁੱਖ ਨਹੀਂ ਹੈ। ਫੇਰ ਉਹ ਕੌਡਾ ਦੈਂਤ ਆਪਣੇ ਘਰੋਂ ਇਕ ਵੱਡਾ ਸਾਰਾ ਤਿਲਸਮੀ ਸ਼ੀਸ਼ਾ

ਚੁੱਕ ਕੇ ਲਿਆਉਂਦਾ ਹੈ। ਉਹ ਸ਼ੀਸ਼ਾ ਗੁਰੂ ਨਾਨਕ ਸਾਹਿਬ ਦੇ ਸਾਹਮਣੇ ਰੱਖ ਕੇ, ਉਸ ਵਿਚ ਗੁਰਦੇਵ ਦੀ ਤਸਵੀਰ ਦੇਖਦਾ ਹੈ। ਜਦੋਂ ਪੂਰੀ ਤਸੱਲੀ ਨਾਲ ਗੁਰੂ ਨਾਨਕ ਸਾਹਿਬ ਦੀ ਤਸਵੀਰ ਨੂੰ ਉਸ ਤਿਲਸਮੀ ਸ਼ੀਸ਼ੇ ਵਿਚ ਦੇਖ ਲੈਂਦਾ ਹੈ ਤਾਂ, ਢਹਿ ਕੇ ਗੁਰੂ ਨਾਨਕ ਸਾਹਿਬ ਦੇ ਚਰਨੀ ਪੈ ਜਾਂਦਾ ਹੈ। ਇਸ ਤੋਂ ਉਪਰੰਤ ਗੁਰੂ ਨਾਨਕ ਸਾਹਿਬ ਕੌਡੇ ਦੈਂਤ ਦੇ ਸਿਰ ਤੇ ਹੱਥ ਰੱਖਦੇ ਹਨ ਤੇ ਕੌਡੇ ਦੇ ਸਿਰ ਦੇ ਸਿੰਗ ਅਲੋਪ ਹੋ ਜਾਂਦੇ ਹਨ। ਉਸ ਦਾ ਭਿਆਨਕ ਡਰਾਉਣਾ ਚੇਹਰਾ ਇਕ ਸੁੰਦਰ ਮਨੁੱਖ ਦੇ ਚੇਹਰੇ ਵਿਚ ਬਦਲ ਜਾਂਦਾ ਹੈ।

ਦਰਅਸਲ ਇਹ ਸਾਖੀ ਬੜੀ ਹੀ ਭਾਵਪੂਰਨ ਹੈ। ਇਸ ਸਾਖੀ ਦੀ ਇਕ ਇਕ ਪਰਤ ਨੂੰ ਸਮਝਣਾ ਪਏਗਾ। ਪਹਿਲੀ ਪਰਤ ਵਿਚ ਸਮਝਣ ਵਾਲੀ ਗੱਲ ਇਹ ਹੈ ਕਿ ਕੌਡਾ ਰਾਖਸ਼ਿਸ਼ ਕੋਈ ਦੋ ਸਿੰਗਾਂ ਵਾਲਾ ਦੈਂਤ ਨਹੀਂ ਸੀ, ਬਲਕਿ ਆਂਧਰਾ ਪ੍ਰਦੇਸ਼ ਦਾ ਵਾਸੀ ਇਕ ਭੀਲ ਸੀ, ਜੋ ਕਦਲੀ ਬਨ (ਜੰਗਲ) ਵਿਚ ਆਦਮਖੋਰੀ ਦਾ ਕੰਮ ਕਰਦਾ ਸੀ। ਸ਼ਾਇਦ ਕੋਈ ਦੋ ਸਿੰਗਾਂ ਵਾਲਾ ਦੈਂਤ ਨੁਮਾ ਪਸ਼ੂ ਵੀ ਏਨੇ ਭਿਆਨਕ ਕੰਮ ਨਾ ਕਰਦਾ ਹੋਵੇ, ਜਿੰਨੇ ਕਿ ਕੌਡਾ ਭੀਲ ਕਰਦਾ ਸੀ। ਕੌਡੇ ਦੀ ਬਿਰਤੀ ਏਨੀ ਭਿਆਨਕ ਸੀ ਕਿ ਉਸ ਨੂੰ ਦੋ ਸਿੰਗਾਂ ਵਾਲਾ, ਬੜਾ ਖੌਫਨਾਕ ਦੈਂਤ ਦਰਸਾਇਆ ਗਿਆ ਹੈ। ਸ੍ਰੀ ਨਾਨਕ ਪ੍ਰਕਾਸ਼ ਵਿਚ ਕੌਡੇ ਦੇ ਚਿਤਰ ਨੂੰ ਏਸ ਤਰ੍ਹਾਂ ਦਰਸਾਇਆ ਹੈ ਕਿ ਕੌਡੇ ਕੋਲ ਇਕ ਕਰਾਮਾਤੀ (ਤਿਲਸਮੀ) ਸ਼ੀਸ਼ਾ ਸੀ। ਜਿਸ ਮਨੁੱਖ ਨੂੰ ਕੌਡਾ ਪਕੜ ਕੇ ਲਿਆਉਂਦਾ ਸੀ, ਉਸ ਮਨੁੱਖ ਦਾ ਮੂੰਹ ਉਸ ਤਿਲਸਮੀ ਸ਼ੀਸ਼ੇ ਵਿਚ ਦੇਖਦਾ ਸੀ। ਉਸ ਸ਼ੀਸ਼ੇ ਵਿਚ ਵਿਰਲੇ ਵਿਰਲੇ ਬੰਦਿਆਂ ਦਾ ਹੀ ਮੂੰਹ ਬੰਦੇ ਵਰਗਾ ਦਿਸਦਾ ਸੀ, ਵਰਨਾ ਬਹੁਤਿਆਂ ਦੇ ਮੂੰਹ ਕੁੱਤਿਆਂ, ਸੂਰਾਂ, ਗਧਿਆਂ ਤੇ ਹੋਰ ਪਸ਼ੂ ਪੰਛੀਆਂ ਦੇ ਮੂੰਹਾਂ ਵਰਗੇ ਦਿਸਦੇ ਸਨ। ਜਿਨ੍ਹਾਂ ਬੰਦਿਆਂ ਦੇ ਮੂੰਹ ਤਿਲਸਮੀ ਸ਼ੀਸ਼ੇ ਵਿਚ ਬੰਦਿਆਂ ਵਰਗੇ ਦਿਸਦੇ ਸਨ, ਉਹਨਾਂ ਨੂੰ ਤਾਂ ਕੌਡਾ ਮੁਆਫ਼ ਕਰ ਦੇਂਦਾ ਸੀ। ਪਰ ਜਿਨ੍ਹਾਂ ਬੰਦਿਆਂ ਦੇ ਮੂੰਹ ਪਸ਼ੂ ਪੰਛੀਆਂ ਵਰਗੇ ਦਿਸਦੇ ਸਨ, ਉਹਨਾਂ ਨੂੰ ਉਹ ਮਾਰ ਦੇਂਦਾ ਸੀ। ਸ੍ਰੀ ਨਾਨਕ ਪ੍ਰਕਾਸ਼ ਵਿਚ ਇਸ ਤਰ੍ਹਾਂ ਜਿਕਰ ਆਉਂਦਾ ਹੈ।

ਗਹਿ ਕਰ ਆਨੇ ਮਨੁਜ ਘਨੇਰੇ॥ ਮੁਕਰ ਮਾਹਿ ਪ੍ਰਤਿ ਬਿੰਬ ਸੁ ਹੇਰੇ॥
ਕੂਕਰ ਸੂਕਰ ਖਰ ਖਗ ਸ਼ੇਰਾ॥ ਇਤ ਆਦਿਕ ਕੋ ਮੁਖ ਹੇਰਾ॥ *(ਸ੍ਰੀ ਨਾਨਕ ਪ੍ਰਕਾਸ਼)*

ਗੁਰੂ ਨਾਨਕ ਸਾਹਿਬ ਜੀ ਨੇ ਕੌਡੇ ਨੂੰ ਪੁਛਿਆ ਕਿ "ਜਦੋਂ ਮਰਦਾਨੇ ਨੂੰ ਤੂੰ ਸ਼ੀਸ਼ੇ ਵਿਚ ਦੇਖਿਆ ਤਾਂ ਇਸ ਦੀ ਸ਼ਕਲ ਕਿਹੋ ਜਿਹੀ ਦਿਖਾਈ ਦਿੱਤੀ।" ਤਾਂ ਕੌਡੇ ਨੇ ਕਿਹਾ, "ਮਰਦਾਨਾ ਮੈਨੂੰ ਇਕ ਭੇਡੂ ਤੋਂ ਵਧ ਕੁਝ ਦਿਖਾਈ ਨਹੀਂ ਦਿੱਤਾ।" ਗੁਰਦੇਵ ਕਹਿਣ ਲਗੇ ਹਾਂ, "ਭੇਡੂ ਵੀ ਡਰਪੋਕ ਪਸ਼ੂ ਹੈ ਅਤੇ ਮਰਦਾਨਾ ਵੀ, ਭੁੱਖ ਦੇ ਦੁਖ ਅਤੇ ਜੰਗਲੀ ਸਫਰ ਤੋਂ ਡਰ ਕੇ ਭਜਿਆ ਹੈ।" ਫਿਰ ਗੁਰਦੇਵ ਨੇ ਕੌਡੇ ਨੂੰ ਪੁਛਿਆ ਕਿ "ਤੂੰ ਇਹ ਆਦਮ ਖੋਰੀ ਦਾ ਕੰਮ ਕਿਉਂ ਕਰਦਾ ਹੈਂ?" ਤਾਂ ਕੌਡਾ ਕਹਿਣ ਲਗਾ

ਕਿ "ਮੈਂ ਆਦਮ ਖੋਰ ਨਹੀਂ ਹਾਂ। ਮੈਂ ਤਾਂ ਸਮਾਜ ਦਾ ਸਤਾਇਆ ਹੋਇਆ ਇਕ ਆਮ ਆਦਮੀ ਹਾਂ। ਮੈਂ ਤਾਂ ਸਤੇ ਹੋਏ ਨੇ ਕੁਹਾੜਾ ਚੁੱਕ ਕੇ ਇਸ ਪਸ਼ੂ ਸਮਾਜ ਵਿਚੋਂ ਭਿਆਨਕ ਪਸ਼ੂਆਂ ਨੂੰ ਮਾਰਨਾ ਸ਼ੁਰੂ ਕੀਤਾ ਹੋਇਆ ਹੈ। ਮੈਂ ਬੰਦਿਆਂ ਨੂੰ ਨਹੀਂ ਮਾਰਦਾ। ਮੈਂ ਤਾਂ ਕੇਵਲ ਉਹਨਾਂ ਨੂੰ ਹੀ ਮਾਰਦਾ ਹਾਂ ਜਿਹੜੇ ਪਸ਼ੂ ਬਿਰਤੀਆਂ ਵਾਲੇ ਮਨੁੱਖ ਹਨ। ਮੈਂ ਵੀ ਇਸ ਸਮਾਜ ਵਿਚ ਮਾਣ ਇਜਤ ਨਾਲ ਰਹਿਣਾ ਚਾਹੁੰਦਾ ਸਾਂ, ਪਰ ਮੈਨੂੰ ਏਸ ਸਮਾਜ ਦੇ ਦੋ ਹੱਥਾਂ ਤੇ ਦੋ ਪੈਰਾਂ ਵਾਲੇ ਪਸ਼ੂਆਂ ਨੇ ਹੈਵਾਨ ਬਣਨ ਲਈ ਮਜਬੂਰ ਕੀਤਾ ਹੈ। ਮੇਰੀ ਇਸ ਸਮਾਜ ਵਿਚ ਕੋਈ ਥਾਂ ਨਹੀਂ ਰਹਿਣ ਦਿੱਤੀ। ਏਸ ਕਰਕੇ ਮੈਂ ਤਾਂ ਮਜਬੂਰ ਹੋ ਕੇ ਦੈਂਤ ਬਣਿਆ ਹਾਂ।" ਇਸ ਸਾਖੀ ਦਾ ਇਕ ਪਹਿਲੂ ਇਹ ਹੈ ਕਿ, ਇਹ ਮਨੁੱਖੀ ਸਮਾਜ ਪਸ਼ੂ ਤੇ ਹੈਵਾਨ ਬਿਰਤੀਆਂ ਨਾਲ ਭਰਿਆ ਪਿਆ ਹੈ। ਕੌਡੇ ਵਰਗੇ ਭੀਲ ਨੂੰ ਹੈਵਾਨ ਬਣਨ ਲਈ ਇਹ ਸਮਾਜ ਹੀ ਮਜਬੂਰ ਕਰਦਾ ਹੈ। ਕੌਡਾ ਰਾਖਸ਼ਿਸ਼ ਨਹੀਂ। ਬਲਕਿ ਉਸ ਨੇ ਸਮਾਜ ਦੇ ਐਸੇ ਆਦਮੀਆਂ ਨੂੰ ਆਪਣੇ ਮਨ ਦੇ ਤਿਲਸਮੀ ਸ਼ੀਸ਼ੇ ਨਾਲ ਦੇਖਿਆ ਕਿ ਇਹ ਆਦਮੀ ਕਹਾਉਣ ਦੇ ਯੋਗ ਨਹੀਂ। ਇਹ ਪਸ਼ੂ ਪੰਛੀ, ਹੈਵਾਨ ਤੇ ਸ਼ੈਤਾਨ ਹਨ। ਇਹਨਾਂ ਦਾ ਇਸ ਧਰਤੀ ਤੇ ਜਿਉਂਦੇ ਰਹਿਣਾ ਖਤਰਨਾਕ ਹੈ। ਇਸ ਕਰਕੇ ਕੌਡਾ ਉਹਨਾਂ ਨੂੰ ਮਾਰ ਦੇਂਦਾ ਹੈ। ਇਹ ਕੁਦਰਤੀ ਹੈ ਕਿ ਜਦੋਂ ਕੋਈ ਕੌਡੇ ਵਰਗਾ ਆਦਮੀ ਸਮਾਜ ਵਲੋਂ ਸਤਾਇਆ ਹੋਇਆ ਇਹੋ ਜਿਹੇ ਕੰਮ ਕਰਦਾ ਹੈ ਤਾਂ ਉਹ ਭਾਵੇਂ ਸਤਵਾਦੀ ਹੋਵੇ, ਪਰ ਲੋਕਾਂ ਦੀ ਨਜ਼ਰ ਵਿਚ ਉਹ ਅਤਿਵਾਦੀ ਜਾਪਦਾ ਹੈ। ਏਸ ਕਰਕੇ ਕੌਡਾ ਭੀਲ, ਜਿਹੜਾ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਭੀਲ ਕੌਮ ਦਾ ਸਰਦਾਰ ਸੀ, ਉਸ ਨੇ ਇਸ ਪਸ਼ੂ ਬਿਰਤੀ ਵਾਲੇ ਸਮਾਜ ਦੇ ਖਿਲਾਫ ਜਦੋਂ ਆਪਣਾ ਕੁਹਾੜਾ ਚੁਕਿਆ ਤਾਂ ਲੋਕਾਂ ਨੇ ਉਸ ਨੂੰ ਦੈਂਤ ਤੇ ਕੌਡਾ ਰਾਖਸ਼ਿਸ਼ ਕਰਕੇ ਸਦਣਾ ਸ਼ੁਰੂ ਕੀਤਾ। ਭਾਵੇਂ ਮਰਦਾਨੇ ਨੂੰ ਵੀ ਕੌਡੇ ਨੇ ਭੇਡੂ ਹੀ ਸਮਝਿਆ ਸੀ ਪਰ ਲਗਦਾ ਹੈ ਕਿ ਮਰਦਾਨਾ ਹੀ ਕੌਡੇ ਨੂੰ ਗੁਰੂ ਨਾਨਕ ਸਾਹਿਬ ਨਾਲ ਮਿਲਾਉਣ ਵਿਚ ਸਹਾਈ ਹੋਇਆ ਹੈ। ਇਸ ਸਾਖੀ ਦਾ ਇਕ ਪਹਿਲੂ ਹੋਰ ਹੈ ਕਿ ਗੁਰੂ ਨਾਨਕ ਸਾਹਿਬ ਦੇ ਅਗੇ ਵੀ, ਕੌਡੇ ਨੇ ਆਪਣਾ ਤਿਲਸਮੀ ਸ਼ੀਸ਼ਾ ਰੱਖਿਆ, ਪਰ ਗੁਰੂ ਨਾਨਕ ਸਾਹਿਬ, ਉਸ ਸ਼ੀਸ਼ੇ ਵਿਚੋਂ ਕੌਡੇ ਨੂੰ ਨਿਰਾ ਨੂਰ ਹੀ ਨੂਰ ਤੇ ਪ੍ਰਕਾਸ਼ ਹੀ ਪ੍ਰਕਾਸ਼ ਦਿਖਾਈ ਦਿੱਤੇ। ਕੌਡਾ ਏਹ ਨੂਰ ਦੇਖ ਕੇ ਗੁਰਦੇਵ ਦੇ ਚਰਨੀ ਢਹਿ ਪਿਆ। ਗੁਰੂ ਨਾਨਕ ਸਾਹਿਬ ਨੇ ਕੌਡੇ ਦੇ ਸਿਰ ਤੇ ਆਪਣਾ ਹੱਥ ਰੱਖਿਆ ਤੇ ਉਸ ਦੇ ਭਿਆਨਕ ਸਿੰਗ ਅਤੇ ਖੌਫਨਾਕ ਡਰਾਉਣਾ ਚਿਹਰਾ ਇਕ ਸੁੰਦਰ ਮਨੁੱਖ ਦੇ ਰੂਪ ਵਿਚ ਬਦਲ ਗਿਆ।

ਦਰਅਸਲ ਇਸ ਸਾਖੀ ਦਾ ਉਪਦੇਸ਼ ਬੜਾ ਸੁੰਦਰ ਹੈ ਕਿ ਜਿਹੜਾ ਕੌਡਾ ਸਮਾਜਕ ਦੁਨੀਆਂ ਦਾ ਗੁਮਿਰਾਹ ਕੀਤਾ ਹੋਇਆ ਦੈਂਤ ਰੂਪ ਅਖਤਿਆਰ ਕਰ ਚੁੱਕਾ ਸੀ। ਉਸ ਨੂੰ ਗੁਰੂ ਨਾਨਕ ਸਾਹਿਬ ਨੇ ਮਾਰਗ ਦਰਸ਼ਨ ਦਿੱਤਾ ਕਿ ਜੀਵਨ

ਕੀ ਹੈ? ਓਹੀ ਖਤਰਨਾਕ ਦੈਂਤ ਇਕ ਸਤ ਸੰਤੋਖ ਨਾਲ ਕਿਰਤ ਕਮਾਈ ਕਰਕੇ ਖਾਣ ਵਾਲਾ ਇਕ ਸੰਤ ਬਣ ਗਿਆ। ਹੁਣ ਇਹ ਉਸੇ ਕੌਡੇ ਦੀ ਤਸਵੀਰ ਸੀ, ਜਿਹੜੀ ਕਿ ਇਕ ਮਹਾਤਮਾ ਸੰਤ ਕੌਡਾ ਕਰਕੇ ਬਣਨੀ ਚਾਹੀਦੀ ਸੀ। ਹੁਣ ਉਹੀ ਕੌਡਾ ਹੈ, ਜਿਹੜਾ ਆਪਣੇ ਕੁਹਾੜੇ ਨਾਲ ਦੂਜੇ ਦਾ ਸਿਰ ਵੱਢ ਲੈਂਦਾ ਸੀ। ਪਰ ਹੁਣ ਤਾਂ ਕਿਸੇ ਜਖਮੀ ਪਸ਼ੂ ਨੂੰ ਵੀ ਦੇਖਦਾ ਹੈ ਤਾਂ ਉਸ ਨੂੰ ਮਲ੍ਹਮ ਪੱਟੀ ਕਰਦਾ ਹੈ।

ਦਰਅਸਲ ਸਾਰੀ ਸਾਖੀ ਦਾ ਭਾਵ ਹੈ ਕਿ ਹਰ ਆਦਮੀ ਵਿਚ ਕੌਡਾ ਦੈਂਤ ਵੀ ਬੈਠਾ ਹੈ ਅਤੇ ਕੌਡਾ ਸੰਤ ਵੀ ਬੈਠਾ ਹੈ। ਗੁਰੂ ਰੂਪ ਤਿਲਸਮੀ ਸ਼ੀਸ਼ਾ ਮਿਲ ਜਾਵੇ ਤਾਂ ਆਦਮੀ ਨੂੰ ਆਪਣੇ ਅੰਦਰਲੇ ਕੌਡੇ ਦੈਂਤ ਤੇ ਕੌਡੇ ਦੇਵਤੇ ਦੀ ਤਸਵੀਰ ਦਿਸ ਸਕਦੀ ਹੈ। ਵਰਨਾ ਇਹਨਾਂ ਜੀਵਨ ਮਾਰਗ ਤੋਂ ਭਟਕੇ ਹੋਏ ਕੌਡਿਆਂ ਨੇ ਸੰਸਾਰ ਨੂੰ ਜੰਗਲ ਬਣਾ ਕੇ ਰੱਖਿਆ ਹੋਇਆ ਹੈ। ਜੰਗਲ ਵਿਚ ਬੜੇ ਭਿਆਨਕ ਦੈਂਤਾਕਾਰ ਪਸ਼ੂ ਰਹਿੰਦੇ ਹਨ ਅਤੇ ਇਸ ਸੰਸਾਰ ਨੂੰ ਮਨੁੱਖ ਨੇ ਆਪ ਹੀ ਭਿਆਨਕ ਜੰਗਲ ਬਣਾ ਲਿਆ ਹੈ। ਇਸ ਵਾਸਤੇ ਹੀ ਅੱਜ ਦਾ ਜੀਵਨ ਜੰਗਲ ਵਿਚ ਭਟਕੇ ਹੋਏ ਮੁਸਾਫਰਾਂ ਵਰਗਾ ਜੀਵਨ ਹੈ।

ਜੰਗਲ ਦੀਆਂ ਏਹੀ ਨਿਸ਼ਾਨੀਆਂ ਹੁੰਦੀਆਂ ਹਨ ਕਿ ਜੰਗਲ ਵਿਚ ਕੋਈ ਰਾਹ ਖਹਿੜਾ ਸਿੱਧਾ ਨਹੀਂ ਹੁੰਦਾ। ਭੁਲਿਆ ਹੋਇਆ ਮੁਸਾਫਰ ਜੰਗਲ ਵਿਚੋਂ ਨਿਕਲਣ ਦਾ ਯਤਨ ਕਰਦਾ ਹੈ, ਪਰ ਫਿਰ ਭਟਕ ਕੇ ਉਹ ਜੰਗਲ ਵਿਚ ਹੀ ਖੋ ਜਾਂਦਾ ਹੈ। ਏਹੀ ਗੱਲ ਏਸ ਮਨੁੱਖ ਦੀ ਹੈ, ਜੋ ਕਿ ਅਧੁਨਿਕ ਜਮਾਨੇ ਵਿਚ ਭਟਕਿਆ ਫਿਰਦਾ ਹੈ।

ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ॥ *(ਪੰਨਾ ੧੧੧੧)*

ਜੰਗਲ ਵਿਚ ਭਟਕੇ ਹੋਏ ਮਨੁੱਖ ਦੀ ਇਹ ਦਸ਼ਾ ਹੁੰਦੀ ਹੈ ਕਿ ਜੰਗਲ ਵਿਚ ਫਿਰ ਫਿਰ ਕੇ ਫਾਵਾ ਹੋ ਜਾਂਦਾ ਹੈ। ਕੁਝ ਪਤਾ ਨਹੀਂ ਲਗਦਾ। ਬਸ! ਏਹੀ ਦਸ਼ਾ ਅੱਜ ਦੇ ਇਸ ਸੰਸਾਰ ਦੀ ਹੈ, ਹਰ ਮਨੁੱਖ ਦੁਖੀ ਹੈ ਅਤੇ ਭਟਕਿਆ ਹੋਇਆ ਹੈ।

ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ॥
(ਪੰਨਾ ੯੬੩)

ਸੋ ਅਜ ਦਾ ਸੰਸਾਰ ਬਿਲਕੁਲ ਜੰਗਲ ਦਾ ਰੂਪ ਧਾਰਨ ਕਰ ਗਿਆ ਹੈ, ਪਸ਼ੂ ਪੰਛੀਆਂ ਦੇ ਥਾਂ, ਇਸ ਜੰਗਲ ਵਿਚ ਮਨੁੱਖ ਹੀ ਬੜਾ ਖੁਰਦ ਕਰਦਾ ਹੈ। ਕਿਸੇ ਦੀ ਇੱਜਤ ਆਬਰੂ ਇਸ ਜੰਗਲ ਵਿਚ ਮਹਿਫੂਜ ਨਹੀਂ ਹੈ। ਸਭ ਨੂੰ ਆਪਣੀ ਜਾਨ ਮਾਲ ਦਾ ਖਤਰਾ ਹੈ। ਹੁਣ ਭਾਵੇਂ ਜੰਗਲ ਵਿਚ ਬੂਟਿਆਂ ਨੂੰ ਫੁੱਲ ਵੀ ਖਿਲਦੇ ਹਨ ਤੇ ਫਲ ਵੀ ਲਗਦੇ ਹਨ, ਪਰ ਪਸ਼ੂਆਂ ਤੇ ਪੰਛੀਆਂ ਤੋਂ ਉਹ ਫੁੱਲ ਫਲ ਬਚਣਗੇ ਤੇ ਤਾਂ ਹੈ।

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥ *(ਪੰਨਾ ੭੦੭)*

ਬਾਗ ਬਗੀਚੇ ਵੀ ਹੁੰਦੇ ਹਨ, ਪਰ ਜੰਗਲ ਵਾਂਗ ਬਾਗ ਬਗੀਚਿਆਂ ਵਿਚੋਂ ਡਰ ਨਹੀਂ ਲਗਦਾ। ਹਾਲਾਂ ਕਿ ਬਾਗ ਬਗੀਚਿਆਂ ਵਿਚ ਵੀ ਬ੍ਰਿਛ ਹੁੰਦੇ ਹਨ ਤੇ ਜੰਗਲਾਂ ਵਿਚ ਵੀ ਬ੍ਰਿਛ ਹੁੰਦੇ ਹਨ। ਪਰ ਕਿੰਨੀ ਅਜੀਬ ਘਟਨਾ ਹੈ ਕਿ ਲੋਕ ਜੰਗਲਾਂ ਤੋਂ ਡਰਦੇ ਹਨ ਤੇ ਬਗੀਚਿਆਂ ਦੀ ਸੈਰ ਸ਼ੌਕ ਨਾਲ ਕਰਦੇ ਹਨ। ਜੰਗਲਾਂ ਵਿਚ ਕੋਈ ਕਦਮ ਰਖਣ ਨੂੰ ਤਿਆਰ ਨਹੀਂ ਹੁੰਦਾ। ਰਸਤੇ ਜਾਂਦੇ ਮੁਸਾਫਰ ਨੂੰ ਰਸਤੇ ਵਿਚ ਜੰਗਲ ਆ ਜਾਏ ਤਾਂ ਉਹ ਦਸ ਵੀਹ ਮੀਲ ਵਲ ਪਾ ਕੇ ਸਫਰ ਕਰਨਾ ਪਸੰਦ ਕਰੇਗਾ, ਪਰ ਜੰਗਲ ਵਿਚ ਕਦਮ ਨਹੀਂ ਪਾਵੇਗਾ। ਪਰ ਇਸ ਤੋਂ ਉਲਟ ਰਾਹ ਜਾਂਦੇ ਮੁਸਾਫ਼ਰ ਨੂੰ ਪਤਾ ਲਗ ਜਾਵੇ ਕਿ ਰਸਤੇ ਵਿਚ ਸੁੰਦਰ ਬਾਗ ਹੈ, ਤਾਂ ਉਹ ਚਾਹੇਗਾ ਕਿ ਭਾਵੇਂ ਦਸ ਮੀਲ ਦਾ ਫਾਲਤੂ ਸਫਰ ਕਰਨਾ ਪੈ ਜਾਵੇ ਪਰ ਬਾਗ ਦੀ ਸੈਰ ਜਰੂਰ ਕਰ ਚਲੀਏ। ਅਜੀਬ ਗੱਲ ਹੈ ਕਿ ਦੋਹਾਂ ਥਾਵਾਂ ਤੇ ਕੇਵਲ ਬ੍ਰਿਛ ਹਨ, ਤਾਂ ਫਿਰ ਲੋਕ ਜੰਗਲਾਂ ਤੋਂ ਕਿਉਂ ਡਰਦੇ ਹਨ? ਬਾਗਾਂ ਤੇ ਬਗੀਚਿਆਂ ਤੋਂ ਕਿਉਂ ਨਹੀਂ ਡਰਦੇ? ਦਰਅਸਲ ਦੋਵਾਂ ਥਾਵਾਂ ਵਿਚ ਅੰਤਰ ਕੇਵਲ ਏਨਾ ਹੈ ਕਿ ਜੰਗਲ ਦੇ ਬ੍ਰਿਛਾਂ ਦੀ ਕੋਈ ਤਰਤੀਬ ਨਹੀਂ ਹੁੰਦੀ ਅਤੇ ਬਾਗ ਦਾ ਕੋਈ ਬੂਟਾ ਵੀ ਬੇ-ਤਰਤੀਬਾ ਨਹੀਂ ਹੁੰਦਾ। ਬੱਸ! ਏਨਾ ਹੀ ਜੰਗਲ ਤੇ ਬਾਗ ਵਿਚ ਫਰਕ ਹੈ। ਜੰਗਲ ਵਿਚ ਕੋਈ ਬੂਟਾ ਛੋਟਾ ਹੈ ਕੋਈ ਵੱਡਾ ਹੈ। ਕੋਈ ਫਲਦਾਰ ਅਤੇ ਕੋਈ ਕੰਡਿਆਲਾ ਹੈ। ਕੋਈ ਕਿਸੇ ਵਿਚ ਫਸਿਆ ਹੈ ਅਤੇ ਕੋਈ ਕਿਸੇ ਦੂਜੇ ਵਿਚ ਫਸਿਆ ਹੈ। ਕਿਸੇ ਪਾਸਿਉਂ ਵੀ ਲੰਘਣ ਲਈ ਕੋਈ ਰਸਤਾ ਨਹੀਂ ਹੈ। ਸਾਰੇ ਬ੍ਰਿਛ ਆਪੋ ਵਿਚ ਫਸੇ ਹੋਏ ਹੁੰਦੇ ਹਨ।

ਹੁਣ ਏਹੀ ਹਾਲ ਸੰਸਾਰ ਦਾ ਹੈ। ਜਦੋਂ ਹਰ ਕੋਈ ਪੁੱਛੇ ਕਿ ਸੰਸਾਰ ਵਿਚ ਬੜੀ ਬੇਚੈਨੀ ਹੈ। ਹਰ ਮਨੁੱਖ ਦੀ ਆਤਮਾ ਉਲਝਣਾ ਵਿਚ ਫਸੀ ਪਈ ਹੈ। ਹਰ ਕੋਈ ਪੁੱਛਦਾ ਹੈ ਕਿ ਕੋਈ ਸ਼ਾਂਤੀ ਦਾ ਰਾਹ ਦੱਸੋ? ਦਰਅਸਲ ਇਸ ਮਨੁੱਖ ਦੀ ਬੇਚੈਨੀ ਤੇ ਦੁਖ ਦਾ ਕਾਰਨ, ਇਹ ਮਨੁੱਖ ਖੁਦ ਹੀ ਹੈ। ਪ੍ਰਭੂ ਨੇ ਤਾਂ ਇਸ ਸੰਸਾਰ ਨੂੰ ਸੁੰਦਰ ਬਗੀਚਾ ਹੀ ਬਣਾਇਆ ਸੀ, ਪਰ ਮਨੁੱਖ ਨੇ ਇਸ ਬਗੀਚੇ ਨੂੰ ਜੰਗਲ ਬਣਾ ਕੇ ਰੱਖ ਦਿੱਤਾ ਹੈ। ਹੁਣ ਆਪ ਹੀ ਬੰਦਾ ਆਪਣੇ ਬਣਾਏ ਇਸ ਜੰਗਲ ਵਿਚ ਉਲਝਿਆ ਫਿਰਦਾ ਹੈ। ਹਰ ਪਾਸੇ ਤਰਲੇ ਮਾਰਦਾ ਫਿਰਦਾ ਹੈ ਕਿ ਆਤਮਕ ਸੁਖ ਦਾ ਕੋਈ ਰਾਹ ਲੱਭੇ। ਪਰ ਆਪ ਜੰਗਲੀ ਪਸ਼ੂਆਂ ਵਾਂਗ ਫਿਰ ਰਿਹਾ ਹੈ। ਹੁਣ ਤਾਂ ਏਸ ਮਨੁੱਖ ਨੇ ਆਪਣੇ ਬੀਜੇ ਹੋਏ ਜੰਗਲ ਨੂੰ ਆਪ ਹੀ ਅੱਗ ਲਾਈ ਹੋਈ ਹੈ। ਆਪ ਹੀ ਮੁਸਾਫਰ ਬਣ ਕੇ ਬਲਦੇ ਹੋਏ ਜੰਗਲ ਵਿਚ ਭਟਕਿਆ ਹੋਇਆ ਹੈ। ਹੁਣ ਵਿਚਾਰ ਕਰੋ ਕਿ ਜੰਗਲ ਨੂੰ ਅੱਗ ਲਗੀ ਹੋਵੇ ਤੇ ਵਿਚ ਜੰਗਲ ਦੀ ਅੱਗ ਦੇ ਧੂੰਏ ਦੀ ਹੁੰਮਸ ਨਾਲ ਮੁਸਾਫਰ (ਰਾਹੀ) ਕੂਕਾਂ ਮਾਰ ਰਹੇ ਹੋਣ ਤਾਂ ਉਹਨਾਂ ਨੂੰ ਬਚਾਉਣ ਵਾਲਾ, ਕੋਈ ਨਾ ਮਿਲੇ। ਠੀਕ ਗੁਰਦੇਵ ਨੇ ਇਸ ਮਨੁੱਖ ਦੀ ਐਸੀ ਦਸ਼ਾ ਦਾ ਵਰਨਣ ਕੀਤਾ ਹੈ।

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥ (ਪੰਨਾ ੫੨੦)

ਮਨੁੱਖ ਦੀਆਂ ਸ਼ੈਤਾਨ ਤੇ ਪਸ਼ੂ ਬ੍ਰਿਤੀਆਂ ਨੇ ਅੱਜ ਸੰਸਾਰ ਨੂੰ ਪ੍ਰਭੂ ਦਾ ਲਾਇਆ ਹੋਇਆ ਬਾਗ ਨਹੀਂ ਰਹਿਣ ਦਿੱਤਾ। ਇਸ ਨੂੰ ਜੰਗਲ ਬਣਾ ਕੇ ਰੱਖ ਦਿੱਤਾ ਹੈ। ਮਨੁੱਖ ਦੇ ਪਸ਼ੂ ਸੰਸਕਾਰ ਜ਼ਿਆਦਾ ਹਨ, ਇਸ ਕਰਕੇ ਮਨੁੱਖਾਂ ਵਿਚ ਮਨੁੱਖਤਾ ਖਤਮ ਹੁੰਦੀ ਗਈ ਤੇ ਪਸ਼ੂਪਣ ਆਉਂਦਾ ਗਿਆ ਹੈ। ਹੁਣ ਇਸ ਪਸ਼ੂ ਜਗਤ ਵਿਚੋਂ ਆਪਣੇ ਜਿਉਣ ਦਾ ਲੋਕ ਰਾਹ ਲੱਭਦੇ ਫਿਰਦੇ ਹਨ। ਕੋਈ ਕਿਸੇ ਕੋਲੋਂ ਡਰਦਾ ਫਿਰਦਾ ਹੈ ਅਤੇ ਕੋਈ ਕਿਸੇ ਨੂੰ ਡਰਾਉਂਦਾ ਫਿਰਦਾ ਹੈ। ਇਸ ਤਰ੍ਹਾਂ ਦੀ ਦਸ਼ਾ ਹਮੇਸ਼ਾਂ ਜੰਗਲਾਂ ਵਿਚ ਹੀ ਹੁੰਦੀ ਹੈ ਅਤੇ ਖੂੰਖਾਰ ਪਸ਼ੂ ਦੂਜਿਆਂ ਨੂੰ ਡਰਾਉਂਦੇ ਰਹਿੰਦੇ ਹਨ।

ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦਾ ਫੁਰਮਾਣ ਹੈ ਕਿ ਅਜ ਦੇ ਮਨੁੱਖ ਦਾ ਸਬੰਧ ਜ਼ਿਆਦਾ ਪਸ਼ੂਆਂ ਨਾਲ ਹੈ ਅਤੇ ਸੰਸਾਰ ਨੂੰ ਇਕ ਜੰਗਲ ਵਾਂਗ ਮਨੁੱਖ ਨੇ ਵਰਤਿਆ ਹੈ। ਮਨੁੱਖ ਪਸ਼ੂਆਂ ਵਾਂਗ ਜੀਵਨ ਬਤੀਤ ਕਰਦਾ ਹੈ ਅਤੇ ਜੰਗਲ ਦਾ ਵਾਸੀ ਹੋ ਗਿਆ ਹੈ।

ਉਦਿਆਨ ਬਸਨੰ ਸੰਸਾਰੰ, ਸਨਬੰਧੀ ਸ੍ਵਾਨ ਸਿਆਲ ਖਰਹ॥ *(ਪੰਨਾ ੧੩੫੯)*

ਮਨੁੱਖ ਨੇ ਸੰਸਾਰ ਨੂੰ ਜੰਗਲ ਬਣਾ ਦਿੱਤਾ ਹੈ ਅਤੇ ਕੁੱਤਿਆਂ ਗਿੱਦੜਾਂ ਅਤੇ ਗਧਿਆਂ ਨਾਲ ਰਿਸ਼ਤੇਦਾਰੀਆਂ ਬਣਾਈਆਂ ਹਨ। ਸੁਆਨ ਨਾਮ ਹੈ ਕੁੱਤੇ ਦਾ ਅਤੇ ਸਿਆਲ ਨਾਮ ਹੈ ਗਿੱਦੜ ਦਾ। ਖਰਹ ਕਹੀਏ ਗਧਿਆਂ ਨੂੰ। ਗੁਰਦੇਵ ਕਹਿੰਦੇ ਹਨ ਕਿ ਮਨੁੱਖ ਗਧਿਆਂ ਵਾਂਗ ਬੇਵਕੂਫੀਆਂ ਕਰਦਾ ਹੈ ਅਤੇ ਗਿੱਦੜਾਂ ਵਾਂਗ ਡਰਿਆ ਹੋਇਆ ਹੈ। ਮਨੁੱਖ ਦੇ ਸੰਸਕਾਰ ਐਸੇ ਹਨ ਕਿ ਜਾਂ ਤਾਂ ਇਹ ਦੂਜਿਆਂ ਨੂੰ ਡਰਾਉਂਦਾ ਰਹਿੰਦਾ ਹੈ, ਅਤੇ ਜਿਨ੍ਹਾਂ ਨੂੰ ਡਰਾਉਂਦਾ ਹੈ, ਫਿਰ ਉਹਨਾਂ ਕੋਲੋਂ ਡਰਦਾ ਰਹਿੰਦਾ ਹੈ। ਗਿੱਦੜ ਦੀ ਇਹੀ ਫਿਤਰਤ ਹੈ ਕਿ ਉਹ ਡਰਪੋਕ ਹੈ। ਦਰਅਸਲ ਬੰਦਾ ਕਿਉਂ ਡਰਦਾ ਹੈ? ਕਿਉਂਕਿ ਬੰਦੇ ਦੇ ਅੰਦਰ ਗਿੱਦੜ ਤੇ ਲੂੰਬੜਾਂ ਵਾਲੇ ਸੰਸਕਾਰ ਕੰਮ ਕਰਦੇ ਹਨ। ਕਈ ਜਨਮਾਂ ਵਿਚ ਇਹ ਗਿੱਦੜਾਂ ਦੇ ਜਨਮ ਭੁਗਤ ਚੁੱਕਾ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਐ ਮਨੁੱਖ! ਤੂੰ ਡਰਦਾ ਕਿਉਂ ਹੈ? ਤੂੰ ਕੋਈ ਭੇਡ ਬਕਰੀ ਹੈ? ਫਿਰ ਤੂੰ ਡਰਾਉਂਦਾ ਕਿਉਂ ਹੈ? ਤੂੰ ਕੋਈ ਜਿੰਨ ਭੂਤ ਜਾਂ ਦੈਂਤ ਹੈ।

ਆਪਿ ਨ ਡਰਉ ਨ ਅਵਰ ਡਰਾਵਉ॥ *(ਪੰਨਾ ੩੨੭)*

ਕਹਤ ਕਬੀਰ ਰਾਮ ਗੁਨ ਗਾਵਉ॥ *(ਪੰਨਾ ੪੭੯)*

ਪਰ ਇਸ ਮਨੁੱਖ ਵਿਚ ਹਰ ਪਸ਼ੂ ਦੇ ਸੰਸਕਾਰ ਕੰਮ ਕਰਦੇ ਹਨ। ਮੈਂ ਇਕ ਹਕਾਇਤ ਪੜ੍ਹੀ ਸੀ।

ਇਕ ਗਰੀਬ ਲਕੜਹਾਰਾ ਜੰਗਲ ਵਿਚੋਂ ਲੱਕੜਾਂ ਇਕਠੀਆਂ ਕਰਕੇ ਲੈ ਕੇ ਆਇਆ। ਰਸਤੇ ਵਿਚ ਆਉਂਦਿਆਂ ਇਕ ਅਵਾਰਾ ਕੁੱਤੇ ਨੇ ਉਸ ਲਕੜਹਾਰੇ ਦੇ ਪੈਰ ਤੇ ਕੱਟ ਖਾਧਾ। ਜਖਮੀ ਹੋਇਆ ਲਕੜਹਾਰਾ ਘਰ ਪਹੁੰਚਿਆ ਉਸ ਲਕੜਹਾਰੇ

ਦੀ ਬੱਚੀ ਨੇ ਪੁਛਿਆ ਅੱਬਾ! ਤੇਰੇ ਪੈਰ ਤੇ ਕੀ ਹੋਇਆ ਹੈ? ਤਾਂ ਲਕੜਹਾਰੇ ਨੇ ਕਿਹਾ:-

ਕਿ ਮੇਰੇ ਪੈਰ ਤੇ ਅਵਾਰਾ ਕੁੱਤੇ ਨੇ ਕੱਟ ਖਾਧਾ ਹੈ, ਤਾਂ ਉਹ ਬੱਚੀ ਕਹਿਣ ਲੱਗੀ ਅੱਬਾ! ਕੀ ਤੇਰੇ ਇੰਨੇ ਤਿਖੇ ਦੰਦ ਨਹੀਂ ਸਨ। ਤੂੰ ਉਸ ਕੁੱਤੇ ਨੂੰ ਕੱਟ ਖਾਣਾ ਸੀ। ਤਾਂ ਉਸ ਗਰੀਬ ਲਕੜਹਾਰੇ ਨੇ ਆਪਣੀ ਬੱਚੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ ਕਿ:

ਨਹੀਂ ਬੇਟਾ! ਮੇਰੇ ਕੋਲੋਂ ਕੁੱਤਿਆਂ ਵਾਂਗ ਨਹੀਂ ਕਟਿਆ ਜਾਂਦਾ। ਮੈਂ ਇਨਸਾਨ ਹਾਂ ਤੇ ਕੁੱਤਿਆਂ ਵਾਲੇ ਕੰਮ ਮੈਂ ਨਹੀਂ ਕਰ ਸਕਦਾ। ਕੁੱਤਾ, ਕੁੱਤੇ ਨੂੰ ਕਟਦਾ ਹੈ, ਜੇ ਬੰਦਾ ਵੀ ਬੰਦੇ ਨੂੰ ਕੱਟਦਾ ਹੀ ਫਿਰੇ, ਤਾਂ ਫਿਰ ਕੁੱਤੇ ਵਿਚ ਤੇ ਬੰਦੇ ਵਿਚ ਫਰਕ ਕੀ ਹੋਇਆ?

ਪਰ ਅੱਜ ਦੇ ਮਨੁੱਖ ਵਿਚ ਮਨੁੱਖਤਾ ਘਟ ਹੈ ਤੇ ਪਸ਼ੂਪੁਣਾ ਜ਼ਿਆਦਾ ਹੈ। ਇਸ ਦਾ ਕਾਰਨ ਹੈ ਕਿ ਮਨੁੱਖ ਨੇ ਆਪਣੇ ਸੰਸਕਾਰ ਜੋ ਇਸ ਨੂੰ ਪਹਿਲੇ ਜਨਮਾਂ ਤੋਂ ਪ੍ਰਾਪਤ ਹੋਏ ਸਨ, ਉਹ ਵੀ ਸਾਫ ਨਹੀਂ ਕੀਤੇ? ਬਲਕਿ ਹੋਰ ਵੀ ਇਸ ਜਨਮ ਵਿਚ ਸੰਸਕਾਰਾਂ ਦਾ ਬੰਧਨ ਬੰਨ੍ਹ ਲਿਆ ਹੈ। ਇਹ ਜੋ ਸੰਸਕਾਰਾਂ ਦੇ ਬੰਧਨ ਹਨ ਇਹ ਆਦਮੀ ਨੂੰ ਮੁਕਤੀ (ਮੋਖਸ਼) ਨਹੀਂ ਪਾਉਣ ਦੇਂਦੇ। ਆਦਮੀ ਸੰਸਕਾਰਾਂ ਦੀ ਵਜਾਹ ਕਰਕੇ ਬਾਰ-ਬਾਰ ਜੰਮਦਾ ਹੈ ਅਤੇ ਮਰ ਜਾਂਦਾ ਹੈ। ਜੰਮਣ ਮਰਨ ਦਾ ਗੇੜ ਨਿਰੰਤਰ ਚਲਦਾ ਹੀ ਰਹਿੰਦਾ ਹੈ।

ਕਪਲ ਮੁਨੀ ਦੇ ਬਾਰੇ ਵਿਚ ਮੈਂ ਕਥਾ ਪੜ੍ਹੀ ਸੀ ਕਿ ਉਸ ਦੀ ਸੁਰਤ ਨੂੰ ਇਕ ਹਰਨੀ ਦੇ ਬੱਚੇ ਨੇ ਰੋਕ ਲਿਆ ਸੀ। ਆਪਣੇ ਬੱਚਿਆਂ ਦਾ ਮੋਹ ਤਾਂ, ਬੰਧਨ ਪਾਉਂਦਾ ਹੀ ਹੈ ਪਰ ਕਪਲ ਮੁਨੀ ਜੋ ਕਿ ਛੇ ਸ਼ਾਸਤਰਾਂ 'ਚੋਂ ਇਕ ਦਾ ਕਰਤਾ ਹੈ, ਏਨੇ ਵੱਡੇ ਗਿਆਨੀ ਦੀ ਸੁਰਤ ਨੂੰ ਕੇਵਲ ਇਕ ਹਰਨੀ ਦੇ ਬੱਚੇ ਨੇ ਹੀ ਰੋਕ ਲਿਆ ਤੇ ਮੁਕਤ ਨਾ ਹੋਣ ਦਿੱਤਾ।

ਇਹ ਕਥਾ ਤਾਂ ਬੜੀ ਲੰਮੀ ਚੌੜੀ ਹੈ, ਪਰ ਮੈਂ ਸੰਖ਼ਿਪਤ ਵਿਚ ਕਹਿਣ ਦਾ ਯਤਨ ਕਰਦਾ ਹਾਂ। ਕਪਲ ਮੁਨੀ ਬੜਾ ਵੱਡਾ ਸ਼ਾਸਤਰ ਕਰਤਾ ਸੀ। ਏਨਾ ਗਿਆਨੀ ਸੀ ਕਿ ਆਪਣੇ ਬੁੱਢੇ ਵੇਲੇ ਆਪਣੇ ਸਾਰੇ ਸਿੱਖ ਸੇਵਕਾਂ ਨੂੰ ਉਸ ਨੇ ਬੜੇ ਮਾਣ ਨਾਲ ਕਿਹਾ ਕਿ ਜਦੋਂ ਮੈਂ ਮਰਾਂਗਾ ਤਾਂ ਮੇਰੇ ਸਾਰੇ ਆਸ਼ਰਮ ਦੇ ਘੜਿਆਲ ਆਪਣੇ ਆਪ ਖੜਕਣਗੇ। ਮੇਰੇ ਆਸ਼ਰਮ ਦੇ ਸੰਖ ਆਪਣੇ ਆਪ ਵੱਜਣੇ ਸ਼ੁਰੂ ਹੋ ਜਾਣਗੇ। ਮੇਰੇ ਮਰਨ ਤੋਂ ਬਾਅਦ ਮੇਰੇ ਮੁਕਤ ਹੋਣ ਦੀ ਇਹ ਨਿਸ਼ਾਨੀ ਹੋਵੇਗੀ, ਕਿ ਸਾਰੇ ਘੜਿਆਲ ਆਪਣੇ ਆਪ ਵੱਜਣਗੇ। ਸਾਰੇ ਸਿੱਖ ਸੇਵਕ ਬੜੇ ਅਚੰਭੇ ਵਿਚ ਸਨ ਕਿ ਅੱਜ ਤਕ ਕਿਸੇ ਦੀ ਮੌਤ ਵੇਲੇ ਇਸ ਤਰ੍ਹਾਂ ਹੋਇਆ ਤਾਂ ਨਹੀਂ, ਪਰ ਸਾਡਾ ਗੁਰੂ ਕਪਿਲ, ਪੂਰਨ ਗੁਰੂ ਹੈ। ਇਸ ਦਾ ਕਿਹਾ ਝੂਠਾ ਵੀ ਨਹੀਂ ਹੋ ਸਕਦਾ। ਜੋ ਇਹ ਕਹਿੰਦਾ ਹੈ, ਉਹ ਹੁੰਦਾ ਹੀ ਹੁੰਦਾ ਹੈ। ਇਸ ਤਰ੍ਹਾਂ ਸਭ ਨੂੰ ਪਤਾ ਲਗ ਗਿਆ, ਕਿ ਕਪਿਲ ਮੁਨੀ ਨੇ ਕੀ

ਕਿਹਾ ਹੈ। ਸਮਾਂ ਬੀਤਣ ਲਗਾ! ਇਕ ਦਿਨ ਦੀ ਘਟਨਾ ਹੈ ਕਿ ਬੁੱਢਾ ਕਪਿਲ ਆਪਣੇ ਆਸ਼ਰਮ ਵਿਚ ਸਰਦੀਆਂ ਦੇ ਸੂਰਜ ਦੀ ਧੁੱਪ ਵਿਚ ਮੰਜਾ ਡਾਹੀ ਇਕੱਲਾ ਬੈਠਾ ਸੀ। ਅਚੇਤ ਹੀ ਇਕ ਮ੍ਰਿਗ ਦਾ ਮਾਸੂਮ ਬੱਚਾ ਜੰਗਲ ਵਿਚੋਂ ਭਟਕਿਆ ਹੋਇਆ, ਕਪਿਲ ਦੇ ਸਾਹਮਣੇ ਆ ਖਲੋਤਾ। ਬੱਚਾ ਬਹੁਤ ਹੀ ਮਾਸੂਮ, ਬਿਲਕੁਲ ਅਜੇ ਪੰਜ ਜਾਂ ਦਸ ਦਿਨ ਦਾ। ਸ਼ਾਇਦ ਕਿਸੇ ਸ਼ਿਕਾਰੀ ਨੇ ਇਸ ਦੀ ਮਾਂ ਨੂੰ ਮਾਰ ਦਿੱਤਾ ਹੋਵੇ। ਬੱਚਾ ਏਨਾ ਛੋਟਾ ਸੀ, ਕਿ ਦੁੱਧ ਤੋਂ ਬਿਨਾਂ ਬਚ ਨਹੀਂ ਸਕਦਾ ਸੀ। ਬੁੱਢੇ ਕਪਿਲ ਨੇ ਉਸ ਮਾਸੂਮ ਬੱਚੇ ਨੂੰ ਪਕੜਿਆ ਤੇ ਪਿਆਰ ਨਾਲ ਉਸ ਦੇ ਸਿਰ ਤੇ ਹੱਥ ਫੇਰਨ ਲਗਾ। ਆਸ਼ਰਮ ਵਿਚੋਂ ਦੁੱਧ ਮੰਗਵਾ ਕੇ, ਉਸ ਬੱਚੇ ਨੂੰ ਪਿਲਾਇਆ ਗਿਆ। ਫੇਰ ਉਸ ਬੱਚੇ ਨੂੰ ਕਪਿਲ ਨੇ ਆਪਣੇ ਆਸ਼ਰਮ ਵਿਚ ਹੀ ਰੱਖ ਲਿਆ। ਉਸ ਮ੍ਰਿਗ ਦੇ ਬੱਚੇ ਨਾਲ ਕਪਿਲ ਦਾ ਮੋਹ ਵਧਣਾ ਸ਼ੁਰੂ ਹੋ ਗਿਆ। ਬੁੱਢਾ ਕਪਿਲ ਉਸ ਬੱਚੇ ਨੂੰ ਏਨੇ ਮੋਹ ਨਾਲ ਖੁਆਉਂਦਾ ਸੀ, ਪਿਆਉਂਦਾ ਸੀ ਅਤੇ ਨਹਾਉਂਦਾ ਵੀ ਸੀ। ਉਹ ਬੱਚਾ ਵੀ ਹੁਣ ਕਪਿਲ ਦੇ ਪੈਰਾਂ ਤੇ ਆਪਣਾ ਸਿਰ ਰੱਖ ਕੇ ਸੌਂਦਾ ਸੀ। ਬੜੇ ਲਗਾਉ ਨਾਲ ਬੁੱਢੇ ਕਪਿਲ ਨੇ ਉਸ ਹਿਰਨੀ ਦੇ ਮਾਸੂਮ ਬੱਚੇ ਦੀ ਦੇਖ ਰੇਖ ਕਰਨੀ ਅਰੰਭ ਕੀਤੀ। ਇਕ ਦਿਨ ਐਸਾ ਆਇਆ ਬੁੱਢੇ ਕਪਿਲ ਕੋਲੋਂ ਬੀਮਾਰੀ ਤੇ ਬੁਢੇਪੇ ਦੇ ਆਲਮ ਕਰਕੇ ਆਪਣੇ ਬਿਸਤਰ ਤੋਂ ਉਠਿਆ ਨਾ ਗਿਆ। ਕਪਿਲ ਨੂੰ ਲਗਿਆ ਕਿ ਇਹ ਮੇਰਾ ਸਰੀਰ ਹੁਣ ਮੇਰਾ ਸਾਥ ਛੱਡਦਾ ਜਾਂਦਾ ਹੈ। ਸ਼ਾਇਦ ਹੁਣ ਮੈਂ ਬਿਸਤਰ ਤੋਂ ਉਠ ਵੀ ਨਾ ਸਕਾਂ। ਕਪਿਲ ਮੁਨੀ ਸੋਚਣ ਲਗਾ ਕਿ ਹੋਰ ਤਾਂ ਠੀਕ ਹੈ, ਪਰ ਜੇ ਮੈਂ ਸਰੀਰ ਛੱਡ ਗਿਆ ਤਾਂ ਇਸ ਹਿਰਨ ਦੇ ਮਾਸੂਮ ਬੱਚੇ ਦੀ ਦੇਖ ਰੇਖ ਕੌਣ ਕਰੇਗਾ? ਕਪਿਲ ਮੁਨੀ ਦੇ ਸਾਰੇ ਸਿੱਖ ਸੇਵਕ, ਕਪਿਲ ਨੂੰ ਬਿਸਤਰ ਵਿਚ ਪਿਆ ਦੇਖ ਕੇ ਇਕੱਠੇ ਹੋ ਗਏ। ਕਪਿਲ ਆਪਣੇ ਆਖਰੀ ਸਾਹ ਗਿਣ ਰਿਹਾ ਸੀ। ਪਰ ਅੰਤ ਸਮੇਂ ਸੋਚਦਾ ਹੈ ਕਿ ਹੋਰ ਤਾਂ ਸਭ ਠੀਕ ਹੈ, ਪਰ ਇਸ ਮਾਸੂਮ ਬੱਚੇ ਨੂੰ ਪਤਾ ਨਹੀਂ ਮੇਰੇ ਤੋਂ ਬਾਅਦ ਕੋਈ ਸੰਭਾਲੇਗਾ ਕਿ ਨਹੀਂ। ਇਸ ਚਿੰਤਾ ਵਿਚ ਹੀ ਸੀ ਕਿ ਕਪਿਲ ਮੁਨੀ ਦੇ ਸੁਆਸ ਟੁਟ ਗਏ।

ਹੁਣ ਕਪਿਲ ਮੁਨੀ ਤਾਂ ਚਲਾ ਗਿਆ, ਪਰ ਸਾਰੇ ਸਿੱਖ ਸੇਵਕ ਆਸ਼ਰਮ ਦੇ ਸੰਖਾਂ ਤੇ ਘੜਿਆਲਾਂ ਵੱਲ ਦੇਖਣ ਲਗੇ। ਉਹ ਆਪਣੇ ਆਪ ਵਜਣਗੇ। ਪਰ ਕੋਈ ਘੜਿਆਲ ਨਾ ਵੱਜਿਆ ਤੇ ਨਾ ਹੀ ਕਿਸੇ ਸੰਖ ਵਿਚੋਂ ਆਵਾਜ਼ ਆਈ। ਸਾਰੇ ਚੇਲੇ ਬੜੇ ਦੁਖੀ ਹੋਏ ਕਿ ਇਹ ਘੜਿਆਲ ਤੇ ਸੰਖ ਵਜਦੇ ਕਿਉਂ ਨਹੀਂ? ਕਿਉਂਕਿ ਸਭ ਸਿੱਖ ਸੇਵਕਾਂ ਨੂੰ ਪੂਰਨ ਭਰੋਸਾ ਸੀ ਕਿ ਸਾਡਾ ਗੁਰੂ ਕਪਿਲ ਮੁਨੀ ਪੂਰਨ ਗੁਰੂ ਹੈ, ਅਤੇ ਉਹ ਜਨਮ ਮਰਨ ਦਾ ਪੂਰਾ ਗਿਆਨੀ ਹੈ। ਉਸ ਦਾ ਕਿਹਾ ਹੋਇਆ ਕਦੇ ਝੂਠ ਨਹੀਂ ਹੋ ਸਕਦਾ। ਇਹ ਘੜਿਆਲ ਤੇ ਸੰਖ ਜ਼ਰੂਰ ਵਜਣਗੇ। ਕਈ ਦਿਨਾਂ ਤਕ ਸਾਰੇ ਸਿੱਖ ਸੇਵਕ ਕਪਿਲ ਦੀ ਲਾਸ਼ ਰੱਖ ਕੇ ਸੋਗ ਮਨਾਉਂਦੇ ਰਹੇ ਅਤੇ ਆਸ਼ਰਮ ਦੇ

ਸੰਖਾਂ ਤੇ ਘੜਿਆਲਾਂ ਦੀ ਤਰਫ ਦੇਖਦੇ ਰਹੇ ਕਿ ਕਦੋਂ ਵਜਣਗੇ? ਇਹ ਕਥਾ ਬੜੀ ਵੱਡੀ ਹੈ, ਪਰ ਮੈਂ ਏਥੇ ਹੀ ਮੁਕਦੀ ਗੱਲ ਕਰ ਦਿਆਂ ਕਿ ਅਖੀਰ ਓਥੇ ਨਾਰਦ ਪਹੁੰਚਿਆ ਤੇ ਉਸ ਨੇ ਕਪਿਲ ਮੁਨੀ ਦੇ ਸਾਰੇ ਸਿੱਖ ਸੇਵਕਾਂ ਨੂੰ ਦਸਿਆ ਕਿ ਇਹ ਘੜਿਆਲ ਤੇ ਸੰਖ ਨਹੀਂ ਵਜਣੇ। ਚੇਲੇ ਕਹਿਣ ਲਗੇ ਕਿ "ਇਹ ਹੋ ਨਹੀਂ ਸਕਦਾ, ਕਿਉਂਕਿ ਸਾਡਾ ਗੁਰੂ ਸਾਨੂੰ ਕਹਿ ਕੇ ਗਿਆ ਹੈ ਕਿ ਮੇਰੀ ਮੁਕਤੀ ਦੀ ਇਹੀ ਨਿਸ਼ਾਨੀ ਹੋਵੇਗੀ। ਆਸ਼ਰਮ ਦੇ ਸਾਰੇ ਘੜਿਆਲ ਆਪਣੇ ਆਪ ਵਜਣਗੇ। ਸਾਡਾ ਗੁਰੂ ਕਪਿਲ ਪੂਰਨ ਗੁਰੂ ਸੀ ਤੇ ਹੋ ਨਹੀਂ ਸਕਦਾ ਕਿ ਉਸ ਦਾ ਕਿਹਾ ਹੋਇਆ ਪੂਰਾ ਨਾ ਹੋਵੇ।" ਨਾਰਦ ਨੇ ਸਮਝਾਇਆ ਕਿ ਇਹ ਘੜਿਆਲ ਸੰਖ ਤਾਂ ਹੀ ਵਜਣਗੇ। ਜੇ ਤੁਹਾਡਾ ਗੁਰੂ ਮੁਕਤ ਹੋਇਆ ਹੋਵੇਗਾ ਤਾਂ। ਉਹ ਮੁਕਤ ਨਹੀਂ ਹੋਇਆ, ਬਲਕਿ ਕਿਸੇ ਹਰਨੀ ਦੇ ਗਰਭ ਵਿਚ ਹਿਰਨ ਬਣ ਕੇ ਚਲਾ ਗਿਆ ਹੈ। ਹੁਣ ਕਪਿਲ ਦੀ ਲਾਸ਼ ਦੁਆਲੇ ਘੜਿਆਲਾਂ ਦੇ ਵਜਣ ਦੀ ਆਸ ਵਿਚ ਬੈਠੇ ਰਹਿਣਾ ਬੇਵਕੂਫੀ ਹੈ। ਹੁਣ ਇਸ ਲਾਸ਼ ਨੂੰ ਸਸਕਾਰ ਕਰ ਦਿਉ। ਅਖੀਰ ਤੇ ਸਾਰੇ ਸਿੱਖ ਸੇਵਕਾਂ ਨੂੰ ਇਹ ਯਕੀਨ ਕਰਨਾ ਹੀ ਪਿਆ ਕਿ ਉਹਨਾਂ ਦਾ ਗੁਰੂ ਕਪਿਲ ਮੁਕਤ ਨਹੀਂ ਹੋਇਆ।

ਉਸ ਦੀ ਸੁਰਤ ਨੂੰ ਹੋਰ ਕਿਸੇ ਨੇ ਨਹੀਂ ਰੋਕਿਆ, ਕੇਵਲ ਇਕ ਮ੍ਰਿਗ ਦੇ ਬੱਚੇ ਦੇ ਮੋਹ ਦੀ ਤੰਦ ਨੇ ਕਪਿਲ ਮੁਨੀ ਦੀ ਸੁਰਤ ਨੂੰ ਬੰਧਨ ਪਾ ਲਿਆ। ਹੋਰ ਬੰਧਨ ਸਾਰੇ ਹੀ ਕਪਿਲ ਨੇ ਇਕ ਇਕ ਕਰਕੇ ਖੋਲ੍ਹ ਦਿੱਤੇ ਸਨ। ਪਰ ਮੋਹ ਦੇ ਬੰਧਨ ਨੇ ਬਾਰੀਕ ਤੰਦ ਬਣ ਕੇ ਸੁਰਤ ਨੂੰ ਬੰਨ੍ਹ ਰੱਖਿਆ ਹੈ। ਹੁਣ ਜੇ ਵਿਚਾਰ ਕੀਤੀ ਜਾਵੇ ਤਾਂ ਕਪਿਲ ਨੂੰ ਤਾਂ ਇਕ ਮ੍ਰਿਗ ਦੇ ਬੱਚੇ ਦਾ ਮੋਹ ਹੀ ਮੁਕਤ ਨਹੀਂ ਹੋਣ ਦੇਂਦਾ ਤੇ ਅਸੀਂ ਤਾਂ ਮੋਹ ਵਿਚ ਗ੍ਰਸੇ ਹੋਏ ਹਾਂ।

ਪੰਕਜ ਮੋਹ ਪਗੁ ਨਹੀ ਚਾਲੈ, ਹਮ ਦੇਖਾ ਤਹ ਡੂਬੀਅਲੇ॥
ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ॥

(ਪੰਨਾ ੧੨)

ਦਰਅਸਲ ਇਹ ਹਕੀਕਤ ਹੈ ਕਿ ਸਾਡੇ ਜਨਮ ਜਨਮਾਤਰਾਂ ਦੇ ਸੰਸਕਾਰ ਹੀ ਨਹੀਂ ਸਾਡਾ ਪਿੱਛਾ ਛੱਡਦੇ, ਤੇ ਅਗੋਂ ਇਸ ਵਰਤਮਾਨ ਸਰੀਰ ਦੇ ਸੰਸਕਾਰ ਵੀ ਨਾਲ ਹੀ ਬੰਧਨ ਪਾ ਰਹੇ ਹਨ। ਇਸ ਵਾਸਤੇ ਮਨੁੱਖ ਦਾ ਮੋਖਸ਼ ਹੋਣਾ ਬਹੁਤ ਮੁਸ਼ਕਿਲ ਹੈ। ਜਿਸ ਨੂੰ ਚਿਤਰ ਗੁਪਤ ਆਖਿਆ ਜਾਂਦਾ ਹੈ, ਇਹ ਕੋਈ ਹੋਰ ਨਹੀਂ, ਇਹ ਸਾਡੇ ਸੰਸਕਾਰਾਂ ਦਾ ਹੀ "ਗੁਪਤ ਚਿੱਤਰ" ਹੈ। ਚਿੱਤਰ ਗੁਪਤ ਬਾਰੇ ਸਨਾਤਨ ਧਾਰਨਾ ਇਸ ਤਰ੍ਹਾਂ ਹੈ ਕਿ ਜੀਵ ਦੇ ਸੱਜੇ ਖੱਬੇ ਮੋਢੇ ਤੇ ਚਿੱਤਰ ਗੁਪਤ ਬੈਠੇ ਰਹਿੰਦੇ ਹਨ ਅਤੇ ਉਹ ਕਿਸੇ ਨੂੰ ਵੀ ਦਿਖਾਈ ਨਹੀਂ ਦੇਂਦੇ। ਪਰ ਉਹਨਾਂ ਦੀ ਡਿਊਟੀ ਧੁਰੋਂ ਧਰਮਰਾਜ ਵਲੋਂ ਲਗੀ ਹੋਈ ਹੈ ਕਿ ਤੁਸੀਂ ਇਸ ਜੀਵ ਦੇ ਕਰਮਾਂ ਦਾ ਹਿਸਾਬ ਰਖਣਾ ਹੈ। ਜਦੋਂ ਜੀਵ ਦੇ ਸਰੀਰ ਦੀ ਮੌਤ ਹੁੰਦੀ ਹੈ, ਤਾਂ ਜੀਵ ਨੂੰ ਧਰਮ ਰਾਜ ਕੋਲ ਪੇਸ਼ ਕੀਤਾ ਜਾਂਦਾ

ਹੈ। ਧਰਮ ਰਾਜ ਫਿਰ ਚਿੱਤਰ ਗੁਪਤ ਨੂੰ ਬੁਲਾਉਂਦਾ ਹੈ ਕਿ ਇਸ ਜੀਵ ਦਾ ਹਿਸਾਬ ਦਿਖਾਓ? ਚਿੱਤਰ ਗੁਪਤ ਨੇ ਜੋ ਸਾਰੀ ਜ਼ਿੰਦਗੀ ਦੇ ਚੰਗੇ ਬੁਰੇ ਕਰਮਾਂ ਦਾ ਹਿਸਾਬ ਕੀਤਾ ਹੁੰਦਾ ਹੈ, ਉਹ ਧਰਮ ਰਾਜ ਕੋਲ ਪੇਸ਼ ਕਰਦੇ ਹਨ। ਕਹਿੰਦੇ ਹਨ ਕਿ ਉਹ ਜੀਵ ਦੇ ਕਰਮਾਂ ਦੇ ਹਿਸਾਬ ਕਿਤਾਬ ਨੂੰ ਧਰਮ ਰਾਜ ਫਿਰ ਵਿਚਾਰ ਕਰਦਾ ਹੈ।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (ਜਪੁ ਜੀ ਸਲੋਕ)

ਚੰਗੇ ਮੰਦੇ ਕਰਮਾਂ ਦੇ ਸੰਸਕਾਰਾਂ ਨੂੰ ਧਰਮਰਾਜ ਜਦੋਂ ਵਿਚਾਰ ਕਰ ਲੈਂਦਾ ਹੈ ਤਾਂ, ਉਹਨਾਂ ਚੰਗੇ ਕਰਮਾਂ ਸਦਕਾ, ਮਨੁੱਖ ਨੂੰ ਅਗੋਂ ਚੰਗਾ ਜਨਮ ਮਿਲ ਜਾਂਦਾ ਹੈ, ਪਰ ਮੰਦੇ ਕਰਮਾਂ ਕਰਕੇ ਅਗੋਂ ਮੰਦਾ ਜਨਮ ਮਿਲ ਜਾਦਾ ਹੈ। ਪਰ ਕੋਈ ਕੋਈ ਐਸਾ ਮਹਾਂਪੁਰਖ ਵੀ ਧਰਮਰਾਜ ਕੋਲ ਪਹੁੰਚ ਜਾਂਦਾ ਹੈ ਕਿ ਉਸ ਦੇ ਹਿਸਾਬ ਕਿਤਾਬ ਵਿਚ ਕੁਝ ਵੀ ਨਹੀਂ ਲਿਖਿਆ ਹੁੰਦਾ। ਲੇਖਾ ਹੀ ਸਾਫ ਹੋਇਆ ਹੁੰਦਾ ਹੈ। ਧਰਮ ਰਾਜ ਫਿਰ ਚਿੱਤਰ ਗੁਪਤ ਨੂੰ ਪੁੱਛਦਾ ਹੈ ਕਿ ਇਸ ਦੇ ਲੇਖੇ ਵਿਚ ਤੁਸਾਂ ਕੁਝ ਵੀ ਨਹੀਂ ਲਿਖਿਆਂ ਤਾਂ, ਚਿੱਤਰ ਗੁਪਤ ਕਹਿੰਦੇ ਹਨ ਕਿ ਇਸ ਨੇ ਬੜੀ ਮੁਸ਼ਕਤ ਘਾਲ ਕੇ ਪ੍ਰਭੂ ਦਾ ਨਾਮ ਧਿਆਇਆ ਹੈ, ਜਿਸ ਕਰਕੇ ਇਸ ਦੇ ਕਰਮਾਂ ਦੇ ਸੰਸਕਾਰ ਹੀ ਸਾਫ ਹੋ ਗਏ ਹਨ। ਇਹ ਪਾਪ ਤੋਂ ਉੱਚਾ ਹੈ ਅਤੇ ਪੁੰਨ ਤੋਂ ਵੀ ਉੱਚਾ ਹੈ। ਦੁੱਖਾਂ ਤੋਂ ਉੱਚਾ ਹੈ ਇਸ ਕਰਕੇ ਇਸ ਦੇ ਲੇਖਾਂ ਵਿਚ ਕੇਵਲ ਗੁਰੂ ਦੀ ਕ੍ਰਿਪਾ ਅਤੇ ਪ੍ਰਭੂ ਦਾ ਨਾਮ ਹੀ ਲਿਖਿਆ ਹੈ। ਐਸਾ ਵੇਖ ਕੇ ਧਰਮਰਾਜ, ਮਹਾਂਪੁਰਖਾਂ ਦੇ ਲੇਖੇ ਵਾਲਾ ਕਾਗਜ ਹੀ ਫਾੜ ਦੇਂਦਾ ਹੈ ਅਤੇ ਆਪ ਉਠ ਕੇ ਮਹਾਂਪੁਰਖਾਂ ਨੂੰ ਨਮਸਕਾਰ ਕਰਦਾ ਹੈ।

ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥
ਧਰਮ ਰਾਇ ਅਬ ਕਹਾ ਕਰੈਗੋ ਫਾਟਿਓ ਸਗਲੋ ਲੇਖਾ॥ (ਪੰਨਾ ੬੧੪)
ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥ (ਪੰਨਾ ੬੯੮)

ਕਹਿੰਦੇ ਹਨ ਕਿ ਧਰਮਰਾਜ ਐਸੇ ਮਹਾਂਪੁਰਖਾਂ ਨੂੰ ਉਠ ਕੇ ਨਮਸਕਾਰ ਕਰਦਾ ਹੈ ਅਤੇ ਆਪਣੇ ਨਾਲ ਲੈ ਕੇ ਪ੍ਰਭੂ ਨਾਲ ਮਿਲਾਉਂਦਾ ਹੈ। ਐਸੇ ਮਹਾਂਪੁਰਖ ਜੋ ਪ੍ਰਭੂ ਨਾਲ ਮਿਲਦੇ ਹਨ, ਉਹਨਾਂ ਦੇ ਨਾਲ ਗਿਆ ਧਰਮਰਾਜ ਅਤੇ ਚਿੱਤਰ ਗੁਪਤ ਵੀ ਪ੍ਰਭੂ ਦੇ ਦਰ ਦੇ ਬਾਹਰ ਹੀ ਖੜ੍ਹੇ ਰਹਿੰਦੇ ਹਨ, ਪਰ ਮਹਾਂਪੁਰਖ ਸੋ ਪੁਰਖ ਪ੍ਰਭੂ ਨਾਲ ਮਿਲ ਜਾਂਦਾ ਹੈ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ੧॥ (ਸਲੋਕ ਜਪੁ ਜੀ)

ਹੁਣ ਇਸ ਕਹਾਣੀ ਨੂੰ ਸੁਣ ਕੇ ਇਹ ਨਹੀਂ ਸਮਝ ਲੈਣਾ ਕਿ ਅਕਾਸ਼ਾਂ ਵਿਚ ਕੋਈ ਧਰਮਰਾਜ ਹੈ ਅਤੇ ਸਾਡੀ ਮੌਤ ਤੋਂ ਬਾਅਦ ਚਿੱਤਰ ਗੁਪਤ ਸਾਡਾ ਲੇਖਾ ਲੈ ਕੇ ਉਸ ਕੋਲ ਪੇਸ਼ ਕਰਨਗੇ। ਦਰਅਸਲ ਇਸ ਕਹਾਣੀ ਦੀ ਇਕ ਇਕ ਪਰਤ ਸਮਝਣ